# PUNJAB VIDHAN SABHA

## Friday, the 23rd October, 2026

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 10:00 A.M. Mr. Speaker (Sardar Kultar Singh Sandhwan) in the Chair.*

---

## STARRED QUESTIONS AND ANSWERS

**ਮਾਣਯੋਗ ਸਪੀਕਰ** : ਵਾਹਿਗੁਰੂ। ਪ੍ਰਸ਼ਨ ਕਾਲ।

**C.H.C ਹਸਪਤਾਲ, ਡੇਹਲੋਂ ਦੀਆਂ ਖਾਲੀ ਅਸਾਮੀਆਂ ਭਰਨਾ ਅਤੇ ਗ੍ਰਾਂਟ ਜਾਰੀ ਕਰਨਾ**

***2005. ਸਰਦਾਰ ਜੀਵਨ ਸਿੰਘ ਸੰਗੋਵਾਲ** : ਕੀ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

ੳ) ਕੀ ਇਹ ਠੀਕ ਹੇ ਕਿ C.H.C ਹਸਪਤਾਲ, ਡੇਹਲੋ ਹਲਕਾ ਗਿੱਲ 30 ਬਿਸਤਰਿਆਂ ਦਾ ਪਾਸ ਹੋਇਆ ਸੀ, ਜੋ ਫੰਡ ਦੀ ਕਮੀ ਕਾਰਨ ਪੂਰਾ ਨਹੀ ਹੋ ਸਕਿਆ ? ਜੇਕਰ ਹਾਂ ਤਾਂ ਇਸ ਨੂੰ ਪੂਰਾ ਕਰਨ ਲਈ ਵਿਸ਼ੇਸ਼ ਗ੍ਰਾਂਟ ਕਦੋਂ ਜਾਰੀ ਕੀਤੀ ਜਾਵੇਗੀ;

ਅ) ਇਸ ਹਸਪਤਾਲ ਦੀਆਂ ਖਾਲ੍ਹੀ ਅਸਾਮੀਆਂ ਭਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਪੀਕਰ ਸਾਹਿਬ,ਮੇਰੀ ਇਕ ਬੇਨਤੀ ਹੈ।

**ਮਾਣਯੋਗ ਸਪੀਕਰ**: ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਜਿਹੜਾ ਪ੍ਰਸ਼ਨ ਕਾਲ ਹੈ, ਇਸ ਵਿਚ ਆਪਾਂ ਕੋਈ ਹੋਰ ਗੱਲਬਾਤ ਨਾ ਕਰੀਏ। ਇਸ ਤੋਂ ਬਾਅਦ ਜੋ ਵੀ ਤੁਸੀਂ ਕਹੋਗੇ, ਆਪਾਂ ਸੁਣਾਂਗੇ।

**ਸਰਦਾਰ ਪ੍ਰਤਾਪ ਸਿੰਘ ਬਾਜਵਾ**: ਸਪੀਕਰ ਸਾਹਿਬ,ਮੇਰੀ ਇਕ ਬੇਨਤੀ ਸੁਣ ਲਓ।

**ਮਾਣਯੋਗ ਸਪੀਕਰ**: ਵੇਖੋ ਜੀ, ਪ੍ਰਸ਼ਨ ਕਾਲ ਵਿਚ ਕੋਈ ਬੇਨਤੀ ਨਹੀਂ। ਤੁਸੀਂ ਜ਼ੀਰੋ ਆਵਰ ਵਿਚ ਬੋਲ ਲੈਣਾ। ਤੁਹਾਡੀਆਂ ਹੀ ਸੁਣਨੀਆਂ ਹਨ।

**ਸਰਦਾਰ ਪ੍ਰਤਾਪ ਸਿੰਘ ਬਾਜਵਾ (ਬਿਨਾਂ ਮਾਈਕ ਤੋਂ)**: ਸਪੀਕਰ ਸਾਹਿਬ, ਇਹ ਪ੍ਰਸ਼ਨ ਕਾਲ ਹਾਊਸ ਦਾ ਹੈ। ਇਕ ਪ੍ਰਸ਼ਨ ਕਾਲ ਪੰਜਾਬ ਦੇ ਲੋਕਾਂ ਦਾ ਤੁਹਾਡੇ ਜ਼ਰੀਏ ਪੰਜਾਬ ਦੇ ਮੁੱਖ ਮੰਤਰੀ ਨੂੰ ਹੈ। ਸਰਦਾਰ ਪਰਮਿੰਦਰ ਸਿੰਘ ਛੋਟੇ ਦੇ ਕਤਲ ਮਾਮਲੇ ਵਿਚ ਉਨ੍ਹਾਂ ਦਾ ਪਰਿਵਾਰ ਮੁੱਖ ਮੰਤਰੀ ਦੇ ਅਸਤੀਫ਼ੇ ਦੀ ਮੰਗ ਕਰ ਰਿਹਾ ਹੈ ਕਿਉਂਕਿ ਉਸ ਮਾਮਲੇ

ਵਿਚ ਤੁਹਾਡੀ ਸਰਕਾਰ ਸ਼ਾਮਲ ਹੈ। ਸੋ, ਇਸ ਕਰਕੇ ਅਸੀਂ ਡਿਮਾਂਡ ਕਰਦੇ ਹਾਂ ਮੁੱਖ ਮੰਤਰੀ ਜੀ ਫਲੋਰ ਆਫ਼ ਦਿ ਹਾਊਸ ਵਿਚ ਆ ਕੇ ਅਸਤੀਫ਼ਾ ਦੇਣ।

**ਮਾਣਯੋਗ ਸਪੀਕਰ**: ਮੰਤਰੀ ਜੀ, ਤੁਸੀਂ ਆਪਣੇ ਸਵਾਲ ਦਾ ਜਵਾਬ ਦਿਓ। (ਵਿਘਨ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਆਪਣੀਆਂ ਸੀਟਾਂ ਤੇ ਖੜੇ ਹੋ ਕੇ ਮਾਣਯੋਗ ਮੁੱਖ ਮੰਤਰੀ ਜੀ ਦੇ ਅਸਤੀਫ਼ੇ ਦੀ ਮੰਗ ਕਰਦੇ ਹੋਏ ਸਰਕਾਰ ਵਿਰੋਧੀ ** ਨਾਅਰੇ ਲਗਾਉਣ ਲੱਗ ਪਏ। ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਸਾਹਿਬਾਨ ਨੇ ਹੱਥਾਂ ਵਿਚ ਕੁਝ ਪੋਸਟਰ ਅਤੇ ਬੈਨਰ ਫੜੇ ਹੋਏ ਸਨ।)

**ਡਾਕਟਰ ਬਲਬੀਰ ਸਿੰਘ:** ਸ਼੍ਰੀਮਾਨ ਜੀ,

ੳ) ਹਲਕਾ ਗਿੱਲ ਵਿੱਚ ਡੇਹਲੋਂ ਇੱਕ 30 ਬਿਸਤਰਿਆਂ ਦਾ ਮਨਜ਼ੂਰਸੁਦਾ ਕਮਿਊਨਿਟੀ ਹੈਲਥ ਸੈਂਟਰ ਹੈ, ਬਿਲਡਿੰਗ ਦੀ ਘਾਟ ਕਾਰਨ ਫਿਲਹਾਲ ਇਸ ਵਿੱਚ 15 ਬਿਸਤਰਿਆ ਦਾ ਹਸਪਤਾਲ ਹੀ ਚੱਲ ਰਿਹਾ ਹੈ। ਇਹ ਹਸਪਤਾਲ ਤਕਰੀਬਨ 10-11 ਸਾਲ ਪੁਰਾਣਾ ਹੈ ਅਤੇ ਨੇੜਲੇ 50 ਪਿੰਡਾ ਦੀ ਅਬਾਦੀ ਦੇ ਮਰੀਜ਼ਾਂ ਨੂੰ ਦੇਖਦਾ ਹੈ। ਇਸ ਹਸਪਤਾਲ ਦੀ ਬਿਲਡਿੰਗ ਨੂੰ ਪੂਰਾ ਕਰਵਾਉਣ ਲਈ ਪਲਾਨ ਸਕੀਮ ਡੀ.ਐਚ.ਐਸ-11 ਵਿੱਚ 586 ਲੱਖ ਰੁਪਏ ਦੀ ਪ੍ਰਸ਼ਾਸਕੀ ਪ੍ਰਵਾਨਗੀ ਮਿਤੀ 25.09.2026 ਨੂੰ ਪ੍ਰਾਪਤ ਹੋਈ ਹੈ। ਇਸ ਕੰਮ ਦਾ ਵਿਸਥਾਰਪੂਰਕ ਤਖਮੀਨਾ ਤਿਆਰ ਕੀਤਾ ਜਾ ਰਿਹਾ ਹੈ ਅਤੇ ਇਸ ਕੰਮ ਦਾ ਤਖਮੀਨਾ ਪ੍ਰਵਾਨਗੀ, ਟੈਂਡਰ ਪ੍ਰਕਿਰਿਆ ਨੂੰ ਲਗਭਗ 04 ਮਹੀਨਿਆਂ ਦਾ ਸਮਾਂ ਲੱਗੇਗਾ ਅਤੇ ਉਸ ਤੋਂ ਬਾਅਦ ਇਸ ਕੰਮ ਨੂੰ ਵਿਧੀਪੂਰਵਕ ਸ਼ੁਰੂ ਕਰਨ ਉਪਰੰਤ 15 ਮਹੀਨਿਆਂ ਵਿੱਚ ਮੁਕੰਮਲ ਕਰ ਦਿੱਤਾ ਜਵੇਗਾ।

ਅ) C.H.C ਹਸਪਤਾਲ, ਡੇਹਲੋਂ ਇਸ ਹਸਤਪਾਲ ਦੀਆਂ ਖਾਲੀ ਅਸਾਮੀਆਂ ਨੂੰ ਭਰਨ ਸਬੰਧੀ ਵੇਰਵਾ :-

- ਮੌਜੂਦਾ ਸਮੇਂ ਵਿੱਚ ਸੀ.ਐਚ.ਸੀ ਡੇਹਲੋਂ ਵਿਖੇ ਸੀਨੀਅਰ ਮੈਡੀਕਲ ਅਫਸਰ ਦੀ ਇੱਕ ਅਸਾਮੀ ਮਨਜੂਰਸੁਦਾ ਹੈ ਜੋ ਕੀ ਭਰੀ ਹੋਈ ਹੈ। ਮੈਡੀਕਲ ਅਫਸਰ (ਸਪੈਸ਼ਲਿਸਟ) ਦੀਆਂ 04 ਅਸਾਮੀਆਂ ਮੰਨਜ਼ੂਰਸੁਦਾ ਹਨ, ਜਿਹਨਾਂ ਵਿੱਚੋਂ 01 ਅਸਾਮੀ ਭਰੀ ਹੋਈ ਹੈ ਅਤੇ 03 ਅਸਾਮੀਆਂ ਖਾਲੀ ਹਨ। ਮੈਡੀਕਲ ਅਫਸਰ (ਜਨਰਲ) ਦੀਆ 04 ਅਸਾਮੀਆਂ ਮੰਨਜ਼ੂਰਸ਼ਦਾ ਹਨ, ਜਿਹਨਾਂ ਵਿੱਚੋਂ 02 ਅਸਾਮੀਆਂ ਭਰੀਆਂ ਹੋਈਆਂ ਹਨ, 02 ਅਸਾਮੀਆਂ ਖਾਲੀ ਹਨ। ਮੈਡੀਕਲ ਅਫਸਰ (ਡੈਂਟਲ) ਦੀ ਇੱਕ ਅਸਾਮੀ ਮਨਜ਼ੂਰਸ਼ਦਾ ਹੈ ਜੋ ਕਿ ਭਰੀ ਹੋਈ ਹੈ। ਇਸ ਦੇ ਨਾਲ ਹੀ ਇਹ ਵੀ ਸੂਚਿਤ ਕੀਤਾ ਜਾਂਦਾ ਹੈ ਕਿ ਇਸ ਸੰਸਥਾ ਵਿਖੇ 01 ਹੋਮਿਓਪੈਥੀ ਮੈਡੀਕਲ ਅਫਸਰ, 01 ਹੋਮਿਓਪੈਥੀ ਡਿਸਪੈਂਸਰ ਅਤੇ 01 ਸੀ.ਐੱਚ.ਓ ਐੱਨ.ਐੱਚ.ਐੱਮ ਅਧੀਨ ਤੈਨਾਤ ਹੈ। ਇਸ ਤੋਂ ਇਲਾਵਾ ਦੱਸਣਯੋਗ ਹੈ ਕਿ 630 ਮੈਡੀਕਲ ਅਫਸਰ (ਜਨਰਲ) ਦੀ ਭਰਤੀ ਸਬੰਧੀ ਇਸ਼ਤਿਹਾਰ ਜਾਰੀ ਕੀਤਾ ਜਾ ਚੁੱਕਾ ਹੈ

- ਸਟਾਫ ਨਰਸ ਦੀਆਂ 07 ਅਸਾਮੀਆਂ ਮਨਜ਼ੂਰਸ਼ਦਾ ਹਨ, ਜੋ ਕਿ ਭਰੀਆਂ ਹੋਈਆਂ ਹਨ।

- ਫਾਰਮਾਸਿਸਟ ਦੀਆਂ 03 ਅਸਾਮੀਆਂ ਮਨਜ਼ੂਰਸ਼ੁਦਾ ਹਨ, ਜਿਹਨਾਂ ਵਿੱਚੋਂ 01 ਅਸਾਮੀ ਭਰੀ ਹੋਈ ਹੈ ਅਤੇ 02 ਅਸਾਮੀਆਂ ਖਾਲੀ ਹਨ। ਫਾਰਮੇਸੀ ਅਫਸਰਾਂ ਦੀ ਖਾਲੀ ਅਸਾਮੀਆਂ ਨੂੰ ਨਵੀਂ ਭਰਤੀ ਕਰਨ ਸਮੇਂ ਜਾਂ ਆਮ ਬਦਲੀਆਂ ਰਾਹੀ ਭਰਨ ਦੇ ਉਪਰਾਲੇ ਕੀਤੇ ਜਾਣਗੇ ।

- ਐੱਮ.ਐੱਲ.ਟੀ ਗ੍ਰੇਡ-1 ਦੀ 01 ਅਸਾਮੀ ਮਨਜ਼ੂਰਸ਼ੁਦਾ ਹੈ ਜੋ ਕਿ ਭਰੀ ਹੋਈ ਹੈ। ਐਮ.ਐੱਲ.ਟੀ ਗ੍ਰੇਡ-2 ਦੀਆਂ 02 ਅਸਾਮੀਆਂ ਮੰਨਜ਼ੂਰਸ਼ਦਾ ਹਨ, ਜੋ ਕਿ ਖਾਲੀ ਹਨ। ਐੱਮ.ਐੱਲ.ਟੀ ਗ੍ਰੇਡ-2 ਦੀ ਭਰਤੀ ਪ੍ਰੀਕ੍ਰਿਆ ਕਾਰਵਾਈ ਅਧੀਨ ਹੈ।

- ਅਪਥਾਲਿਮਿਕ ਅਫਸਰ ਦੀ 01 ਅਸਾਮੀ ਮੰਨਜ਼ੂਰਸ਼ਦਾ ਹੈ ਜੋ ਕਿ ਭਰੀ ਹੋਈ ਹੈ।

- ਸਟੈਨੋਗ੍ਰਫਾਰ ਦੀ 01 ਅਸਾਮੀ ਮੰਨਜ਼ੂਰਸ਼ਦਾ ਹੈ ਜੋ ਕਿ ਭਰੀ ਹੋਈ ਹੈ। ਕਲਰਕ ਦੀ 01 ਅਸਾਮੀ ਮੰਨਜ਼ੂਰਸ਼ਦਾ ਹੈ ਜੋ ਕਿ ਖਾਲੀ ਹੈ।

- ਰੇਡੀਓਗ੍ਰਾਫਰ ਦੀ ਇੱਕ ਅਸਾਮੀ ਮੰਨਜ਼ੂਰਸ਼ਦਾ ਹੈ ਜੋ ਕਿ ਭਰੀ ਹੋਈ ਹੈ।

- ਓ.ਟੀ.ਏ ਦੀ ਇੱਕ ਅਸਾਮੀ ਮੰਨਜ਼ੂਰਸ਼ਦਾ ਹੈ ਜੋ ਕਿ ਭਰੀ ਹੋਈ ਹੈ।

- ਡਰਾਈਵਰ ਦੀਆਂ 02 ਅਸਾਮੀਆਂ ਮਨਜ਼ੂਰਸ਼ੁਦਾ ਹਨ, ਜੋ ਕਿ ਖਾਲੀ ਹਨ। ਵਾਰਡ ਅਟੈਂਡਡੇਟ ਦੀਆਂ 10 ਅਸਾਮੀਆਂ ਮਨਜ਼ੂਰਸ਼ਦਾ ਹਨ, ਜਿਹਨਾਂ ਵਿੱਚੋਂ 07 ਅਸਾਮੀਆਂ ਭਰੀਆਂ ਹੋਈਆ ਹਨ ਅਤੇ 03 ਅਸਾਮੀਆਂ ਖਾਲੀ ਹਨ। ਸਫਾਈ ਸੇਵਕ ਦੀਆਂ 06 ਅਸਾਮੀਆਂ ਮਨਜ਼ੂਰਸ਼ੁਦਾ ਹਨ, ਜਿਹਨਾਂ ਵਿੱਚੋਂ 02 ਅਸਾਮੀਆਂ ਭਰੀਆਂ ਹੋਈਆਂ ਹਨ ਅਤੇ 04 ਅਸਾਮੀਆਂ ਖਾਲੀ ਹਨ। ਇਹ ਵੀ ਸੂਚਿਤ ਕੀਤਾ ਜਾਦਾ ਹੈ ਕਿ ਗਰੁੱਪ-ਡੀ ਦੀ 391 ਅਸਾਮੀਆਂ ਦੀ ਭਰਤੀ ਕਰਨ ਲਈ ਮੁਕੰਮਲ ਤਜਵੀਜ਼/ਮਿਸਲ ਐਸ.ਐਸ.ਐਸ ਬੋਰਡ ਪੰਜਾਬ ਨੂੰ ਭੇਜੀ ਜਾ ਚੁੱਕੀ ਹੈ ਜਲਦ ਹੀ ਇਨ੍ਹਾਂ ਦੀ ਚੋਣ ਕੀਤੀ ਜਾਵੇਗੀ। ਜਿਸ ਉਪਰੰਤ ਸੀ.ਐਚ.ਸੀ ਹਸਪਤਾਲ ਡੇਹਲੋ ਵਿਖੇ ਗਰੁੱਪ ਡੀ ਦੀ ਅਸਾਮੀਆਂ ਭਰ ਦਿੱਤੀਆਂ ਜਾਣਗੀਆਂ।

- ਐੱਲ.ਐੱਚ.ਵੀ ਦੀਆਂ 02 ਅਸਾਮੀਆਂ ਮੰਨਜ਼ੂਰਸ਼ਦਾ ਹਨ ਜੋ ਕਿ ਭਰੀਆਂ ਹੋਈਆਂ ਹਨ ਅਤੇ ਮਲਟੀਪਰਪਜ਼ ਹੈਲਥ ਵਰਕਰ (ਫੀਮੇਲ) ਦੀ 01 ਅਸਾਮੀ ਮੰਨਜ਼ੂਰਸ਼ਦਾ ਹੈ ਜੋ ਕਿ ਭਰੀ ਹੋਈ ਹੈ।

- ਮਲਟੀਪਰਪਜ ਹੈਲਥ ਵਰਕਰ ਮੇਲ ਦੀ 01 ਅਸਾਮੀ ਮੰਨਜ਼ੂਰਸ਼ਦਾ ਹੈ ਜੋ ਕਿ ਭਰੀ ਹੋਈ ਹੈ।

ਸਪੀਕਰ ਸਾਹਿਬ, ਇਸ ਦੇ ਨਾਲ ਹੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਜਿਹੜੀਆਂ ਪਿਛਲੀਆਂ ਸਰਕਾਰਾਂ ਸਨ, ਜਿਹੜੀਆਂ ਨਾਅਰੇ ਲਗਾਉਣ ਵਾਲੀਆਂ ਸਰਕਾਰਾਂ ਸਨ, ਉਨ੍ਹਾਂ ਨੇ 2010 ਵਿਚ ਇਲੈਕਸ਼ਨਾਂ ਦੇ ਨੇੜੇ ਇਸ ਦਾ ਨੀਂਹ ਪੱਥਰ ਰੱਖਿਆ ਅਤੇ ਦੂਜੀ ਸਰਕਾਰ ਨੇ ਵੀ 2016 ਵਿਚ ਇਲੈਕਸ਼ਨਾਂ ਦੇ ਨੇੜੇ ਅੱਧਾ ਕੰਮ ਕਰਵਾਇਆ। ਲੇਕਿਨ ਸਾਡੀ ਸਰਕਾਰ ਨੇ ਇਸ ਦਾ ਕੰਮ ਮੁਕੰਮਲ ਕੀਤਾ। (ਵਿਘਨ)

(ਇਸ ਸਮੇਂ ਵਿਰੋਧੀ ਧਿਰ ਦੇ ਨੇਤਾ ਸਰਦਾਰ ਪ੍ਰਤਾਪ ਸਿੰਘ ਬਾਜਵਾ ਸਮੇਤ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਸਮੂਹ ਮੈਂਬਰ ਆਪਣੇ ਹੱਥਾਂ ਵਿੱਚ ਕੁਝ ਪੋਸਟਰ ਅਤੇ ਬੈਨਰ ਲਹਿਰਾ ਕੇ ਮਾਣਯੋਗ ਮੁੱਖ ਮੰਤਰੀ ਜੀ ਦੇ ਅਸਤੀਫ਼ੇ ਦੀ ਮੰਗ ਕਰਦੇ ਹੋਏ ਅਤੇ ਸਰਕਾਰ ਵਿਰੋਧੀ ** ਨਾਅਰੇ ਲਗਾਉਂਦੇ ਹੋਏ ਵੈੱਲ ਆਫ਼ ਦਿ ਹਾਊਸ ਵਿਚ ਆ ਗਏ।)

## RULING BY THE HON'BLE SPEAKER

**ਮਾਣਯੋਗ ਸਪੀਕਰ**: ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਸ਼ਬਦਾਂ ਦੀ ਮਰਿਆਦਾ ਰੱਖੀ ਜਾਵੇ ਕਿਉਂਕਿ ਪੰਜਾਬ ਦੇ ਲੋਕਾਂ ਨੇ ਸਭ ਤੋਂ ਉੱਤਮ ਸ਼ਖਸੀਅਤਾਂ ਸਮਝ ਕੇ ਆਪਾਂ ਨੂੰ ਇਸ ਅਜ਼ੀਮ ਸਦਨ ਵਿਚ ਭੇਜਿਆ ਹੈ। ਇਸ ਕਰਕੇ ਮੇਰੀ ਹਰੇਕ ਮਾਣਯੋਗ ਮੈਂਬਰ ਤੋਂ ਇਹ ਤਵੱਕੋ ਹੈ ਕਿ ਉਹ ਆਪਣੇ ਸ਼ਬਦਾਂ ਵਿਚ ਸ਼ਾਲੀਨਤਾ ਰੱਖੇ ਕਿਉਂਕਿ ਤੁਸੀਂ ਆਪਣੇ ਆਪਣੇ ਹਲਕੇ ਦੇ ਨੌਜੁਆਨਾਂ ਲਈ, ਬੱਚਿਆਂ ਲਈ, ਬੱਚੀਆਂ ਲਈ ਰੋਲ ਮਾਡਲ ਹੋ। ਕਿਤੇ ਐਸਾ ਨਾ ਹੋਵੇ ਕਿ ਤੁਹਾਡੇ ਸ਼ਬਦਾਂ ਦੀ ਚੋਣ ਕਰਕੇ ਤੁਸੀਂ ਸਾਡੀ ਆਉਣ ਵਾਲੀ ਪੀੜ੍ਹੀ ਦੀਆਂ ਨਜ਼ਰਾਂ ਤੋਂ ਡਿੱਗ ਜਾਓ। ਸੋ, ਮੈਂ ਬੇਨਤੀ ਕਰਦਾ ਹਾਂ ਕਿ ਪੰਜਾਬ ਦੇ ਲੋਕਾਂ ਦੇ ਪ੍ਰਸ਼ਨ ਲੱਗੇ ਹੋਏ ਹਨ, ਪੰਜਾਬ ਦੇ ਲੋਕਾਂ ਦੇ ਮੁੱਦੇ ਹਨ। ਸੋ, ਆਪਾਂ ਪ੍ਰਸ਼ਨ ਕਾਲ ਚੱਲਣ ਦਈਏ। ਨਾਅਰੇ ਰਿਕਾਰਡ ਨਾ ਕੀਤੇ ਜਾਣ। ਸ੍ਰੀਮਤੀ ਸਰਵਜੀਤ ਕੌਰ ਮਾਣੂੰਕੇ ਜੀ, ਤੁਸੀਂ ਆਪਣਾ ਸਵਾਲ ਪੇਸ਼ ਕਰੋ।

----

## STARRED QUESTIONS AND ANSWERS (Resumption)

### ਜਗਰਾਉਂ ਵਿੱਚ ਪੀਣ ਵਾਲੇ ਪਾਣੀ ਦੇ ਦੂਸ਼ਿਤ ਨਮੂਨਿਆਂ ਦੇ ਵੇਰਵੇ

***1909. ਸ੍ਰੀਮਤੀ ਸਰਵਜੀਤ ਕੌਰ ਮਾਣੂਕੇ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਜਗਰਾਉਂ ਵਿੱਚ ਪਿਛਲੇ ਤਿੰਨ ਸਾਲਾਂ ਦੌਰਾਨ ਪੀਣ ਵਾਲੇ ਪਾਣੀ ਦੇ ਦੂਸ਼ਿਤ ਨਮੂਨਿਆਂ ਦੀ ਗਿਣਤੀ ਕਿੰਨੀ ਮਿਲੀ ਅਤੇ ਇਸ ਸਬੰਧੀ ਲੋਕਾਂ ਦੀ ਸੁਰੱਖਿਆ ਲਈ ਕੀ ਕਦਮ ਚੁੱਕੇ ਗਏ ਹਨ ਵੇਰਵੇ ਸਹਿਤ ਦੱਸਿਆ ਜਾਵੇ। (ਵਿਘਨ)

(ਇਸ ਸਮੇਂ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਆਪਣੀ ਸੀਟ ਤੋਂ ਖੜੇ ਹੋ ਕੇ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ**: ਵਿੱਤ ਮੰਤਰੀ ਜੀ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਮਾਣਯੋਗ ਸਪੀਕਰ ਸਾਹਿਬ, ਇਹ ਜਿਹੜੇ ਕਾਂਗਰਸੀ ਭਰਾ, ਜਿਹੜਾ ਅਕਾਲੀ ਦਲ ਪਾਰਟੀ ਛੱਡ ਕੇ ਕਾਂਗਰਸ ਵਿਚ ਸ਼ਾਮਲ ਹੋਏ ਸਨ। ਸਰਦਾਰ ਪਰਗਟ ਸਿੰਘ, ਜਿਹੜੇ ਹੁਣੇ ਕਾਂਗਰਸ ਪਾਰਟੀ ਦੇ ਪ੍ਰਧਾਨ ਬਣੇ ਹਨ। ਮੈਂ ਇਨ੍ਹਾਂ ਨੂੰ ਕਹਿਣਾ ਚਾਹੁੰਦਾ ਹਾਂ ਕਿ ਕਾਂਗਰਸ ਪਾਰਟੀ ਪੰਜਾਬ ਦੇ ਹਜ਼ਾਰਾਂ ਨੌਜੁਆਨਾਂ ਦੀ ਕਾਤਲ ਜਮਾਤ ਹੈ। ਪੰਜਾਬ ਦੇ ਅੰਦਰ ਸ੍ਰੀ ਅਕਾਲ ਤਖ਼ਤ ਸਾਹਿਬ ਤੇ ਹਮਲਾ ਇਸ ਪਾਰਟੀ ਦੇ ਲੋਕਾਂ

ਨੇ ਕਰਵਾਇਆ। ਪੰਜਾਬ ਦੇ, ਦਿੱਲੀ ਦੇ, ਦੇਸ਼ ਭਰ ਦੇ ਸਿੱਖਾਂ ਦੇ ਗਲਾਂ ਵਿਚ ਟਾਇਰ ਪਾ ਕੇ ਸਾੜਿਆ। ਇਹ ਗੱਲ ਸਾਰਾ ਦੇਸ਼ ਜਾਣਦਾ ਹੈ। ਇਹ ਲੋਕ ਜਗਦੀਸ਼ ਟਾਈਟਲਰ ਦੇ ਬੰਦੇ ਹਨ, ਇਹ ਲੋਕ ਉਹ ਕਾਂਗਰਸੀ ਹਨ, ਜਿਨ੍ਹਾਂ ਨੇ ਡੱਟ ਕੇ ਪੰਜਾਬ ਨੂੰ ਬਰਬਾਦ ਕੀਤਾ। (ਵਿਘਨ)

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਤੋਂ ਵੀ ਕਈ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੋਂ ਖੜੇ ਹੋ ਕੇ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਨਾਲ ਬਹਿਸ ਰਹੇ ਸਨ, ਜਿਸ ਕਾਰਨ ਸਦਨ ਵਿਚ ਕਾਫ਼ੀ ਸ਼ੋਰ ਸੀ।)

**1005/amandeep kaur**

ਇਹ ਉਹ ਲੋਕ ਹਨ ਜਿਨ੍ਹਾਂ ਨੇ ਅਕਾਲ ਤਖਤ ਸਾਹਿਬ ਢਾਹਿਆ ਹੈ। ਇਹ ਅਕਾਲ ਤਖਤ ਸਾਹਿਬ ਢਾਹੁਣ ਵਾਲੇ ਦੋਸ਼ੀ ਕਾਂਗਰਸੀ ਹਨ। ਸਪੀਕਰ ਸਾਹਿਬ, ਇਹ ਉਹ ਲੋਕ ਹਨ ਜਿਨ੍ਹਾਂ ਨੇ ਮਾਵਾਂ ਦੇ ਪੁੱਤ ਮਰਵਾਏ, ਜਿਨ੍ਹਾਂ ਨੇ ਸਾਡੀਆਂ ਮਾਵਾਂ ਨੂੰ ਸਾਡੀਆਂ ਭੈਣਾਂ ਨੂੰ ਵਿਧਵਾ ਕੀਤਾ ਹੈ। ਮੈਂ ਸਮਝਦਾ ਹਾਂ ਕਿ ਇਹ ਉਹ ਕਾਂਗਰਸੀ ਲੋਕ ਹਨ ਜਿਹੜੇ ਲਾਸ਼ਾਂ ਤੇ ਸਿਆਸਤ ਕਰ ਰਹੇ ਹਨ। ਸਪੀਕਰ ਸਾਹਿਬ, ਇਹ ਉਹ ਲੋਕ ਹਨ, ਜਿਨ੍ਹਾਂ ਤੇ ਐਨ.ਡੀ.ਪੀ.ਐਸ ਐਕਟ ਦੇ ਮੁਕੱਦਮੇ ਚੱਲਦੇ ਹਨ। ਸਰਦਾਰ ਸੁਖਪਾਲ ਸਿੰਘ ਖਹਿਰਾ ਵਰਗੇ ਉਹ ਲੋਕ ਹਨ ਜਿਨ੍ਹਾਂ ਤੇ ਐਨ.ਡੀ.ਪੀ.ਐਸ ਐਕਟ ਤਹਿਤ ਨਸ਼ੇ ਵੇਚਣ ਵਾਲੇ ਮੁਕੱਦਮੇ ਦਰਜ ਹਨ। ਸਪੀਕਰ ਸਾਹਿਬ, ਗੁਰਦੇਵ ਸਿੰਘ ਦੇਬੀ ਕੌਣ ਹੈ? ਸਪੀਕਰ ਸਾਹਿਬ, ਨਕੋਦਰ ਕਾਂਡ ਪੰਜਾਬ ਤੋਂ ਭੁਲਿਆ ਨਹੀਂ ਗਿਆ। ਗੁਰੂ ਅਰਜਨ ਦੇਵ ਜੀ ਦੇ ਗੁਰਦੁਆਰਾ ਸਾਹਿਬ ਦੇ ਅੰਦਰ ਬੇਅਦਬੀ ਹੋਈ। ਇਨ੍ਹਾਂ ਲੋਕਾਂ ਨੇ, ਇਨ੍ਹਾਂ ਦੇ ਰਿਸ਼ਤੇਦਾਰਾਂ ਨੇ ਗੋਲੀਆਂ ਚਲਾ ਕੇ ਨੌਜਵਾਨਾਂ ਨੂੰ ਮਾਰਿਆ, ਸ਼ਹੀਦ ਕੀਤਾ। (ਵਿਘਨ)

**ਮਾਣਯੋਗ ਸਪੀਕਰ:** ਮੈਂ ਸਮਝਦਾ ਹਾਂ ਕਿ ਮਾਣਯੋਗ ਵਿੱਤ ਮੰਤਰੀ ਸਾਹਿਬ ਗੱਲ ਕਰ ਰਹੇ ਹਨ, ਤੁਸੀਂ ਜਿਹੜੇ ਟਰੈਜ਼ਰੀ ਬੈਂਚਿਜ਼ ਵਾਲੇ ਹੋ, ਤੁਸੀਂ ਤਾਂ ਆਪਣੀਆਂ ਜਗ੍ਹਾ ਤੇ ਬੈਠੋ। ਵਿੱਤ ਮੰਤਰੀ ਸਾਹਿਬ ਨੂੰ ਬੋਲ ਲੈਣ ਦਿਉ। (ਵਿਘਨ)

**ਵਿੱਤ ਮੰਤਰੀ:** ਸਪੀਕਰ ਸਾਹਿਬ, ਪੰਜਾਬ ਜਾਣਦਾ ਹੈ ਕਿ ਇਹ ਕਾਤਲ ਜਮਾਤਾਂ ਦੇ ਹਮਾਇਤੀ ਹਨ। ਇਹ ਪਰਗਟ ਸਿੰਘ ਉਸੇ ਅਕਾਲੀ ਦਲ ਦਾ ਹਿੱਸਾ ਹੈ ਜਿਸ ਨੇ ਪੰਜਾਬ ਦੇ ਅੰਦਰ ਨਸ਼ਿਆਂ ਦਾ ਹੜ੍ਹ ਲੈ ਕੇ ਆਉਂਦਾ ਹੈ। ਸਪੀਕਰ ਸਾਹਿਬ, ਅਕਾਲੀ ਦਲ, ਬੀ.ਜੇ.ਪੀ, ਕਾਂਗਰਸ ਪਾਰਟੀ ਨੇ, ਇਨ੍ਹਾਂ ਲੋਕਾਂ ਨੇ ਪੰਜਾਬ ਨੂੰ ਬਰਬਾਦ ਕਰਨ ਦੇ ਅੰਦਰ ਕੋਈ ਕਸਰ ਬਾਕੀ ਨਹੀਂ ਛੱਡੀ। ਇਹ ਸਾਰੇ ਅੱਜ ਇੱਥੇ ਖੜੇ ਹਨ, ਇਹ ਜਵਾਬ ਦੇ ਦੇਣ, ਡਿਬੇਟ ਕਰਨ, ਸਾਡੇ ਨਾਲ ਸਵਾਲ ਜਵਾਬ ਕਰਨ, ਇਹ ਪੂਰਾ ਪੰਜਾਬ ਜਾਣਦਾ ਹੈ ਕਿ ਕਿਸ ਤਰ੍ਹਾਂ ਪੰਜਾਬ ਵਿੱਚ ਚਿੱਟਾ ਫੈਲਾਉਣ ਵਾਲੀ ਪਾਰਟੀ ਦਾ ਇਹ ਮੈਂਬਰ ਰਿਹਾ ਹੈ। You were the Member Mr. Pargat Singh, You were the member of Chitta Party. You were the member of the Chitta Party. ਤੁਸੀਂ ਚਿੱਟਾ ਫੈਲਾਉਣ ਵਾਲੀ ਪਾਰਟੀ ਦੇ ਮੈਂਬਰ ਰਹੇ ਹੋ। ਤੁਸੀਂ ਪੰਜਾਬ ਦੇ ਅੰਦਰ ਝੂਠੀ ਸਹੁੰ ਖਾਈ ਹੈ। ਗੁਰਦੁਆਰਾ ਤਲਵੰਡੀ ਸਾਬੋ ਤੋਂ ਠੀਕ 35 ਕਿਲੋਮੀਟਰ ਦੂਰ ਖੜੇ ਹੋ ਕੇ ਗੁਟਕਾ ਸਾਹਿਬ ਮੱਥੇ ਨੂੰ ਲਗਾ ਕੇ, ਤੁਸੀਂ ਲੋਕਾਂ ਨੇ ਸਹੁੰ ਚੁੱਕੀ ਸੀ ਕਿ ਨਸ਼ਾ ਖਤਮ ਕਰ ਦਿਆਂਗੇ ਪਰ ਤੁਸੀਂ ਨਸ਼ੇ ਤਸਕਰਾਂ ਦੇ ਸੌਦਾਗਰ ਬਣੇ। ਤੁਹਾਡੇ ਪਿੱਛੇ ਜਿਹੜਾ ਤੁਹਾਡਾ ਸਾਥੀ ਖੜ੍ਹਾ ਹੈ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ

ਦੇ ਮੈਂਬਰ, ਸਰਦਾਰ ਸੁਖਪਾਲ ਸਿੰਘ ਖਹਿਰਾ ਵੱਲ ਇਸ਼ਾਰਾ) ਉਸ ਤੇ ਮੁਕੱਦਮੇ ਚੱਲਦੇ ਹਨ ਜਨਾਬ। ਪੂਰਾ ਪੰਜਾਬ ਜਾਣਦਾ ਹੈ ਕਿ ਕਿਸ ਤਰ੍ਹਾਂ ਤੁਸੀਂ ਲੋਕ ਪੰਜਾਬ ਦੇ ਅੰਦਰ ਨਸ਼ਾ ਲੈ ਕੇ ਆਏ ਹੋ।

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਦੇ ਕਈ ਮਾਣਯੋਗ ਮੰਤਰੀ ਸਾਹਿਬਾਨ ਅਤੇ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੋਂ ਥੋੜ੍ਹਾ ਅੱਗੇ ਆ ਕੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਵਿਰੋਧੀ ਨਾਅਰੇ ਮਾਰਦੇ ਹੋਏ ਵੈਲ ਆਫ਼ ਦਿ ਹਾਊਸ ਵਿਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਨਾਲ ਉੱਚੀ ਉੱਚੀ ਬਹਿਸਣ ਲੱਗ ਪਏ, ਜਿਸ ਕਾਰਨ ਸਦਨ ਵਿਚ ਬਹੁਤ ਸ਼ੋਰ ਸੀ।)

**ਮਾਣਯੋਗ ਸਪੀਕਰ:** ਮੈਂ ਸਾਰੇ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਆਪਣੀਆਂ ਆਪਣੀਆਂ ਸੀਟਾਂ ਦੇ ਚਲੇ ਜਾਣ। ਪੰਜਾਬ ਦੇ ਲੋਕਾਂ ਦੇ ਜਿਹੜੇ ਮੁੱਦੇ ਲੱਗੇ ਹਨ, ਕੁਐਸ਼ਚਨ ਲੱਗੇ ਹਨ, ਉਨ੍ਹਾਂ ਦਾ ਸਰਕਾਰ ਤੋਂ ਜਵਾਬ ਲਈਏ ਤਾਂ ਕਿ ਉਹ ਹੱਲ ਹੋ ਸਕਣ। ਨਾਅਰੇ ਰਿਕਾਰਡ ਨਾ ਕੀਤੇ ਜਾਣ। ਹੁਣ ਸਰਦਾਰ ਹਰਜੋਤ ਸਿੰਘ ਬੈਂਸ ਪ੍ਰਸ਼ਨ ਦਾ ਜਵਾਬ ਦੇਣਗੇ।

**ਸਰਦਾਰ ਹਰਜੋਤ ਸਿੰਘ ਬੈਂਸ:** ਸਪੀਕਰ ਸਾਹਿਬ, ਮਾਣਯੋਗ ਵਿਧਾਇਕ ਸਾਹਿਬਾ ਨੇ ਪੁੱਛਿਆ ਕਿ ਹੈ ਕਿ ਪਿਛਲੇ ਤਿੰਨ ਸਾਲਾਂ ਦੌਰਾਨ ਜਗਰਾਉਂ ਵਿੱਚ ਪੀਣ ਵਾਲੇ ਪਾਣੀ ਦੇ ਦੂਸ਼ਿਤ ਨਮੂਨਿਆਂ ਦੀ ਗਿਣਤੀ ਕਿੰਨੀ ਮਿਲੀ ਅਤੇ ਇਸ ਸਬੰਧੀ ਲੋਕਾਂ ਦੀ ਸੁਰੱਖਿਆ ਲਈ ਕੀ ਕਦਮ ਚੁੱਕੇ ਗਏ ਹਨ। ਪਿਛਲੇ ਤਿੰਨ ਸਾਲਾਂ ਦੌਰਾਨ ਜਗਰਾਉਂ ਵਿੱਚ ਪੀਣ ਵਾਲੇ ਪਾਣੀ ਦੇ 29 ਨਮੂਨਿਆਂ ਵਿੱਚੋਂ 8 ਨਮੂਨੇ ਦੂਸ਼ਿਤ ਪਾਏ ਗਏ। ਲੋਕਾਂ ਨੂੰ ਸੁਰੱਖਿਅਤ ਪੀਣ ਵਾਲਾ ਪਾਣੀ ਮੁਹੱਈਆ ਕਰਵਾਉਣ ਲਈ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵੱਲੋਂ ਅਖਾੜਾ ਨਹਿਰ ਕੋਲ 21 ਨਵੇਂ ਟਿਊਬਵੈੱਲ ਲਗਾਏ ਗਏ ਹਨ ਅਤੇ ਨਹਿਰੀ ਪਾਣੀ ਨੂੰ ਟ੍ਰੀਟ ਕਰਕੇ ਸਪਲਾਈ ਕਰਨ ਲਈ ਵਾਟਰ ਟ੍ਰੀਟਮੈਂਟ ਪਲਾਂਟ ਦਾ ਕੰਮ ਪ੍ਰਗਤੀ ਅਧੀਨ ਹੈ। ਧੰਨਵਾਦ ਸਪੀਕਰ ਸਾਹਿਬ।

**1010/Tarlochan Singh**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਬੈਨਰ ਲੈ ਕੇ ਖੜ੍ਹੇ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਕਾਫੀ ਸ਼ੋਰ ਸੀ।)

(ਇਸੇ ਸਮੇਂ ਹੀ ਟਰੇਜ਼ਰੀ ਬੈਂਚਿਜ਼ ਦੇ ਵੀ ਕਈ ਮੈਂਬਰ ਵਿੱਤ ਮੰਤਰੀ ਦੀ ਸੀਟ ਕੋਲ ਖੜ੍ਹੇ ਸਨ ਅਤੇ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

---

## ਰਾਹੋਂ ਤੋਂ ਮੱਤੇਵਾਲ ਰੋਡ ਦੀ ਮੁਰੰਮਤ ਕਰਨਾ

***2033. ਡਾਕਟਰ ਨਛੱਤਰ ਪਾਲ** : ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਹੋਂ ਤੋਂ ਮੱਤੇਵਾਲ ਰੋਡ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਦੀ ਹਾਲਤ ਬਹੁਤ ਜ਼ਿਆਦਾ ਖਰਾਬ ਹੈ; ਜੇਕਰ ਅਜਿਹਾ ਹੈ ਤਾਂ ਇਸ ਸੜਕ ਦੀ ਮੁਰੰਮਤ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਵੇਰਵੇ ਸਹਿਤ ਦੱਸਿਆ ਜਾਵੇ? (ਵਿਘਨ) (ਸ਼ੋਰ)

**ਸਰਦਾਰ ਹਰਭਜਨ ਸਿੰਘ** : ਰਾਹੋਂ ਤੋਂ ਮੱਤੇਵਾਲ ਰੋਡ ਸੜਕ ਦੀ ਸਪੈਸ਼ਲ ਰਿਪੇਅਰ ਦਾ ਕੰਮ ਸਾਲ 2021 ਵਿਚ ਕੀਤਾ ਗਿਆ ਸੀ। ਇਹ ਸੜਕ ਹੁਣ ਸਪੈਸ਼ਲ ਰਿਪੇਅਰ ਲਈ ਡਿਊ ਹੈ। ਇਸ ਸੜਕ ਤੋਂ ਮਾਈਨਿੰਗ ਦਾ ਭਾਰੀ ਟਰੈਫਿਕ ਲੰਘਦਾ ਹੈ, ਜਿਸ ਕਾਰਨ ਸੜਕ ਦੀ ਕਰੱਸਟ ਡਿਜ਼ਾਇਨ ਲਈ ਡਿਪਟੀ ਡਾਇਰੈਕਟਰ, ਰਿਸਰਚ ਲੈਬ, ਪਟਿਆਲਾ ਨੂੰ ਪਹੁੰਚ ਕੀਤੀ ਗਈ ਸੀ। ਕਰੱਸਟ ਡਿਜ਼ਾਇਨ ਅਤੇ ਮੌਕੇ ਉੱਤੇ ਲੋੜੀਂਦੀ ਰਿਟੇਨਿੰਗ ਵਾਲ ਨੂੰ ਸ਼ਾਮਿਲ ਕਰਦੇ ਹੋਏ ਤਖਮੀਨਾ ਬਾਬਤ ਰਕਮ 33.88 ਕਰੋੜ ਰੁਪਏ ਦਾ ਤਿਆਰ ਕੀਤਾ ਗਿਆ ਹੈ। ਫੰਡਜ਼ ਦੀ ਪ੍ਰਾਪਤੀ ਲਈ ਕੇਸ ਐਫ.ਡੀ ਨੂੰ ਭੇਜਿਆ ਜਾ ਰਿਹਾ ਹੈ। ਫੰਡਜ਼ ਉਪਲਬਧ ਹੋਣ ਉਪਰੰਤ ਸੜਕ ਦੀ ਸਪੈਸ਼ਲ ਰਿਪੇਅਰ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਨਛੱਤਰ ਪਾਲ ਜੀ, ਕੀ ਕੋਈ ਸਪਲੀਮੈਂਟਰੀ ਹੈ? (ਵਿਘਨ) (ਸ਼ੋਰ)

**ਡਾਕਟਰ ਨਛੱਤਰ ਪਾਲ** : ਮਾਣਯੋਗ ਸਪੀਕਰ ਸਾਹਿਬ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਲੋਕ ਨਿਰਮਾਣ ਮੰਤਰੀ, ਸਰਦਾਰ ਹਰਭਜਨ ਸਿੰਘ ਈ.ਟੀ.ਓ. ਜੀ ਤੋਂ ਅਦਬ ਅਤੇ ਸਤਿਕਾਰ ਨਾਲ ਪੁੱਛਣਾ ਚਾਹੁੰਦਾ ਹਾਂ ਕਿ ਰਾਹੋਂ-ਮੱਤੇਵਾਲ ਸੜਕ, ਜਿਸ ਦੀ ਲੰਬਾਈ ਕਰੀਬ 12 ਕਿਲੋਮੀਟਰ ਹੈ, ਇਸ ਸੜਕ ਤੇ 50 ਪਿੰਡਾਂ ਦੇ ਲੋਕ ਰਾਹੋਂ-ਨਵਾਂਸ਼ਹਿਰ-ਬਲਾਚੌਰ-ਗੜ੍ਹਸ਼ੰਕਰ ਤੋਂ ਲੁਧਿਆਣਾ ਨੂੰ ਸਤਲੁਜ ਪੁਲ ਪਾਰ ਕਰਕੇ ਜਾਂਦੇ ਹਨ। ਇਸ ਸੜਕ ਤੇ ਬਰਨਾਲਾ ਖੁਰਦ-ਅਤੇ ਭਾਰਟਾ ਕਲਾਂ ਕੋਲ ਲਗਭਗ 10-10 ਫ਼ੁੱਟ ਡੂੰਘੇ ਟੋਏ ਹਨ ਅਤੇ ਸੜਕ ਬੁਰੀ ਤਰ੍ਹਾਂ ਟੁੱਟ ਚੁੱਕੀ ਹੈ। ਦਰਿਆ ਤੱਕ ਸੜਕ ਤੇ ਡੂੰਘੇ ਟੋਏ ਪਏ ਹਨ। ਇਸ ਸੜਕ ਦੇ ਟੁੱਟਣ ਦਾ ਮੇਨ ਕਾਰਨ ਮਾਈਨਿੰਗ ਹੈ। ਜਿਸ ਤਰ੍ਹਾਂ ਤੁਸੀਂ ਪਹਿਲਾਂ ਉੜਾਪੜ ਤੋਂ ਜਾਡਲਾ - ਰਾਹੋਂ ਤੋਂ ਮਾਛੀਵਾੜਾ - ਨਵਾਂਸ਼ਹਿਰ ਬਣਾਈ ਹੈ, ਮੇਰੀ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਜੀ ਨੂੰ ਬੇਨਤੀ ਹੈ ਕਿ ਇਸ ਸੜਕ ਨੂੰ ਵੀ ਜਲਦੀ ਤੋਂ ਜਲਦੀ ਬਣਾਇਆ ਜਾਵੇ ਤਾਂ ਜੋ ਲੋਕਾਂ ਦੇ ਜਾਨ ਮਾਲ ਦੀ ਰਾਖੀ ਕੀਤੀ ਜਾ ਸਕੇ। ਧੰਨਵਾਦ ਜੀ। (ਵਿਘਨ) (ਸ਼ੋਰ)

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ ਕਿ ਇਸ ਰੋਡ ਤੇ ਮਾਈਨਿੰਗ ਦੀ ਆਵਾਜਾਈ ਹੈ ਅਤੇ ਇਸ ਸੜਕ ਤੇ ਭਾਰੀ ਟਰੈਫਿਕ ਲੰਘਦੀ ਹੈ, ਇਸ ਕਰਕੇ ਇਸ ਸੜਕ ਵਿੱਚ ਟੋਏ ਪਏ ਹਨ। ਜੇਕਰ 2021 ਵਿੱਚ ਇਸ ਸੜਕ ਨੂੰ ਰਿਸਚਰ ਲੈਬ ਤੋਂ ਕਰੱਸਟ ਦਾ ਡਿਜ਼ਾਇਨ ਤਿਆਰ ਕਰਕੇ ਬਣਾਉਂਦੇ ਤਾਂ ਅੱਜ ਇਹ ਸਮੱਸਿਆ ਨਹੀਂ ਸੀ ਆਉਣੀ। ਇਸ ਲਈ ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਕਰੱਸਟ ਡਿਜ਼ਾਇਨ ਤਿਆਰ ਕਰਵਾ ਕੇ, ਰਿਟੇਨਿੰਗ ਵਾਲ ਬਣਾ ਕੇ ਇਸ ਸੜਕ ਨੂੰ ਬਣਾ ਰਹੇ ਹਾਂ। ਮੈਨੂੰ ਪਤਾ ਹੈ ਕਿ ਇਸ

ਸੜਕ ਤੇ ਪਿੰਡ ਬਰਨਾਲਾ ਖੁਰਦ ਅਤੇ ਭਾਰਟਾ ਕਲਾਂ ਹੈ, ਇਹ ਸੜਕ ਤੋਂ 800 ਮੀਟਰ ਦੂਰੀ ਤੇ ਹੈ। ਇਨ੍ਹਾਂ ਦੋਨਾਂ ਪਿੰਡਾਂ ਵਿੱਚ ਜ਼ਿਆਦਾ ਪ੍ਰਾਬਲਮ ਹੈ। ਇਹ ਦੋ ਕਿਲੋਮੀਟਰ ਦਾ ਏਰੀਆ ਪੈਂਦਾ ਹੈ, ਇਸ ਥਾਂ ਤੇ ਅਸੀਂ ਸੀ.ਸੀ. ਬਣਾ ਰਹੇ ਹਾਂ ਅਤੇ ਅਸੀਂ ਇਹ ਸੜਕ ਪੂਰੀ ਮਜ਼ਬੂਤੀ ਨਾਲ ਬਣਾ ਕੇ ਦੇਵਾਂਗੇ। ਭਾਵੇਂ ਇਸ ਸੜਕ ਤੇ ਮਾਈਨਿੰਗ ਦਾ ਭਾਰੀ ਟਰੈਫਿਕ ਹੈ ਪਰ ਫਿਰ ਵੀ ਆਉਣ ਵਾਲੇ ਸਮੇਂ ਵਿੱਚ ਇਸ ਸੜਕ ਤੇ ਕੋਈ ਮੁਸ਼ਕਲ ਨਹੀਂ ਆਵੇਗੀ। ਇਸ ਲਈ ਅਸੀਂ ਰਿਸਰਚ ਲੈਬ ਤੋਂ ਰਿਸਰਚ ਕਰਵਾ ਕੇ ਅਤੇ ਪਰਾਪਰ ਡਿਜ਼ਾਇਨਿੰਗ ਨਾਲ ਇਹ ਸੜਕ ਬਣਾ ਰਹੇ ਹਾਂ। (ਵਿਘਨ) (ਸ਼ੋਰ)

(ਇਸ ਸਮੇਂ ਵਿੱਤ ਮੰਤਰੀ ਦੀ ਸੀਟ ਕੋਲ ਖੜ੍ਹੇ ਟਰੇਜ਼ਰੀ ਬੈਂਚਿਜ਼ ਦੇ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਵਾਪਸ ਚਲੇ ਗਏ।)

**ਡਾਕਟਰ ਨਛੱਤਰ ਪਾਲ** : ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਸ ਕੰਮ ਨੂੰ ਟਾਈਮ ਬਾਊਂਡ ਕੀਤਾ ਜਾ ਸਕਦਾ ਹੈ, ਤਾਂ ਕਿ ਲੋਕਾਂ ਦੇ ਜਾਨ ਮਾਲ ਦੀ ਰਾਖੀ ਕੀਤੀ ਜਾ ਸਕੇ। (ਵਿਘਨ) (ਸ਼ੋਰ)

**ਮੰਤਰੀ** : ਸਪੀਕਰ ਸਾਹਿਬ, ਜਦੋਂ ਹੀ ਸਾਨੂੰ ਇਸ ਦੀ ਪ੍ਰਵਾਨਗੀ ਮਿਲ ਜਾਂਦੀ ਹੈ, ਅਸੀਂ ਇੱਕ ਸਾਲ ਦੇ ਅੰਦਰ-ਅੰਦਰ ਇਹ ਕੰਮ ਕੰਪਲੀਟ ਕਰ ਦਿਆਂਗੇ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਮੰਤਰੀ ਜੀ, ਇੱਕ ਮੇਰੀ ਵੀ ਤੁਹਾਨੂੰ ਬੇਨਤੀ ਹੈ ਕਿ ਜਿਹੜਾ ਆਦਮਪੁਰ ਵਾਲਾ ਪੁਲ ਹੈ, ਉਸ ਬਾਰੇ ਪਿਛਲੇ ਸੈਸ਼ਨ ਵਿੱਚ ਆਪਣੀ ਗੱਲ ਹੋਈ ਸੀ, ਉਸ ਦਾ ਕੰਮ ਕਿਉਂ ਨਹੀਂ ਚੱਲ ਰਿਹਾ ਹੈ? ਉਸ ਕੰਮ ਨੂੰ ਆਪਾਂ ਅੱਗੇ ਤੋਰੀਏ। ਉਸ ਕੰਮ ਨੂੰ ਅੱਗੇ ਤੋਰੋ ਜੀ। (ਵਿਘਨ) (ਸ਼ੋਰ)

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਅਸੀਂ ਉਸ ਦੀ ਐਕਸਟੈਂਸ਼ਨ ਲਈ ਹੈ। ਉਸ ਬਾਰੇ ਅਸੀਂ ਸਰਵੇ ਕਰ ਰਹੇ ਹਾਂ ਕਿ ਕਿੰਨਾ ਕੰਮ ਹੋ ਚੁੱਕਾ ਹੈ ਅਤੇ ਕਿੰਨਾ ਪੈਂਡਿੰਗ ਹੈ, ਉਸ ਉਪਰੰਤ ਅਸੀਂ ਨਵੀਂ ਟੈਂਡਰਿੰਗ ਕਰ ਰਹੇ ਹਾਂ। ਸਰ, ਉਸ ਨੂੰ ਅਸੀਂ ਬਹੁਤ ਜਲਦ ਕੰਪਲੀਟ ਕਰਵਾ ਦਿਆਂਗੇ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਮੰਤਰੀ ਜੀ, ਕੀ ਇਹ ਹੋ ਸਕਦਾ ਹੈ ਕਿ ਅਗਲੀ ਸਿਟਿੰਗ ਵਿੱਚ, 27 ਤਾਰੀਖ ਨੂੰ ਉਸ ਦਾ ਸਟੇਟਸ ਲੈ ਆਉ ਕਿ ਕਿੰਨਾ ਕੰਮ ਹੋਇਆ ਹੈ, ਕਿੰਨਾ ਕੰਮ ਨਹੀਂ ਹੋਇਆ ਹੈ ਅਤੇ ਕਿੰਨੇ ਦਿਨਾਂ ਵਿੱਚ ਕੰਮ ਕਰ ਦਿਓਗੇ? (ਵਿਘਨ) (ਸ਼ੋਰ)

**ਮੰਤਰੀ** : ਜ਼ਰੂਰ, ਮਾਣਯੋਗ ਸਪੀਕਰ ਸਾਹਿਬ, ਮੈਂ ਸਟੇਟਸ ਲੈ ਆਵਾਂਗਾ ਜੀ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ** : ਧੰਨਵਾਦ ਜੀ।

________

**ਸਰਕਾਰੀ ਏਜੰਸੀਆਂ/ਪ੍ਰਾਈਵੇਟ ਸਪਲਾਇਰਾਂ ਰਾਹੀਂ ਕਿਸਾਨਾਂ ਨੂੰ ਸਪਲਾਈ ਕੀਤੀ ਡੀ.ਏ.ਪੀ ਖਾਦ ਦੇ ਵੇਰਵੇ**

***2008. ਰਾਣਾ ਇੰਦਰ ਪ੍ਰਤਾਪ ਸਿੰਘ :** ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਮੌਜੂਦਾ ਸਾਲ ਲਈ ਸਰਕਾਰ ਦੁਆਰਾ ਡੀ.ਏ.ਪੀ. (DAP) ਖਾਦ ਦੀ ਕੁੱਲ ਕਿੰਨੀ ਮੰਗ ਦਾ ਅਨੁਮਾਨ ਲਗਾਇਆ ਗਿਆ ਹੈ ਅਤੇ ਸਰਕਾਰੀ ਏਜੰਸੀਆਂ/ਪ੍ਰਾਈਵੇਟ ਸਪਲਾਇਰਾਂ ਰਾਹੀਂ ਕਿਸਾਨਾਂ ਨੂੰ ਇਸਦੀ ਕਿੰਨੀ ਮਾਤਰਾ ਵਿੱਚ ਸਪਲਾਈ ਕੀਤੀ ਗਈ ਹੈ;

ਅ) ਸਰਕਾਰ ਇਸ ਘਾਟ ਨੂੰ ਪੂਰਾ ਕਰਨ ਲਈ ਕੀ ਤਜਵੀਜ਼ ਰੱਖਦੀ ਹੈ;

ੲ) ਪਿਛਲੇ 3 ਸਾਲਾਂ ਦੌਰਾਨ ਕੋਆਪਰੇਟਿਵ ਸੁਸਾਇਟੀਆਂ/ਪ੍ਰਾਈਵੇਟ ਖਾਦ ਦੀਆਂ ਦੁਕਾਨਾਂ ਤੋਂ ਕਿਸਾਨਾਂ ਨੂੰ ਯੂਰੀਆ/ਡੀ.ਏ.ਪੀ. ਖਾਦ ਦੇ ਨਾਲ ਨੈਨੋ ਯੂਰੀਆ/ ਨੈਨੋ ਡੀ.ਏ.ਪੀ. ਦੀ ਕਿੰਨੀ ਮਾਤਰਾ ਖਰੀਦਣੀ ਪਈ?

(ਇਸ ਸਮੇਂ ਭਾਰਤੀ ਜਨਤਾ ਪਾਰਟੀ ਦੇ ਮੈਂਬਰਾਂ ਨੂੰ ਛੱਡ ਕੇ ਆਪੋਜ਼ੀਸ਼ਨ ਬੈਂਚਿਜ਼ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਪੈਂਫਲਿਟ ਅਤੇ ਬੈਨਰ ਲੈ ਕੇ ਖੜ੍ਹੇ ** ** ਨਾਅਰੇ ਲਗਾ ਰਹੇ ਸਨ, ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ** : ਸਰਦਾਰ ਗੁਰਮੀਤ ਸਿੰਘ ਖੁੱਡੀਆਂ, ਖੇਤੀਬਾੜੀ ਮੰਤਰੀ, ਜਵਾਬ ਦੇਣਗੇ। (ਵਿਘਨ) (ਸ਼ੋਰ)

**ਰਾਣਾ ਇੰਦਰ ਪ੍ਰਤਾਪ ਸਿੰਘ** : ਪਰਗਟ ਸਿੰਘ ਜੀ, ਇਹ ਬੜਾ ਇੰਪਾਰਟੈਂਟ ਸਵਾਲ ਹੈ। (ਵੈੱਲ ਆਫ ਦੀ ਹਾਊਸ ਵਿੱਚ ਖੜ੍ਹੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਇਹ ਸਵਾਲ ਜ਼ਿਮੀਂਦਾਰਾਂ ਨਾਲ ਸਬੰਧਤ ਹੈ। ਬੇਨਤੀ ਹੈ ਕਿ ਆਪਾਂ ਸਰਕਾਰ ਤੋਂ ਸਵਾਲ ਦਾ ਜਵਾਬ ਲੈ ਲਈਏ। (ਵਿਘਨ) (ਸ਼ੋਰ) ਸਰਦਾਰ ਪਰਗਟ ਸਿੰਘ ਜੀ, ਇਹ ਡੀ.ਏ.ਪੀ. ਦਾ ਮਸਲਾ ਹੈ। ਸਰਦਾਰ ਪਰਗਟ ਸਿੰਘ ਜੀ, ਇਹ ਜ਼ਿਮੀਂਦਾਰਾਂ ਦੀ ਖਾਦ ਦਾ ਮਸਲਾ ਹੈ। (ਵਿਘਨ) (ਸ਼ੋਰ) ਇੱਕ ਮਿੰਟ ਲਈ ਰੁਕ ਕੇ ਜਵਾਬ ਲੈ ਲਉ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕੁਝ ਮੈਂਬਰ ਫਿਰ ਤੋਂ ਮੰਤਰੀ ਸਾਹਿਬਾਨਾਂ ਦੀਆਂ ਸੀਟਾਂ ਨੇੜੇ ਆ ਕੇ ਬੋਲਣ ਲੱਗੇ। ਸਦਨ ਵਿੱਚ ਕਾਫੀ ਸ਼ੋਰ ਸੀ।

**ਮਾਣਯੋਗ ਸਪੀਕਰ** : (ਵੈੱਲ ਆਫ ਦੀ ਹਾਊਸ ਵਿੱਚ ਖੜ੍ਹੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ) ਇਨ੍ਹਾਂ ਨੇ ਤਾਂ ਖਬਰਾਂ ਲਵਾਉਣੀਆਂ ਹਨ, ਭਾਵੇਂ ਕਿਸਾਨਾਂ ਦੀ ਡੀ.ਏ.ਪੀ. ਢੱਠੇ ਖੂਹ ਵਿੱਚ ਜਾਵੇ। (ਵਿਘਨ) (ਸ਼ੋਰ) ਮੰਤਰੀ ਜੀ, ਤੁਸੀਂ ਜਵਾਬ ਦਿਉ।

**ਸਰਦਾਰ ਗੁਰਮੀਤ ਸਿੰਘ ਖੁੱਡੀਆਂ :** ਮਾਣਯੋਗ ਸਪੀਕਰ ਸਾਹਿਬ, ਧੰਨਵਾਦ। ਮੈਂ ਤੁਹਾਡੇ ਰਾਹੀਂ ਮਾਣਯੋਗ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ** : ਇੱਕ ਮਿੰਟ ਮੰਤਰੀ ਜੀ।

**1010/Tarlochan Singh/Monika sharma**

**1015/mehak**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਟਰੇਜ਼ਰੀ ਬੈਂਚਿਜ਼ ਤੋਂ ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ, ਸਰਦਾਰ ਤਰੁਨਪ੍ਰੀਤ ਸਿੰਘ ਸੌਂਦ, ਸਰਦਾਰ ਮਨਜੀਤ ਸਿੰਘ ਬਿਲਾਸਪੁਰ ਅਤੇ ਸਰਦਾਰ ਕੁਲਦੀਪ ਸਿੰਘ ਧਾਲੀਵਾਲ, ਮੈਂਬਰ ਆਮ ਆਦਮੀ ਪਾਰਟੀ ਵੀ ਆਪਣੀਆਂ ਸੀਟਾਂ ਤੋਂ ਅੱਗੇ ਆ ਕੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰ ਸਾਹਿਬਾਨਾਂ ਨਾਲ ਬਹਿਸ ਕਰ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਸਰਦਾਰ ਗੁਰਮੀਤ ਸਿੰਘ ਖੁੱਡੀਆਂ**: ਮਾਣਯੋਗ ਸਪੀਕਰ ਸਾਹਿਬ, ਧੰਨਵਾਦ। ਮੈਂ ਤੁਹਾਡੇ ਰਾਹੀਂ ਦੱਸਣਾ ਚਾਹੁੰਦਾ ਹਾਂ ਕਿ ਮਾਣਯੋਗ ਐਮ.ਐਲ.ਏ. ਸਾਹਿਬ ਨੇ ਜੋ ਮਹੱਤਵਪੂਰਣ ਸਵਾਲ ਕੀਤਾ ਹੈ।

**ਮਾਣਯੋਗ ਸਪੀਕਰ**: ਇੱਕ ਮਿੰਟ ਮੰਤਰੀ ਜੀ, ਪੰਜਾਬ ਦੀ ਕਿਸਾਨੀ ਬਾਰੇ ਗੱਲ ਹੋ ਰਹੀ ਹੈ। ਮੈਂ ਆਪੋਜ਼ੀਸ਼ਨ ਦੇ ਮਾਣਯੋਗ ਮੈਂਬਰ ਸਾਹਿਬਾਨਾਂ ਨੂੰ ਬੇਨਤੀ ਕਰਦਾ ਹਾਂ ਕਿ ਡੀ.ਏ.ਪੀ. ਦਾ ਮੁੱਦਾ ਕਿਸਾਨਾਂ ਦਾ ਬੜਾ ਵੱਡਾ ਮੁੱਦਾ ਹੈ, ਤੁਸੀਂ ਉਸ ਦੀ ਗੱਲ ਤਾਂ ਸੁਣ ਲਓ। ਜੇ ਤੁਸੀਂ ਅਵਰੋਧ ਪੈਦਾ ਕਰਨਾ ਹੈ ਤਾਂ ਸਾਰਾ ਦਿਨ ਪਿਆ ਹੈ, ਤੁਸੀਂ ਕਰ ਸਕਦੇ ਹੋ। ਤੁਸੀਂ ਪੰਜਾਬ ਦੀ ਵਿਧਾਨ ਸਭਾ ਵਿੱਚ ਕਿਸਾਨਾਂ ਦੀ ਗੱਲ ਵੀ ਨਹੀਂ ਹੋਣ ਦੇ ਰਹੇ ਹੋ। ਕਿਸਾਨੀ ਨਾਲ ਤਾਂ ਪੰਜਾਬ ਚਲਦਾ ਹੈ, ਕਿਸਾਨੀ ਪੰਜਾਬ ਨੂੰ ਚਲਾਉਂਦੀ ਹੈ, ਤੁਸੀਂ ਕਿਸਾਨਾਂ ਦੀ ਗੱਲ ਤਾਂ ਹੋਣ ਦਿਓ। ਮੰਤਰੀ ਜੀ, ਤੁਸੀਂ ਡੀ.ਏ.ਪੀ. ਵਾਲੇ ਸਵਾਲ ਦਾ ਜਵਾਬ ਦਿਓ। ਪਲੀਜ਼ (ਵਿਘਨ, ਸ਼ੋਰ)

**ਮੰਤਰੀ**: ਮਾਣਯੋਗ ਮੈਂਬਰ ਸਾਹਿਬ ਨੇ ਜੋ ਸਵਾਲ ਕੀਤਾ ਹੈ, ਮੈਂ ਉਸ ਬਾਰੇ ਦੱਸਣਾ ਚਾਹੁੰਦਾ ਹਾਂ ਕਿ-

ੳ) ਸਾਲ 2026-27 ਦੌਰਾਨ ਸਰਕਾਰ ਦੁਆਰਾ ਡੀ.ਏ.ਪੀ ਖਾਦ ਦੀ ਕੁੱਲ ਮੰਗ 7.50 ਲੱਖ ਮੀਟਰਿਕ ਟਨ ਦਾ ਅਨੁਮਾਨ ਲਗਾਇਆ ਗਿਆ ਹੈ ਜੀ। ਇਸ ਦੇ ਸਨਮੁੱਖ ਹੁਣ ਤੱਕ ਸਰਕਾਰੀ ਏਜੰਸੀਆਂ/ਪ੍ਰਾਈਵੇਟ ਸਪਲਾਇਰਾਂ ਰਾਹੀਂ ਕਿਸਾਨਾਂ ਨੂੰ ਕੁੱਲ 5.33 ਲੱਖ ਮੀਟਰਿਕ ਟਨ ਡੀ.ਏ.ਪੀ ਖਾਦ ਉਪਲਬਧ ਕਰਵਾਈ ਗਈ ਹੈ ਜੀ।

ਅ) ਰਾਜ ਵਿੱਚ ਇਸ ਸਮੇਂ ਡੀ.ਏ.ਪੀ. ਖਾਦ ਰਾਜ ਦੀ ਮੰਗ ਅਨੁਸਾਰ ਉਪਲਬਧ ਹੈ ਅਤੇ ਹੋਰ ਡੀ.ਏ.ਪੀ. ਖਾਦ ਕਿਸਾਨਾਂ ਨੂੰ ਸਮੇਂ-ਸਮੇਂ ਸਿਰ ਉਪਲਬਧ ਕਰਵਾਉਣ ਲਈ ਸਰਕਾਰ ਵਚਨਬੱਧ ਹੈ ਜੀ।

ੲ) ਕੋ-ਆਪਰੇਟਿਵ ਸੁਸਾਇਟੀਆਂ/ਪ੍ਰਾਈਵੇਟ ਖਾਦ ਦੀਆਂ ਦੁਕਾਨਾਂ ਵਲੋਂ ਕਿਸਾਨਾਂ ਨੂੰ ਯੂਰੀਆ/ਡੀ.ਏ.ਪੀ ਖਾਦ ਦੇ ਨਾਲ ਉਹਨਾਂ ਦੀ ਮੰਗ ਤੋਂ ਬਿਨਾਂ ਨੈਨੋ ਯੂਰੀਆ/ਨੈਨੋ ਡੀ.ਏ.ਪੀ. ਨਹੀਂ ਦਿੱਤਾ ਜਾਂਦਾ ਹੈ ਜੀ।

ਇਸ ਦੇ ਨਾਲ ਹੀ ਮੈਂ ਮਾਣਯੋਗ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਮੇਂ ਸਮੇਂ ਤੇ ਕੇਂਦਰੀ ਖਾਦ ਮੰਤਰੀ ਜੀ ਨੂੰ ਮੁੱਖ ਮੰਤਰੀ ਸਾਹਿਬ ਵੱਲੋਂ ਅਤੇ ਮੇਰੇ ਵੱਲੋਂ ਵੀ ਚਿੱਠੀ ਪੱਤਰ ਭੇਜਿਆ ਗਿਆ ਹੈ ਅਤੇ ਉਨ੍ਹਾਂ ਨੇ ਇਹ ਐਨਸ਼ਿਉਰ ਕੀਤਾ ਹੈ ਕਿ ਸਾਡੀ ਖਾਦ ਪੂਰੀ ਕੀਤੀ ਜਾਵੇਗੀ ਅਤੇ ਕਿਸੇ ਤਰ੍ਹਾਂ ਦੀ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ। ਜੇ ਕੋਈ ਇਸ ਸਬੰਧੀ ਸ਼ਿਕਾਇਤ ਹੋਵੇ ਤਾਂ ਮੈਂ ਮਾਣਯੋਗ ਐਮ.ਐਲ.ਏ. ਸਾਹਿਬ ਨੂੰ ਬੇਨਤੀ ਕਰਾਂਗਾ ਕਿ ਅਸੀਂ ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਹਾਂ ਅਤੇ ਜਿੱਥੇ ਕੋਈ ਸ਼ਿਕਾਇਤ ਆਉਂਦੀ ਹੈ ਤਾਂ ਮੇਰੇ ਮਹਿਕਮੇ ਦਾ ਜਿਹੜਾ ਮੁੱਖ ਖੇਤੀਬਾੜੀ ਅਫਸਰ ਹੈ, ਬਲਾਕ ਅਫਸਰ ਹੈ ਉਸ ਨੂੰ ਆਪਣੇ ਵੱਲੋਂ ਕਹਿ ਕੇ ਕਾਰਵਾਈ ਕਰਵਾਈ ਜਾਵੇ। ਜਿੱਥੇ ਜਿੱਥੇ ਸਾਨੂੰ ਸ਼ਿਕਾਇਤ ਮਿਲੀ ਹੈ, ਉੱਥੇ ਉੱਥੇ ਐਫ.ਆਈ.ਆਰਜ਼ ਵੀ ਹੋਈਆਂ ਹਨ ਅਤੇ ਲਾਇਸੰਸ ਵੀ ਕੈਂਸਲ ਹੋਏ ਹਨ। ਥੋੜ੍ਹੇ ਦਿਨ ਪਹਿਲਾਂ ਜਦੋਂ ਪਤਾ ਲਗਿਆ ਸੀ ਤਾਂ ਖਾਦ ਦੇ ਸਬੰਧ ਵਿੱਚ ਬਹੁਤ ਵੱਡੀ ਕਾਰਵਾਈ ਫਾਜ਼ਿਲਕਾ ਵਿੱਚ ਵੀ ਕੀਤੀ ਗਈ ਹੈ ਔਰ ਕਿਸਾਨਾਂ ਨਾਲ ਸਦਾ ਲਈ ਹੀ ਪੰਜਾਬ ਦੀ ਸਰਕਾਰ ਖੜ੍ਹੀ ਹੈ ਅਤੇ ਜਦੋਂ ਵੀ ਲੋੜ ਪਈ ਹੈ ਤਾਂ ਸੈਂਟਰ ਸਰਕਾਰ ਨਾਲ ਆਪਣੇ ਵੱਲੋਂ ਚਿੱਠੀ ਪੱਤਰ ਮੇਰੇ ਮਹਿਕਮੇ ਦੇ ਸਕੱਤਰ ਸਾਹਿਬ ਵੱਲੋਂ ਹਮੇਸ਼ਾ ਰਾਬਤਾ ਰੱਖਿਆ ਗਿਆ ਹੈ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਰਾਣਾ ਇੰਦਰ ਪ੍ਰਤਾਪ ਸਿੰਘ**: ਮੈਂ ਸਭ ਤੋਂ ਪਹਿਲਾਂ ਇਨ੍ਹਾਂ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ।

**ਮਾਣਯੋਗ ਸਪੀਕਰ**: ਕਿਨ੍ਹਾਂ ਨੂੰ ਬੇਨਤੀ ਕਰਨੀ ਚਾਹੁੰਦੇ ਹੋ?

**ਰਾਣਾ ਇੰਦਰ ਪ੍ਰਤਾਪ ਸਿੰਘ:** ਸਰਦਾਰ ਪਰਗਟ ਸਿੰਘ ਜੀ, ਹਰਦੇਵ ਲਾਡੀ ਜੀ, ਇਹ ਡੀ.ਏ.ਪੀ. ਦਾ ਇਸ਼ੂ ਹੈ, ਇਸ ਤੋਂ ਵੱਡਾ ਇਸ਼ੂ ਪੰਜਾਬ ਲਈ ਕੋਈ ਨਹੀਂ ਹੈ। ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦੱਸਿਆ ਹੈ ਕਿ 7.5 ਲੱਖ ਟਨ ਵਿੱਚੋਂ 5.5 ਲੱਖ ਟਨ ਡੀ.ਏ.ਪੀ. ਆਈ ਅਤੇ ਕੁੱਲ 66% ਡੀ.ਏ.ਪੀ. ਪ੍ਰੋਵਾਈਡ ਕੀਤੀ ਗਈ। (ਵਿਘਨ, ਸ਼ੋਰ) ਬੇਨਤੀ ਹੈ ਕਿ ਮੈਨੂੰ ਸਪਲੀਮੈਂਟਰੀ ਕਰ ਲੈਣ ਦਿਓ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ** (ਗੇਵਲ ਮਾਰਦੇ ਹੋਏ): ਇੱਕ ਮਿੰਟ ਰਾਣਾ ਜੀ, ਇੱਕ ਮਿੰਟ।

(ਇਸ ਸਮੇਂ ਟਰੇਜ਼ਰੀ ਬੈਂਚਿਜ਼ ਦੇ ਕਈ ਮੈਂਬਰ ਆਪਣੀਆਂ ਸੀਟਾਂ ਤੋਂ ਉਠ ਕੇ ਅੱਗੇ ਆ ਗਏ ਅਤੇ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਨਾਲ ਬਹਿਸ ਕਰਨ ਲੱਗ ਪਏ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ (ਆਪਣੀ ਕੁਰਸੀ ਤੋਂ ਖੜ੍ਹੇ ਹੋ ਕੇ ਬੋਲਦੇ ਹੋਏ) (ਟਰੈਜ਼ਰੀ ਬੈਂਚਿਜ਼ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ)**: ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਕਹਿੰਦਾ ਹਾਂ ਕਿ ਆਪਣੀ ਆਪਣੀ ਜਗ੍ਹਾ ਤੇ ਬੈਠੋ। ਬੈਠੋ ਤੁਸੀਂ, ਸਾਰੇ ਬੈਠੋ, ਬੈਠੋ ਸਾਰੇ, ਬੈਠੋ ਸਾਰੇ ਬੈਠੋ, ਬੈਠੋ ਤੁਸੀਂ, ਆਪਣੀ ਆਪਣੀ ਜਗ੍ਹਾ ਤੇ ਬੈਠੋ। ਪਲੀਜ਼ ਬੈਠੋ। ਬੈਠੋ ਜੀ ਬੈਠੋ, ਤੁਸੀਂ। ਪੰਜਾਬ ਦੀ ਡੀ.ਏ.ਪੀ. ਬਾਰੇ ਗੱਲ ਹੋ ਰਹੀ ਹੈ । ਜੇ ਇਨ੍ਹਾਂ ਨੂੰ ਇਸ ਗੱਲ ਦਾ ਫਿਕਰ ਨਹੀਂ ਹੈ ਤਾਂ ਤੁਹਾਨੂੰ ਤਾਂ ਫਿਕਰ ਹੈ। ਬੈਠੋ ਤੁਸੀਂ, Let him continue. ਰਾਣਾ ਜੀ, ਕਰੋ ਜੀ ਗੱਲ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਰ, ਮੰਤਰੀ ਜੀ ਨੇ ਕਿਹਾ ਕਿ 66% ਡੀ.ਏ.ਪੀ. ਆਈ। ਇੱਕ ਮਿੰਟ ਦਿਉ ਤਾਂ ਸਹੀ। (ਵਿਘਨ)

**1015/mehak/Monika sharma**

**1020/Sukhpiar Singh**

**ਮਾਣਯੋਗ ਸਪੀਕਰ**: ਰਾਣਾ ਜੀ, ਬੋਲੋ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਰ, ਮੰਤਰੀ ਜੀ ਨੇ ਕਿਹਾ ਕਿ 66% ਡੀ.ਏ.ਪੀ. ਆਈ, ਇਸ ਤੋਂ ਬਾਅਦ ਅਗਲਾ ਪੁਆਇੰਟ ਇਹ ਸੀ ਕਿ ਬਾਕੀ 33% ਡੀ.ਏ.ਪੀ. ਜ਼ਿਮੀਂਦਾਰ ਨੂੰ ਕਿਸ ਤਰ੍ਹਾਂ ਦੇਵਾਂਗੇ? ਦੂਸਰਾ ਮੇਰਾ ਸਵਾਲ ਇਹ ਸੀ ਕਿ ਮਾਲ ਕਿੰਨੀ ਟੈਗਿੰਗ ਨਾਲ ਅਤੇ ਨੈਨੋ-ਯੂਰੀਆ ਨਾਲ ਯੂਰੀਆ ਦਿੱਤਾ ਗਿਆ, ਉਸ ਦਾ ਕੁਆਂਟਿਟੀ ਦਾ ਸਵਾਲ ਸੀ, ਉਸ ਦਾ ਜਵਾਬ ਨਹੀਂ ਆਇਆ। ਮੈਂ ਇੱਕ ਚੀਜ਼ ਮੰਤਰੀ ਸਾਹਿਬ ਨੂੰ ਹੋਰ ਪੁੱਛਣਾ ਚਾਹੁੰਦਾ ਹਾਂ ਕਿ ਕੁਆਂਟਿਟੀ ਦਾ ਜਵਾਬ ਦਿੱਤਾ ਜਾਵੇ ਅਤੇ ਦੂਜਾ ਪੀ.ਐਸ.ਬੀ. ਤੇ ਕੇ.ਐਸ.ਬੀ. ਇੱਕ ਚੀਜ਼ ਹੁੰਦੀ ਹੈ, ਇਸ ਨੂੰ ਪੋਟਾਸ਼ੀਅਮ ਸੋਲਿਊਬਲਾਈਜ਼ਿੰਗ ਬੈਕਟੀਰੀਆ, ਮੰਤਰੀ ਜੀ, ਇਹ ਡੀ.ਏ.ਪੀ. ਦੀ ਕਨਜ਼ੰਪਸ਼ਨ 30 ਤੋਂ 40% ਘਟਾ ਦਿੰਦਾ ਹੈ। (ਵਿਘਨ) (ਸ਼ੋਰ)

**ਮਾਣਯੋਗ ਸਪੀਕਰ**: ਕੁਐਸ਼ਚਨ ਕਰੋ ਜੀ,ਰਾਣਾ ਜੀ, ਕੁਐਸ਼ਚਨ ਕਰੋ। ਰਾਣਾ ਜੀ, ਸਵਾਲ ਪੁੱਛੋ।

**ਰਾਣਾ ਇੰਦਰ ਪ੍ਰਤਾਪ ਸਿੰਘ**: ਕੀ ਫਾਰਮਰ ਨੂੰ ਸਬਸਿਡੀ ਦੇਣ ਦੀ ਗੱਲ ਕੀਤੀ ਜਾ ਰਹੀ ਹੈ? (ਵਿਘਨ) (ਸ਼ੋਰ)

**ਮਾਣਯੋਗ ਸਪੀਕਰ**: ਮੰਤਰੀ ਜੀ, ਡੀ.ਏ.ਪੀ. ਦਾ ਜਵਾਬ ਦਿਉ ਜੀ, ਖੁੱਡੀਆਂ ਸਾਹਿਬ। ਇਨ੍ਹਾਂ ਨੂੰ (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਮੈਂਬਰਾਂ ਵੱਲ ਇਸ਼ਾਰਾ) ਕਿਸਾਨਾਂ ਦੀ ਫਿਕਰ ਨਹੀਂ ਹੈ। ਕੀ ਤੁਸੀਂ (ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਦੀਪ ਸਿੰਘ ਧਾਲੀਵਾਲ ਅਤੇ ਸਰਦਾਰ ਮਨਜੀਤ ਸਿੰਘ ਬਿਲਾਸਪੁਰ ਵੱਲ ਇਸ਼ਾਰਾ) ਇਨ੍ਹਾਂ ਦੇ ਨਾਲ ਹੋ? ਬੈਠੋ ਫਿਰ, ਤੁਸੀਂ ਬੈਠੋ, ਪਲੀਜ਼ sit down, sit down. (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮੰਤਰੀ**: ਮਾਣਯੋਗ ਐਮ.ਐਲ.ਏ. ਸਾਹਿਬ ਆਪਾਂ ਨੂੰ ਪੰਜ ਲੱਖ ਡੀ.ਏ.ਪੀ. ਕਣਕ ਵਾਸਤੇ ਚਾਹੀਦੀ ਸੀ। ਇਸ ਲਈ ਤਕਰੀਬਨ ਜਿਹੜੀ ਢਾਈ ਲੱਖ..(ਵਿਘਨ) (ਸ਼ੋਰ) ਮੇਰੀ ਗੱਲ ਇੱਧਰ ਧਿਆਨ ਨਾਲ ਸੁਣੋ, ਚਲੋ ਆਪਾਂ ਹੀ ਗੱਲ ਕਰ ਲੈਂਦੇ ਹਾਂ।

**ਮਾਣਯੋਗ ਸਪੀਕਰ**: ਮੰਤਰੀ ਜੀ, ਤੁਹਾਡੀ ਗੱਲ ਆ ਰਹੀ ਹੈ, ਤੁਸੀਂ ਚੇਅਰ ਨੂੰ ਐਡਰੈਸ ਕਰੋ।

**ਮੰਤਰੀ**: ਪੰਜ ਲੱਖ ਕਿੱਟਾਂ ਦੀ ਲੋੜ ਹੈ। ਅਕਤੂਬਰ ਤੱਕ 2.5 ਲੱਖ ਕਿੱਟ ਆ ਗਈ ਹੈ ਅਤੇ 54 ਹਜ਼ਾਰ ਮੀਟ੍ਰਿਕ ਟਨ ਪ੍ਰਾਪਤ ਹੋ ਗਈ ਹੈ, ਐਲੋਕੇਟ ਹੋ ਗਈ ਹੈ। 67 ਹਜ਼ਾਰ ਮੀਟ੍ਰਿਕ ਟਨ ਲਈ ਸ੍ਰੀ ਜੇ.ਪੀ. ਨੱਡਾ ਸਾਹਿਬ ਵੱਲੋਂ ਐਨਸ਼ਿਓਰ ਕੀਤਾ ਗਿਆ ਹੈ, ਥੋੜ੍ਹੇ ਸਮੇਂ ਵਿੱਚ ਭੇਜ ਦਿੱਤੀ ਜਾਵੇਗੀ। ਇਹ ਅਸੀਂ ਸਾਰੇ ਜਾਣਦੇ ਹਾਂ ਕਿ ਸੈਂਟਰ ਸਰਕਾਰ ਵੱਲੋਂ ਥੋੜ੍ਹੀ ਜਿਹੀ ਲੇਟ ਲਤੀਫੀ ਕੀਤੀ ਜਾਂਦੀ ਹੈ ਪਰ ਅਸੀਂ ਵਾਰ ਵਾਰ ਪੱਤਰ-ਵਿਹਾਰ ਅਤੇ ਟੈਲੀਫੋਨ ਰਾਹੀਂ ਇਹ ਮਸਲਾ ਹਰ ਵਾਰ ਹੱਲ ਕਰਵਾਉਂਦੇ ਰਹੇ ਹਾਂ। ਹੁਣ ਵੀ ਮੈਂ ਤੁਹਾਨੂੰ ਇਸ ਗੱਲ ਦਾ ਵਿਸ਼ਵਾਸ ਦਿਵਾਉਂਦਾ ਹਾਂ ਕਿ ਪੰਜਾਬ ਵਿੱਚ ਕੋਈ ਡੀ.ਏ.ਪੀ. ਜਾਂ ਯੂਰੀਆ ਖਾਦ ਦੀ ਦਿੱਕਤ ਨਹੀਂ ਆਵੇਗੀ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਰਾਣਾ ਜੀ, ਹੋ ਗਿਆ ਜੀ। ਰਾਣਾ ਜੀ, ਸਵਾਲ ਬਹੁਤ ਲੰਬਾ ਹੋ ਗਿਆ ਹੈ, ਹੁਣ ਆਪਾਂ ਅੱਗੇ ਚਲੀਏ। ਰਾਣਾ ਇੰਦਰ ਪ੍ਰਤਾਪ ਸਿੰਘ ਜੀ, ਬੋਲੋ।

**ਰਾਣਾ ਇੰਦਰ ਪ੍ਰਤਾਪ ਸਿੰਘ**: ਸਰ, ਤੁਸੀਂ ਬਹੁਤ ਵਧੀਆ ਉਪਰਾਲਾ ਕਰ ਰਹੇ ਹੋ। ਮੈਂ ਇਸ ਵਿੱਚ ਸਾਲਿਊਸ਼ਨ ਦੇਣਾ ਚਾਹੁੰਦਾ ਹਾਂ। ਪੀ.ਐਸ.ਬੀ. ਜਿਹੜੀ ਫਾਸਫੇਟ ਸੋਲਿਊਬਲ ਬੈਕਟੀਰੀਆ ਅਤੇ ਕੇ.ਐਸ.ਬੀ., ਪੋਟਾਸ਼ੀਅਮ ਸੋਲਿਊਬਲਾਈਜ਼ਿੰਗ ਬੈਕਟੀਰੀਆ, ਜਿਹੜੀ ਟੈਗਿੰਗ ਲੋਕਾਂ ਨੂੰ ਨੈਨੋ-ਯੂਰੀਆ ਅਤੇ ਨੈਨੋ-ਡੀ.ਏ.ਪੀ. ਦੀ ਮਿਲ ਰਹੀ ਹੈ, ਜੇ ਅਸੀਂ ਭਾਰਤ ਸਰਕਾਰ ਵੱਲੋਂ ਇਸ ਤੇ ਸਬਸਿਡੀ ਦੇਈਏ ਤਾਂ ਸਾਡੀ ਡੀ.ਏ.ਪੀ. ਦੀ ਖਪਤ 35 ਤੋਂ 40% ਘੱਟ ਜਾਵੇਗੀ ਤੇ ਇਸ ਦੀ ਸਬਸਿਡੀ ਅਮਾਊਂਟ ਭਾਰਤ ਸਰਕਾਰ ਤੋਂ ਲਈ ਜਾਵੇ, ਜਿਹੜੀ ਇੰਪੋਰਟ ਕਰਨ ਲਈ ਡੀ.ਏ.ਪੀ. ਲਈ ਸਬਸਿਡੀ ਦਿੰਦੀ ਹੈ। ਜ਼ਿਮੀਂਦਾਰ ਦੀ ਯੀਲਡ ਵੀ ਘਟੇਗੀ ਅਤੇ ਜਿਹੜਾ phosphorus rock ਫਾਰਮ ਵਿੱਚ ਆਲਰੇਡੀ ਸਾਡੇ ਖੇਤਾਂ ਵਿੱਚ ਅਨਯੂਟੀਲਾਈਜ਼ਡ ਪਿਆ ਹੈ, ਇਹ ਬੈਕਟੀਰੀਆ ਦਾ ਕੰਮ ਕਰਦੀ ਹੈ, ਜਿਹੜਾ ਅਵੇਲੇਬਲ ਪੋਟਾਸ਼ੀਅਮ ਅਤੇ ਫਾਸਫੇਟ ਹੈ, ਇਹ ਬੂਟੇ ਨੂੰ ਪ੍ਰੋਵਾਈਡ ਕਰਦੀ ਹੈ। ਸੋ, ਮੇਰੀ ਸਰਕਾਰ ਨੂੰ ਬੇਨਤੀ ਹੈ ਕਿ ਇਹ ਜ਼ਰੂਰ ਪ੍ਰੋਵਾਈਡ ਕੀਤਾ ਜਾਵੇ ਅਤੇ ਸਬਸਿਡੀ ਤੇ ਦਿੱਤਾ ਜਾਵੇ।

**ਮੰਤਰੀ**: ਮੈਂਬਰ ਸਾਹਿਬ, ਤੁਹਾਡਾ ਸੁਝਾਅ ਠੀਕ ਹੈ ਕਿ ਜੇ ਸਾਡੀ ਲਈ ਚੰਗੀ ਹੈ ਤਾਂ ਉਸ ਲਈ ਮੈਂ ਉਹ ਵੀ ਮੰਗ ਰੱਖ ਦੇਵਾਂਗਾ ਕਿ ਉਸ ਲਈ ਸਬਸਿਡੀ ਆਵੇ। ਤੁਹਾਡੇ ਲਈ ਲਾਹੇਵੰਦ ਹੈ ਤਾਂ ਪੰਜਾਬ ਸਰਕਾਰ ਹਮੇਸ਼ਾ ਪੰਜਾਬ ਦੇ ਕਿਸਾਨਾਂ ਦੀ ਲੋੜ ਨੂੰ ਪੂਰਾ ਕਰਨ ਲਈ ਹਮੇਸ਼ਾ ਆਪਣੇ ਵੱਲੋਂ ਜਿਹੜੀਆਂ ਸਮੇਂ ਸਮੇਂ ਤੇ ਕੋਸ਼ਿਸ਼ਾਂ ਰਹੀਆਂ ਹਨ, ਉਸ ਦੇ ਅਧੀਨ ਜਿਹੜਾ ਤੁਸੀਂ ਸੁਝਾਅ ਦਿੱਤਾ ਹੈ, ਅਸੀਂ ਬੈਠ ਕੇ ਇਸ ਗੱਲ ਬਾਰੇ ਮਸ਼ਵਰਾ ਕਰ ਲਵਾਂਗੇ। ਸੋ, ਮੈਂ ਇਹ ਚਾਹੁੰਦਾ ਹਾਂ ਕਿ ਸਾਨੂੰ ਕਿਸੇ ਗੱਲ ਦੀ ਮੁਸ਼ਕਿਲ ਨਾ ਆਵੇ, ਉਸ ਵਿੱਚ ਅਸੀਂ ਰਲ ਮਿਲ ਕੇ ਇਸ ਮੁਸ਼ਕਿਲ ਨੂੰ ਹੱਲ ਕਰਾਂਗੇ। ਸੋ, ਤੁਹਾਡਾ ਧੰਨਵਾਦ ਜੀ।

---

**ਨਿਸ਼ਾਨ ਵਾਲਾ ਪ੍ਰਸ਼ਨ ਨੰ. 2014**

(ਸਬੰਧਤ ਮੈਂਬਰ ਸਾਹਿਬਾਨ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**ਨਿਸ਼ਾਨ ਵਾਲਾ ਪ੍ਰਸ਼ਨ ਨੰ. 2030**

(ਸਬੰਧਤ ਮੈਂਬਰ ਸਾਹਿਬਾਨ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**ਆਰ.ਟੀ.ਏ. ਫਿਰੋਜ਼ਪੁਰ ਵੱਲੋਂ ਰੀਨਿਊ ਕੀਤੇ ਸਰਕਾਰੀ/ਪ੍ਰਾਈਵੇਟ ਬੱਸਾਂ ਦੇ ਪਰਮਿਟਾਂ ਦੇ ਵੇਰਵੇ**

***2011. ਸਰਦਾਰ ਹਰਦੀਪ ਸਿੰਘ ਡਿੰਪੀ ਢਿਲੋਂ:-** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਆਰ.ਟੀ.ਏ. ਫਿਰੋਜ਼ਪੁਰ ਕੋਲ ਮਾਰਚ 2026 ਤੋਂ ਹੁਣ ਤੱਕ ਸਰਕਾਰੀ/ਪ੍ਰਾਈਵੇਟ ਬੱਸਾਂ ਦੇ ਕਿੰਨੇ ਪੁਰਾਣੇ ਪਰਮਿਟ ਰੀਨਿਊ ਹੋਣ ਲਈ ਪ੍ਰਾਪਤ ਹੋਏ: ਇਨ੍ਹਾਂ ਵਿੱਚੋਂ ਕਿੰਨੇ ਸਰਕਾਰੀ/ਪ੍ਰਾਈਵੇਟ ਬੱਸਾਂ ਦੇ ਪਰਮਿਟ ਰੀਨਿਊ ਕੀਤੇ ਗਏ ਹਨ ਅਤੇ ਜਿਹੜੇ ਰੀਨਿਊ ਨਹੀਂ ਹੋਏ ਉਨ੍ਹਾਂ ਦੇ ਕੀ ਕਾਰਣ ਹਨ: ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਪਾਲ ਸਿੰਘ ਚੀਮਾ**: ਮਾਰਚ 2026 ਤੋਂ ਦਫ਼ਤਰ ਸਕੱਤਰ, ਰਿਜ਼ਨਲ ਟਰਾਂਸਪੋਰਟ ਅਥਾਰਟੀ, ਫਿਰੋਜ਼ਪੁਰ ਵਿਖੇ ਸਰਕਾਰੀ/ਪ੍ਰਾਈਵੇਟ ਬੱਸਾਂ ਦੇ ਕੁੱਲ 212 ਸਟੇਜ਼ ਕੈਰਿਜ਼ ਪਰਮਿਟ ਰੀਨਿਊ ਹੋਣ ਲਈ ਅਰਜ਼ੀਆਂ ਪ੍ਰਾਪਤ ਹੋਈਆਂ ਹਨ। ਇਨ੍ਹਾਂ ਵਿੱਚੋਂ ਸਰਕਾਰੀ/ਪ੍ਰਾਈਵੇਟ ਬੱਸਾਂ ਦੇ 131 ਪਰਮਿਟ ਰੀਨਿਊ ਕਰ ਦਿੱਤੇ ਗਏ ਹਨ। ਇਨ੍ਹਾਂ ਕੁੱਲ 212 ਸਟੇਜ਼ ਕੈਰਿਜ਼ ਪਰਮਿਟਾਂ ਵਿੱਚੋਂ ਬਾਕੀ ਰਹਿੰਦੇ 81 ਪਰਮਿਟ ਰੀਨਿਊਵਲ ਲਈ ਲੋੜੀਂਦੇ ਦਸਤਾਵੇਜਾਂ ਵਿੱਚ ਕਮੀਆਂ ਕਾਰਨ ਹਾਲੇ ਤੱਕ ਰੀਨਿਊ ਨਹੀਂ ਕੀਤੇ ਜਾ ਸਕੇ ਹਨ ਜੀ।

**1020/Sukhpiar Singh/Shubham jain**

**1025/Manika Rani**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਣਯੋਗ ਸਪੀਕਰ:** ਢਿੱਲੋਂ ਸਾਹਿਬ, ਕੀ ਤੁਹਾਡੀ ਕੋਈ ਸਪਲੀਮੈਂਟਰੀ ਹੈ। ਤੁਹਾਡੇ ਕੋਲ ਰਿਪਲਾਈ ਆ ਗਿਆ ਹੈ।

**ਸਰਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ :** ਸਰ, ਮੈਂ ਤਾਂ ਇਹੀ ਕੁਐਸਚਨ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਆਪਾਂ ਵਿਧਾਨ ਸਭਾ ਵਿੱਚ ਕੁਐਸਚਨ ਲਗਾਉਂਦੇ ਹਾਂ, ਇਸ ਦੀ ਇੰਪਾਰਟੈਂਸ ਕਿੰਨੀ-ਕੁ ਹੁੰਦੀ ਹੈ? ਇਹ ਕੁਐਸਚਨ ਆਵਰ ਕਿੰਨਾ-ਕੁ ਇੰਪਾਰਟੈਂਟ ਹੁੰਦਾ ਹੈ? ਸਮਝ ਨਹੀਂ ਆ ਰਹੀ ਹੈ ਕਿ ਇੱਥੇ ਕਿਹੜਾ ਭੁਚਾਲ ਆ ਗਿਆ ਹੈ। ਸਮਝ ਨਹੀਂ ਆ ਰਹੀ ਹੈ ਕਿ ਇੱਥੇ ਕਿੰਨੀ-ਕੁ ਵੱਡੀ ਗੱਲ ਹੋ ਗਈ ਹੈ। (ਵਿਘਨ, ਸ਼ੋਰ)

**ਮੰਤਰੀ :** ਸਪੀਕਰ ਸਾਹਿਬ, ਮੈਂ ਪਹਿਲਾਂ ਇਨ੍ਹਾਂ ਨੂੰ ਰਿਪਲਾਈ ਦੇ ਦੇਵਾਂ। (ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ ਵੱਲ ਇਸ਼ਾਰਾ ਕਰਦੇ ਹੋਏ।) ਸਪੀਕਰ ਸਾਹਿਬ, ਇੱਥੇ ਸਿੱਖਾਂ ਦੀ ਕਾਤਲ ਜਮਾਤ ਖੜ੍ਹੀ ਹੈ। ਪੰਜਾਬੀ ਦੀ ਜਵਾਨੀ ਨੂੰ ਬਰਬਾਦ ਕਰਕੇ, ਪੰਜਾਬ ਵਿੱਚ ਚਿੱਟਾ ਲਿਆ ਕੇ, ਗੁਟਕਾ ਸਾਹਿਬ ਦੀਆਂ ਝੂਠੀਆਂ ਸਹੁੰਆਂ ਖਾ ਕੇ, ਅੱਜ ਇਹ ਪੰਜਾਬ ਦੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ। ਅੱਜ ਇਹ ਲਾਸ਼ਾਂ ਤੇ ਰਾਜਨੀਤੀ ਕਰ ਰਹੇ ਹਨ। (ਵਿਘਨ, ਸ਼ੋਰ) ਇਹੀ ਪਰਗਟ ਸਿੰਘ, ਜਿਹੜਾ ਹੁਣੇ-ਹੁਣੇ ਕਾਂਗਰਸ ਪਾਰਟੀ ਦਾ ਪ੍ਰਧਾਨ ਬਣਿਆ ਹੈ। ਜਦੋਂ ਪੰਜਾਬ ਵਿੱਚ ਪਹਿਲੀ ਵਾਰ ਚਿੱਟਾ ਪ੍ਰਵੇਸ਼ ਕੀਤਾ ਸੀ ਤਾਂ ਇਹ ਬੀ.ਜੇ.ਪੀ. ਅਤੇ ਅਕਾਲੀ ਦਲ ਪਾਰਟੀ ਦਾ ਹਿੱਸਾ ਸੀ। ਪੰਜਾਬ ਵਿੱਚ ਲੋਕਾਂ ਨੇ ਪਹਿਲੀ ਵਾਰ ਚਿੱਟੇ ਦਾ ਨਾਂ ਪਰਗਟ ਸਿੰਘ ਦੀ ਸਾਬਕਾ ਸਰਕਾਰ ਅਕਾਲੀ ਦਲ ਪਾਰਟੀ ਵੇਲੇ ਸੁਣਿਆ ਸੀ। ਅੱਜ ਇਹ ਲੋਕ ਸਿਆਸਤ ਕਰ ਰਹੇ ਹਨ। ਪੰਜਾਬ ਅਸੈਂਬਲੀ ਦੇ ਅੰਦਰ ਇੱਕ ਮੈਂਬਰ ਖੜ੍ਹਾ ਹੈ, ਜਿਸ ਦੇ ਸਾਥੀ ਸਰਦਾਰ ਗੁਰਦੇਵ ਸਿੰਘ ਦੇਬੀ ਨੂੰ ਅਦਾਲਤ ਵੱਲੋਂ 20 ਸਾਲ ਦੀ ਸਜ਼ਾ ਕੀਤੀ ਗਈ ਸੀ ਅਤੇ ਉਸ ਦਾ ਕੁਨੈਕਸ਼ਨ ਪਾਕਿਸਤਾਨ ਵੱਲੋਂ ਹੋ ਰਹੀ ਸਮੱਗਲਿੰਗ ਨਾਲ ਸੀ। (ਵਿਘਨ, ਸ਼ੋਰ) ਉਸ ਸਮੱਗਲਿੰਗ ਵਿੱਚ ਇਨ੍ਹਾਂ ਦੇ ਚੇਅਰਮੈਨ ਸਰਦਾਰ ਗੁਰਦੇਵ ਸਿੰਘ ਦੇਬੀ ਦਾ ਹੱਥ ਸੀ। ਉਹ ਸੁਖਪਾਲ ਸਿੰਘ ਖਹਿਰਾ ਦਾ ਦੋਸਤ ਸੀ। ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਜਦੋਂ ਪੰਜਾਬ ਦੇ ਅੰਦਰ ਗੁਰੂ ਗ੍ਰੰਥ ਸਾਹਿਬ ਦੀ ਨਕੋਦਰ ਵਿਖੇ ਬੇਅਦਬੀ ਹੋਈ ਸੀ, ਉਸ ਸਮੇਂ ਸਰਦਾਰ ਸੁਖਪਾਲ ਸਿੰਘ ਖਹਿਰਾ ਦੇ ਪਿਤਾ ਕੈਬਨਿਟ ਵਿੱਚ ਮੰਤਰੀ ਸਨ ਅਤੇ ਇਨ੍ਹਾਂ ਦਾ ਰਿਸ਼ਤੇਦਾਰ ਉਥੇ ਐਸ.ਐਚ.ਓ. ਲੱਗਿਆ ਹੋਇਆ ਸੀ। ਸਪੀਕਰ ਸਾਹਿਬ, ਪੰਜਾਬ ਦੇ ਲੋਕਾਂ ਸਾਹਮਣੇ ਉਹ ਰਿਪੋਰਟ ਜਨਤਕ ਕੀਤੀ ਜਾਵੇ ਕਿ ਇਨ੍ਹਾਂ ਦੇ ਰਿਸ਼ਤੇਦਾਰ ਨੇ ਚਾਰ ਨੌਜਵਾਨਾਂ ਦੇ ਮੂੰਹ ਵਿੱਚ ਗੋਲੀ ਮਾਰ ਕੇ ਕਤਲ ਕੀਤਾ ਸੀ। ਐਸ.ਐਚ.ਓ. ਕਿਸ ਨੇ ਲਗਾਇਆ ਸੀ, ਇਨ੍ਹਾਂ ਦੇ ਪਿਤਾ ਜੀ ਨੇ ਲਗਾਇਆ ਸੀ। (ਵਿਘਨ, ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ ਅਤੇ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਨਾਲ ਬਹਿਸ ਰਹੇ ਸਨ। ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ।)

**ਮੰਤਰੀ :** ਚਿੱਟੇ ਦਾ ਵਪਾਰੀ, ਮਿਸਟਰ ਸੁਖਪਾਲ ਖਹਿਰਾ। ਚਿੱਟੇ ਦਾ ਵਪਾਰੀ, ਮਿਸਟਰ ਪਰਗਟ ਸਿੰਘ। ਇਨ੍ਹਾਂ ਬਾਰੇ ਸਾਰਾ ਪੰਜਾਬ ਜਾਣਦਾ ਹੈ। (ਵਿਘਨ, ਸ਼ੋਰ) ਇਨ੍ਹਾਂ ਨੇ ਪਵਿੱਤਰ ਗੁਰੂ ਗ੍ਰੰਥ ਸਾਹਿਬ ਦੀਆਂ ਬੀੜਾਂ ਸਾੜੀਆਂ ਸਨ। ਚਾਰ ਨੌਜਵਾਨਾਂ ਦਾ ਕਤਲ ਕੀਤਾ ਸੀ। ਇਸ ਦੇ ਭੂਆ ਦੇ ਮੁੰਡੇ ਨੇ ਚਾਰ ਕਤਲ ਕੀਤੇ ਸਨ। ਚਾਰ ਨੌਜਵਾਨ ਮੁੰਡਿਆਂ ਦੇ ਮੂੰਹਾਂ ਵਿੱਚ ਗੋਲੀਆਂ ਮਾਰ ਕੇ ਕਤਲ ਕੀਤੇ ਸਨ। ਇਸ ਦੀ ਭੂਆ ਦਾ ਮੁੰਡਾ ਕਾਤਲ। (ਵਿਘਨ, ਸ਼ੋਰ) ਜਿਹੜਾ ਤੁਹਾਡੇ ਪਿਤਾ ਨੇ ਅਪੁਆਇੰਟ ਕੀਤਾ ਸੀ, ਉਹ ਭੂਆ ਦਾ ਮੁੰਡਾ ਕਾਤਲ ਸੀ ਕਿਉਂਕਿ ਇਨ੍ਹਾਂ ਨੇ ਹੀ ਉਸ ਨੂੰ ਐਸ.ਐਚ.ਓ. ਲਗਾਇਆ

ਸੀ। ਇਹ ਅੱਜ ਸਿਆਸਤ ਕਰ ਰਹੇ ਹਨ। ਪੰਜਾਬ ਸਭ ਕੁਝ ਜਾਣਦਾ ਹੈ। ਤੇਰੀ ਹਿਸਟਰੀ ਸਾਰੇ ਜਾਣਦੇ ਹਨ ਕਿ ਤੂੰ ਚਿੱਟੇ ਦਾ ਵਪਾਰੀ ਹੈ। ਤੂੰ ਨਸ਼ੇ ਦਾ ਵਪਾਰੀ ਹੈ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ:** ਮੰਤਰੀ ਜੀ, ਜਵਾਬ ਦਿਉ। ਤੁਹਾਡੀ ਗੱਲ ਹੋ ਰਹੀ ਹੈ। ਤੁਸੀਂ ਜਵਾਬ ਤੇ ਆਉ। (ਵਿਘਨ, ਸ਼ੋਰ)

**ਮੰਤਰੀ :** ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਇਸ ਤੋਂ ਬਾਅਦ ਇਹ ਮੇਰੇ ਕੋਲ ਚੈਂਬਰ ਵਿੱਚ ਆ ਜਾਣ। ਮੈਂ ਉਨ੍ਹਾਂ ਦਾ ਸਾਰਾ ਕੰਮ ਵਿਦਇਨ ਵਨ ਮੰਥ ਕਰਵਾ ਦੇਵਾਂਗਾ।

**ਮਾਣਯੋਗ ਸਪੀਕਰ:** ਡਿੰਪੀ ਜੀ, ਤੁਸੀਂ ਮੰਤਰੀ ਜੀ ਨੂੰ ਚੈਂਬਰ ਵਿੱਚ ਮਿਲ ਲੈਣਾ। He'll get all the things sorted out.

**ਸਰਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ:** ਸਪੀਕਰ ਸਾਹਿਬ, ਸਮਝ ਨਹੀਂ ਆਇਆ ਹੈ ਕਿ ਤੁਸੀਂ ਕੀ ਆਖਿਆ ਹੈ।

**ਮਾਣਯੋਗ ਸਪੀਕਰ:** ਤੁਸੀਂ ਮੰਤਰੀ ਜੀ ਨੂੰ ਚੈਂਬਰ ਵਿੱਚ ਮਿਲ ਲੈਣਾ।

**ਸਰਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ:** ਸਪੀਕਰ ਸਾਹਿਬ, ਇਨ੍ਹਾਂ ਨੂੰ ਪਾਣੀ ਪਿਲਾ ਦਿਉ। ਹੋਰ ਤਕੜੇ ਹੋ ਜਾਣਗੇ ਕਿਉਂਕਿ ਇਨ੍ਹਾਂ ਦੇ ਬੋਲ-ਬੋਲ ਕੇ ਗਲੇ ਥੱਕ ਗਏ ਹੋਣਗੇ।

**ਮਾਣਯੋਗ ਸਪੀਕਰ:** ਮੈਨੂੰ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ। (ਵਿਘਨ, ਸ਼ੋਰ)

**ਸਰਦਾਰ ਹਰਦੀਪ ਸਿੰਘ ਡਿੰਪੀ ਢਿੱਲੋਂ:** ਸਪੀਕਰ ਸਾਹਿਬ, ਮੈਂ ਤਾਂ ਇਹ ਕਹਿਣਾ ਚਾਹੁੰਦਾ ਹਾਂ ਕਿ ਜਿਹੜਾ ਸਦਨ ਵਿੱਚ ਕੁਐਸਚਨ ਲੱਗਦਾ ਹੈ, ਇਸ ਦੀ ਇੰਪਾਰਟੈਂਸ ਆਪੋਜ਼ੀਸ਼ਨ ਨੂੰ ਜ਼ਰੂਰ ਦੱਸਣੀ ਚਾਹੀਦੀ ਹੈ । ਇਹ ਕਹਿ ਰਹੇ ਹਨ ਕਿ ਫਿਰ ਕੀ ਹੋਇਆ ਜੇ ਕੁਐਸਚਨ ਲੱਗੇ ਹਨ। ਇਨ੍ਹਾਂ ਨੂੰ ਇੰਪਾਰਟੈਂਸ ਜ਼ਰੂਰ ਦੱਸਣੀ ਚਾਹੀਦੀ ਹੈ। (ਵਿਘਨ, ਸ਼ੋਰ)

**ਮਾਣਯੋਗ ਸਪੀਕਰ:** ਚਲੋ, ਤੁਹਾਡਾ ਹੋ ਗਿਆ ਜੀ। ਹਾਂ ਜੀ, ਜ਼ਰੂਰ ਦੱਸਾਂਗੇ। ਮੈਂ ਸਾਰੇ ਮਾਣਯੋਗ ਮੈਂਬਰ ਸਾਹਿਬਾਨ ਨੂੰ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜਿਹੜੇ ਸਵਾਲ ਹਨ, ਇਹ ਪੰਜਾਬ ਦੇ ਲੋਕਾਂ ਦੇ ਸਵਾਲ ਹਨ। ਕ੍ਰਿਪਾ ਕਰਕੇ ਤੁਸੀਂ ਇਸ ਤਰ੍ਹਾਂ ਨਾ ਕਰੋ। ਜਿਹੜੇ ਆਪੋਜ਼ੀਸ਼ਨ ਦੇ ਮੈਂਬਰ ਹਨ, ਇਹ ਚਾਰ-ਚਾਰ, ਪੰਜ-ਪੰਜ ਵਾਰ ਮੈਂਬਰ ਬਣ ਕੇ ਆਏ ਹਨ ਅਤੇ ਤੁਹਾਡਾ ਤਜ਼ਰਬਾ ਤਾਂ ਬੜਾ ਹੈ। ਤੁਸੀਂ ਆਪਣਾ ਪ੍ਰੋਟੈਸਟ ਸਵਾਲਾਂ ਤੋਂ ਬਾਅਦ ਵੀ ਕਰ ਸਕਦੇ ਹੋ। ਜਿਹੜੇ ਫਸਟ ਟਾਈਮ ਮੈਂਬਰ ਬਣੇ ਹਨ, ਉਨ੍ਹਾਂ ਨੇ ਤਾਂ ਤੁਹਾਡੇ ਕੋਲੋਂ ਸਿੱਖਣਾ ਹੁੰਦਾ ਹੈ। ਕਮਾਲ ਦੀ ਗੱਲ ਹੈ। (ਵਿਘਨ, ਸ਼ੋਰ)। ਤੁਸੀਂ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਕਰਨ ਲਈ ਜਿਹੜੇ ਵਿਧਾਨ ਸਭਾ ਵਿੱਚ ਕੁਐਸਚਨ ਲੱਗੇ ਹਨ, ਉਨ੍ਹਾਂ ਨੂੰ ਸੁਣਨ ਨਹੀਂ ਦੇ ਰਹੇ ਹੋ। ਇੱਥੇ ਸੋਲਿਊਸ਼ਨ ਵਾਸਤੇ ਕੁਐਸਚਨ ਲੱਗਦੇ ਹਨ। ਇਸ ਦਾ ਮਤਲਬ ਜਿਹੜੇ ਸਾਡੇ ਵਿਰੋਧੀ ਧਿਰ ਦੇ ਮੈਂਬਰ ਚਾਰ-ਚਾਰ, ਪੰਜ-ਪੰਜ ਵਾਰ ਵਿਧਾਨ ਸਭਾ ਵਿੱਚ ਚੁਣੇ ਕੇ ਆਏ ਹਨ, ਉਹ ਨਹੀਂ ਚਾਹੁੰਦੇ ਹਨ ਕਿ ਪੰਜਾਬ ਦੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਹੋਵੇ। (ਵਿਘਨ, ਸ਼ੋਰ)

**1025/Manika Rani/Shubham jain**

**1030/Gurpreet kaur**

## ਫਤਿਹਾਬਾਦ ਦੇ ਪ੍ਰਾਇਮਰੀ ਹੈਲਥ ਸੈਂਟਰ ਦੀ ਮੁਰੰਮਤ ਕਰਵਾਉਣਾ

*** 2006. ਸਰਦਾਰ ਮਨਜਿੰਦਰ ਸਿੰਘ ਲਾਲਪੁਰਾ**: ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:-

ੳ) ਕੀ ਇਹ ਠੀਕ ਹੈ ਕਿ ਹਲਕਾ ਖਡੂਰ ਸਾਹਿਬ ਦੇ ਕਸਬਾ ਫਤਿਹਾਬਾਦ ਵਿਖੇ ਸਥਿਤ ਪ੍ਰਾਇਮਰੀ ਹੈਲਥ ਸੈਂਟਰ, ਜਿਸ ਵਿੱਚ ਆਮ ਆਦਮੀ ਕਲੀਨਿਕ ਵੀ ਚੱਲ ਰਿਹਾ ਹੈ, ਦੇ ਕੁਝ ਕਮਰੇ ਜਰਜਰ ਹੋ ਗਏ ਹਨ ਅਤੇ ਵਰਤੋਂ ਯੋਗ ਨਹੀਂ ਰਹੇ ਅਤੇ ਇਸਦੀ ਇਮਾਰਤ ਦੇ ਆਲੇ-ਦੁਆਲੇ ਪਾਣੀ ਖੜ੍ਹਾ ਰਹਿਣ ਕਾਰਨ ਹਸਪਤਾਲ ਦੀ ਇਮਾਰਤ ਨੂੰ ਨੁਕਸਾਨ ਪਹੁੰਚ ਰਿਹਾ ਹੈ; ਜੇਕਰ ਅਜਿਹਾ ਹੈ ਤਾਂ ਇਸ ਹਸਪਤਾਲ ਦੀ ਇਮਾਰਤ ਨੂੰ ਸੁਰੱਖਿਅਤ ਕਰਨ, ਪਾਣੀ ਦੇ ਪ੍ਰਭਾਵ ਤੋਂ ਬਚਾਉਣ ਅਤੇ ਲੋੜੀਂਦੀ ਮੁਰੰਮਤ ਕਰਵਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ;ਜੇਕਰ ਹੈ ਤਾਂ ਇਸ ਕੰਮ ਕਦੋਂ ਤੱਕ ਮੁਕੰਮਲ ਕੀਤੇ ਜਾਣ ਦੀ ਸੰਭਾਵਨਾ ਹੈ;

ਅ) ਕੀ ਇਹ ਵੀ ਠੀਕ ਹੈ ਕਿ ਪ੍ਰਾਇਮਰੀ ਹੈਲਥ ਸੈਂਟਰ ਦੀ ਮਲਕੀਅਤ ਵਾਲੀ ਜ਼ਮੀਨ 'ਤੇ ਗੈਰ-ਕਾਨੂੰਨੀ ਕਬਜ਼ੇ ਕੀਤੇ ਹੋਏ ਹਨ; ਜੇਕਰ ਅਜਿਹਾ ਹੈ ਤਾਂ ਉਨ੍ਹਾਂ ਕਬਜ਼ਿਆਂ ਨੂੰ ਹਟਾ ਕੇ ਹਸਪਤਾਲ ਦੀ ਜ਼ਮੀਨ ਨੂੰ ਕਬਜ਼ਾ-ਮੁਕਤ ਕਰਵਾਉਣ ਲਈ ਕੀ ਕਾਰਵਾਈ ਕੀਤੀ ਗਈ ਹੈ; ਵੇਰਵੇ ਸਹਿਤ ਦੱਸਿਆ ਜਾਵੇ?

**ਡਾਕਟਰ ਬਲਬੀਰ ਸਿੰਘ ਜੀ**: ਸ਼੍ਰੀਮਾਨ ਜੀ,

ੳ) ਪ੍ਰਾਇਮਰੀ ਹੈਲਥ ਸੈਂਟਰ ਫਤਿਹਾਬਾਦ ਨੂੰ ਅਪਗ੍ਰੇਡ ਕਰਕੇ ਆਮ ਆਦਮੀ ਕਲੀਨਿਕ ਬਣਾਇਆ ਗਿਆ ਹੈ ਅਤੇ ਉਸ ਦੀ ਬਿਲਡਿੰਗ ਵਧੀਆ ਹਾਲਤ ਵਿੱਚ ਹੈ। ਹੁਣ ਤੱਕ ਆਮ ਆਦਮੀ ਕਲੀਨਿਕ ਫਤਿਹਾਬਾਦ ਦੀ ਕੁੱਲ ੳ.ਪੀ.ਡੀ 83037 ਹੋ ਚੁੱਕੀ ਹੈ। ਜਿਹੜੇ ਕਮਰੇ ਖਰਾਬ ਹਾਲਤ ਵਿੱਚ ਹਨ ਉਹ ਕਮਰੇ ਸਬ-ਸੈਂਟਰ ਦੇ ਹਨ। ਪ੍ਰਾਇਮਰੀ ਹੈਲਥ ਸੈਂਟਰ ਫਤਿਹਾਬਾਦ ਦੀ ਨਵੀਂ ਬਿਲਡਿੰਗ ਬਣਾਉਣ ਲਈ ਕਾਰਵਾਈ ਆਰੰਭੀ ਜਾ ਚੁੱਕੀ ਹੈ ਅਤੇ ਐਕਜ਼ੀਕਿਊਟਿਵ ਏਜੰਸੀ ਨੂੰ ਐਸਟੀਮੇਟ ਤਿਆਰ ਕਰਨ ਲਈ ਲਿਖ ਦਿੱਤਾ ਗਿਆ ਹੈ।

ਅ) ਪ੍ਰਾਇਮਰੀ ਹੈਲਥ ਸੈਂਟਰ ਫਤਿਹਾਬਾਦ ਦੀ ਜ਼ਮੀਨ ਉੱਪਰ ਪੱਕੇ ਤੋਰ ਤੇ ਕਿਸੇ ਦਾ ਕਬਜ਼ਾ ਨਹੀਂ ਹੈ ਜੋ ਸੈਂਟਰ ਦੀ ਖਾਲੀ ਥਾਂ ਹੈ ਉਸ ਵਿੱਚ ਪਿੰਡ ਵਾਸੀਆ ਵੱਲੋਂ ਲੱਕੜਾਂ ਸੁੱਟੀਆਂ ਹੋਈਆਂ ਹਨ।

ਮਾਣਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਮਾਣਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ 02 ਕਰੋੜ 15 ਲੱਖ ਦਾ ਬਜਟ ਸੈਂਕਸ਼ਨ ਕਰ ਦਿੱਤਾ ਹੈ। 21-10-2026 ਨੂੰ ਮੰਡੀ ਬੋਰਡ ਨੂੰ ਚਿੱਠੀ ਵੀ ਲਿਖ ਦਿੱਤੀ ਗਈ ਹੈ। ਜਿੰਨੀਆਂ ਵੀ ਇਨ੍ਹਾਂ ਦੀਆਂ ਡਿਮਾਂਡਾਂ ਹਨ, ਨਵੀਂ ਬਿਲਡਿੰਗ ਬਣਾਈ ਜਾਵੇਗੀ। ਉੱਥੇ ਪਾਣੀ ਦਾ ਬੰਦੋਬਸਤ ਵੀ

ਕੀਤਾ ਜਾਵੇਗਾ। ਜਿਹੜਾ ਉੱਥੇ ਪੱਕੇ ਤੌਰ ਤੇ ਕਬਜ਼ਾ ਨਹੀਂ ਕੀਤਾ ਹੋਇਆ। ਉਹ ਸਾਰਾ ਕੁਝ ਠੀਕ ਕਰਕੇ 06 ਮਹੀਨੇ ਦੇ ਵਿੱਚ ਵਿੱਚ ਨਵੀਂ ਬਿਲਡਿੰਗ ਬਣਾ ਕੇ ਕੰਮ ਮੁਕੰਮਲ ਕਰ ਦਿੱਤਾ ਜਾਵੇਗਾ। ਧੰਨਵਾਦ ਜੀ।

**ਸਰਦਾਰ ਮਨਜਿੰਦਰ ਸਿੰਘ ਲਾਲਪੁਰਾ**: ਸਪੀਕਰ ਸਾਹਿਬ, ਮੈਂ ਮਨਿਸਟਰ ਸਾਹਿਬ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਸਾਨੂੰ ਢਾਈ ਕਰੋੜ ਦੇ ਲਗਭਗ ਰਕਮ ਦਿੱਤੀ ਹੈ ਅਤੇ ਹਸਪਤਾਲ ਬਣਾਉਣ ਲਈ ਐਸਟੀਮੇਟ ਵੀ ਮੰਗਵਾਇਆ ਹੈ। ਇਸ ਦੇ ਲਈ ਮੈਂ ਮਨਿਸਟਰ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ।

**ਮੰਤਰੀ**: ਮਾਣਯੋਗ ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨਾਲ ਮਿਲ ਕੇ ਅਤੇ ਇਨ੍ਹਾਂ ਦੀ ਸਾਰੀ ਗੱਲ ਸੁਣ ਕੇ ਜੋ ਵੀ ਕੁਝ ਕਹਿਣਗੇ ਉਹ ਸਭ ਕੁਝ ਹੱਲ ਕਰਵਾਵਾਂਗਾ। ਬਜਟ ਦੇ ਦਿੱਤਾ ਗਿਆ ਹੈ। ਏਜੰਸੀ ਵੀ ਫਿਕਸ ਕਰ ਦਿੱਤੀ ਗਈ ਹੈ। ਸਾਰੇ ਕੰਮ ਦਾ ਪ੍ਰੋਸੈਸ ਸ਼ੁਰੂ ਹੋ ਗਿਆ ਹੈ। ਮੈਂ ਇਨ੍ਹਾਂ ਦਾ ਸਾਰਾ ਕੰਮ ਕਰਵਾ ਕੇ ਦੇਵਾਂਗਾ। ਧੰਨਵਾਦ ਜੀ।

**ਮਾਣਯੋਗ ਸਪੀਕਰ**: ਧੰਨਵਾਦ ਜੀ। ਸਰਦਾਰ ਕਰਮਬੀਰ ਸਿੰਘ।

--------

## ਹਲਕਾ ਦਸੂਹਾ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੇ ਵੇਰਵੇ

***2012 ਸਰਦਾਰ ਕਰਮਬੀਰ ਸਿੰਘ** :- ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਹਲਕਾ ਦਸੂਹਾ ਦੇ ਸਾਰੇ ਬਲਾਕਾਂ ਵਿਚ ਕਿੰਨੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਨ, ਕਿੰਨੇ ਸਕੂਲਾਂ ਵਿਚ ਪ੍ਰਿੰਸੀਪਲ ਹਨ, ਕਿੰਨੇ ਸਟੇਸ਼ਨ ਖਾਲੀ ਹਨ ਅਤੇ ਕਦੋਂ ਤੱਕ ਇਹ ਖਾਲੀ ਸਟੇਸ਼ਨ ਭਰ ਦਿੱਤੇ ਜਾਣਗੇ, ਵੇਰਵੇ ਸਹਿਤ ਦਸਿਆ ਜਾਵੇ ?

**ਸਰਦਾਰ ਹਰਜੋਤ ਸਿੰਘ ਬੈਂਸ:** ਜੀ ਹਾਂ, ਹਲਕਾ ਦਸੂਹਾ ਜ਼ਿਲ੍ਹਾ ਹੁਸ਼ਿਆਪੁਰ ਵਿਖੇ 22 ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਨ, 17 ਸਕੂਲਾਂ ਵਿਚ ਪ੍ਰਿੰਸੀਪਲ ਤੈਨਾਤ ਹਨ 05 ਸਟੇਸ਼ਨ ਖਾਲੀ ਹਨ ਅਤੇ ਖਾਲੀ ਸਟੇਸ਼ਨਾਂ ਸਬੰਧੀ ਦਸਿਆ ਜਾਂਦਾ ਹੈ ਕਿ ਸਿ:ਰਿ:ਪਟੀ; ਨੰ: 27292 ਆਫ 2026 ਸੰਦੀਪ ਸੂਦ ਅਤੇ ਹੋਰ ਬਨਾਮ ਪੰਜਾਬ ਸਰਕਾਰ ਰਾਹੀਂ ਪ੍ਰਿੰਸੀਪਲਾਂ ਦੀ ਭਰਤੀ ਸਬੰਧੀ ਸਟੇਅ ਲੱਗੀ ਹੈ। ਭਵਿੱਖ ਵਿਚ ਜਦੋਂ ਵੀ ਸਿੱਧੀ ਭਰਤੀ ਸਬੰਧੀ ਕਾਰਵਾਈ ਆਰੰਭੀ ਜਾਵੇਗੀ ਉਦੋਂ ਹੀ ਇਹਨਾਂ ਖਾਲੀ ਅਸਾਮੀਆਂ ਨੂੰ ਭਰਨ ਦੇ ਉਪਰਾਲੇ ਕੀਤੇ ਜਾਣਗੇ। 750 ਪ੍ਰਿੰਸੀਪਲਾਂ ਦੀ ਪ੍ਰਮੋਸ਼ਨ ਕਰ ਦਿੱਤੀ ਗਈ ਸੀ ਪਰ ਉਸ ਤੇ ਵੀ ਮਾਣਯੋਗ ਹਾਈ ਕੋਰਟ ਵੱਲੋਂ ਰੋਕ ਲਗਾ ਦਿੱਤੀ ਗਈ ਹੈ। We are fighting that case. Thank you.

**ਸਰਦਾਰ ਕਰਮਬੀਰ ਸਿੰਘ:** ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸਕੂਲ ਆਫ ਐਮੀਨੈਂਸ ਵਿੱਚ ਵੀ ਇਸ ਸਮੇਂ ਪ੍ਰਿੰਸੀਪਲ ਨਹੀਂ ਹਨ। ਸਾਡੇ ਹਲਕੇ ਵਿੱਚ 2 ਮੈਰੀਟੋਰੀਅਸ ਸਕੂਲ ਹਨ, ਉਨ੍ਹਾਂ ਵਿੱਚ ਵੀ ਪ੍ਰਿੰਸੀਪਲ ਨਹੀਂ ਹੈ। ਜੇਕਰ ਭਰਤੀ ਤੇ ਰੋਕ ਲੱਗੀ ਹੈ ਤਾਂ ਮੰਤਰੀ ਸਾਹਿਬ ਬਦਲੀ ਤਾ ਕਰ ਹੀ ਸਕਦੇ ਹਨ। ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕਦੋਂ ਤੱਕ ਬਦਲੀ ਕਰ ਦਿੱਤੀ ਜਾਵੇਗੀ।

**ਮੰਤਰੀ**: ਸਰ, ਮੈਂ ਐਮ.ਐਲ.ਏ. ਸਾਹਿਬ ਨਾਲ ਬੈਠ ਕੇ needful arrangements ਕਰ ਲਵਾਂਗਾ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਸਰਦਾਰ ਦਲਬੀਰ ਸਿੰਘ ਜੀ।

-------

## ਹਲਕਾ ਬਾਬਾ ਬਕਾਲਾ ਵਿਖੇ ਰਜਬਾਹੇ ਅਤੇ ਸੂਇਆਂ ਨੂੰ ਪੱਕਾ ਕਰਨਾ

*** 2041. ਸਰਦਾਰ ਦਲਬੀਰ ਸਿੰਘ ਟੌਂਗ**: ਕੀ ਜਲ ਸਰੋਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਹ ਠੀਕ ਹੈ ਕਿ ਹਲਕਾ ਬਾਬਾ ਬਕਾਲਾ ਵਿਖੇ ਮਾਧੋਪੁਰ ਹੈੱਡ ਤੋਂ ਗਗੜਪਾਣਾ ਰਈਆ ਨਾਗੋਕੇ ਘਰਾਟ ਹੁੰਦੀ ਹੋਈ ਅੱਗੇ ਪੱਟੀ ਵੱਲ ਨਿਕਲ ਜਾਣ ਵਾਲੀ ਨਹਿਰ ਅਤੇ ਇਸ ਵਿੱਚੋਂ ਨਿਕਲਣ ਵਾਲੇ ਸੈਂਕੜੇ ਰਜਬਾਹੇ ਅਤੇ ਸੂਇਆਂ ਦੀ ਹਾਲਤ ਖਰਾਬ ਹੋ ਚੁੱਕੀ ਹੈ ਜਿਨ੍ਹਾਂ ਨਾਲ ਸਭ ਤੋਂ ਵੱਧ ਸਿੰਚਾਈ ਹੁੰਦੀ ਹੈ; ਜੇਕਰ ਅਜਿਹਾ ਹੈ ਤਾਂ ਇਹਨਾਂ ਨੂੰ ਪੱਕੇ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸ੍ਰੀ ਬਰਿੰਦਰ ਕੁਮਾਰ ਗੋਇਲ:** ਪ੍ਰਸ਼ਨ ਵਿੱਚ ਦਰਜ ਪਿੰਡਾਂ ਨੂੰ ਪਾਣੀ ਸਪਲਾਈ ਕਰਨ ਵਾਲੀਆਂ ਨਹਿਰਾਂ ਦੀ ਹਾਲਤ ਚੰਗੀ ਹੈ ਅਤੇ ਇਹ ਨਹਿਰਾਂ ਸੁਚਾਰੂ ਢੰਗ ਨਾਲ ਚੱਲ ਰਹੀਆਂ ਹਨ। ਇਸ ਲਈ, ਇਹਨਾਂ ਨਹਿਰਾਂ ਜਾਂ ਰਜਬਾਹਿਆਂ ਬਾਰੇ ਕੋਈ ਤੁਰੰਤ ਕਾਰਵਾਈ ਕਰਨ ਦੀ ਲੋੜ ਨਹੀਂ ਹੈ। ਹਾਲਾਂਕਿ, ਜਿਵੇਂ ਅਤੇ ਜਦੋਂ ਫੰਡ ਉਪਲਬਧ ਹੋਣਗੇ, ਸਭ ਤੋਂ ਵੱਧ ਧਿਆਨ ਦੇਣ ਯੋਗ ਨਹਿਰਾਂ ਤੇ ਕੰਮ ਕਰਨ ਦੀ ਸੰਭਾਵਨਾ 'ਤੇ ਵਿਚਾਰ ਕੀਤਾ ਜਾਵੇਗਾ।

ਮਾਣਯੋਗ ਸਪੀਕਰ ਸਾਹਿਬ, ਜਵਾਬ ਤਾਂ ਮੈਂਬਰ ਸਾਹਿਬ ਨੂੰ ਭੇਜ ਦਿੱਤਾ ਗਿਆ ਹੈ। ਜੇਕਰ ਮੈਂਬਰ ਸਾਹਿਬ ਦੀ ਕੋਈ ਸਪਲੀਮੈਂਟਰੀ ਹੈ ਤਾਂ ਦੱਸ ਦੇਣ।

**ਮਾਣਯੋਗ ਸਪੀਕਰ**: ਦਲਬੀਰ ਜੀ, ਜੇਕਰ ਕੋਈ ਸਪਲੀਮੈਂਟਰੀ ਹੈ ਤਾਂ ਦੱਸ ਦਿਓ।

**ਸਰਦਾਰ ਦਲਬੀਰ ਸਿੰਘ ਟੌਂਗ**: ਸਰ, ਮੇਰੇ ਹਲਕੇ ਬਾਬਾ ਬਕਾਲਾ ਵਿੱਚ 04 ਸੂਏ ਅਤੇ ਇੱਕ ਨਹਿਰ ਲੰਘਦੀ ਹੈ ਜਿਸ ਵਿੱਚ ਰਈਆ ਰਜਬਾਹਾ ਵਿੱਚ 2874 ਏਕੜ, ਨਾਗੋਕੇ ਰਜਬਾਹਾ ਵਿੱਚ 5602 ਏਕੜ, ਭਿੰਡਰ ਰਜਬਾਹਾ ਵਿੱਚ 17 ਹਜਾਰ 899 ਏਕੜ ਅਤੇ ਗੱਗੜ ਭਾਣਾ ਵਿੱਚ 2165 ਏਕੜ ਜ਼ਮੀਨ ਲੱਗਦੀ ਹੈ। ਲਗਭਗ 28 ਹਜਾਰ 540 ਏਕੜ ਜ਼ਮੀਨ ਨਹਿਰੀ ਪਾਣੀ ਤੇ ਨਿਰਭਰ ਹੈ। ਇਨ੍ਹਾਂ ਚਾਰੇ ਸੂਇਆਂ ਵਿੱਚੋਂ 01 ਸੂਆ ਪੱਕਾ ਹੋਇਆ ਹੈ। ਮੈਂ ਤੁਹਾਡੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਜਿਹੜੇ ਬਾਕੀ ਤਿੰਨ ਸੂਏ ਹਨ ਇਨ੍ਹਾਂ ਨੂੰ ਵੀ ਜਲਦ ਤੋਂ ਜਲਦ ਪੱਕਾ ਕੀਤਾ ਜਾਵੇ। ਨਹਿਰ ਨੂੰ ਵੀ ਜਲਦ ਤੋਂ ਜਲਦ ਪੱਕਾ ਕੀਤਾ ਜਾਵੇ ਕਿਉਂਕਿ ਜਦੋਂ ਪਾਣੀ ਓਵਰ ਵਗਦਾ ਹੈ, ਪਾਣੀ ਬਹੁਤ ਜ਼ਿਆਦਾ ਵਗਦਾ ਹੈ। ਸਾਡੀ ਸਰਕਾਰ ਨੇ ਨਹਿਰਾਂ ਦਾ ਪਾਣੀ ਸਰਪਲੱਸ ਕੀਤਾ ਹੈ। ਨਹਿਰਾਂ ਦੇ ਪਾਣੀ ਦੀ ਵੈਲਿਊ ਸਮਝੀ ਹੈ। ਸੂਏ ਟੁੱਟਣ ਦਾ ਖਦਸ਼ਾ ਵੀ ਰਹਿੰਦਾ ਹੈ। ਸੂਏ ਟੁੱਟਣ ਦਾ ਡਰ ਰਹਿੰਦਾ ਹੈ। ਮੇਰੀ ਮੰਤਰੀ ਸਾਹਿਬ ਨੂੰ ਬੇਨਤੀ ਹੈ ਕਿ ਇਨ੍ਹਾਂ ਨੂੰ ਜਲਦ ਤੋਂ ਜਲਦ ਪੱਕਾ ਕਰਨ ਦੀ ਤਜਵੀਜ਼ ਰੱਖੀ ਜਾਵੇ।

-----

## WALK OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੇ ਹੱਥਾਂ ਵਿੱਚ ਫੜੇ ਹੋਏ ਬੈਨਰ ਅਤੇ ਪੋਸਟਰ ਵੈੱਲ ਆਫ ਦਿ ਹਾਊਸ ਵਿੱਚੋਂ ਚੇਅਰ ਵੱਲ ਸੁੱਟਦੇ ਹੋਏ ਅਤੇ ਮਾਣਯੋਗ ਮੁੱਖ ਮੰਤਰੀ ਜੀ ਦੇ ਅਸਤੀਫੇ ਦੀ ਮੰਗ ਕਰਦੇ ਹੋਏ ** ਨਾਅਰੇ ਮਾਰਦੇ ਹੋਏ ਸਦਨ ਵਿੱਚੋਂ ਵਾਕ ਆਊਟ ਕਰ ਗਏ।)

-----

## STARRED QUESTIONS AND ANSWERS *(RESUMPTION)*

**1030/Gurpreet kaur/Abhishek gautam**

**1035/Rajneet Kaur**

**ਮੰਤਰੀ :** ਮਾਣਯੋਗ ਸਪੀਕਰ ਸਾਹਿਬ, ਜਿਸ ਨਹਿਰ ਦਾ ਮਾਣਯੋਗ ਮੈਂਬਰ ਸਾਹਿਬ ਨੇ ਜ਼ਿਕਰ ਕੀਤਾ ਹੈ, ਇਹ ਨਹਿਰ ਯੂ.ਬੀ.ਡੀ.ਸੀ. ਸਿਸਟਮ ਦੇ ਸੱਭਰਾਂ ਬਰਾਂਚ ਵਿੱਚੋਂ ਨਿਕਲਦੀ ਹੈ। ਇਸ ਨਹਿਰ ਰਾਹੀਂ ਸਾਰੇ ਬਾਬਾ ਬਕਾਲਾ ਵਿੱਚ ਸਿੰਚਾਈ ਹੁੰਦੀ ਹੈ। ਇਸ ਦੇ ਲਈ 7 ਡਿਸਟ੍ਰੀਬਿਊਟਰੀਆਂ ਅਤੇ 5 ਮਾਈਨਰ ਹਨ। ਇਨ੍ਹਾਂ ਦੀ ਲੰਬਾਈ 108.71 ਕਿਲੋਮੀਟਰ ਹੈ। ਜਿਹੜਾ ਹੁਣ ਸਾਲ 2026 ਦਾ ਖਰੀਫ ਦਾ ਸੀਜ਼ਨ ਗਿਆ ਹੈ, ਧਾਰਦਿਓ ਡਿਸਟ੍ਰੀਬਿਊਟਰੀ ਵਿੱਚ 100% ਪਾਣੀ ਚੱਲਿਆ ਹੈ। ਅਠਵਾਲ ਡਿਸਟ੍ਰੀਬਿਊਟਰੀ ਵਿੱਚ 102.3% ਪਾਣੀ ਚੱਲਿਆ, ਲੱਖੋਵਾਲ ਮਾਈਨਰ ਵਿੱਚ 102.5% ਪਾਣੀ ਚੱਲਿਆ, ਦੋਨੋ ਨੰਗਲ ਮਾਈਨਰ ਵਿੱਚ 107.5 %ਪਾਣੀ ਚੱਲਿਆ। ਬਡਾਲਾ ਡਿਸਟ੍ਰੀਬਿਊਟਰੀ ਵਿੱਚ 132.8% ਪਾਣੀ ਚੱਲਿਆ, ਘੱਗਰ ਭਾਨਾ ਡਿਸਟ੍ਰੀਬਿਊਟਰੀ ਵਿੱਚ 105.7% ਪਾਣੀ ਚੱਲਿਆ, ਰਈਆ ਡਿਸਟ੍ਰੀਬਿਊਟਰੀ ਵਿੱਚ 101.5% ਪਾਣੀ ਚੱਲਿਆ ਅਤੇ ਕੀੜੀ ਬੋਦਲ ਮਾਈਨਰ ਵਿੱਚ 106.1% ਪਾਣੀ ਚੱਲਿਆ। ਸੋ, ਪੂਰੇ ਪੰਜਾਬ ਵਿੱਚ ਨਹਿਰਾਂ ਦੀ ਕਪੈਸਿਟੀ 22,000 ਕਿਊਸਿਕ ਸੀ ਪਰ 40,000 ਕਿਊਸਿਕ ਪਾਣੀ ਪੰਜਾਬ ਦੀਆਂ ਨਹਿਰਾਂ ਵਿੱਚ ਚੱਲਿਆ। ਇਸੇ ਤਰ੍ਹਾਂ ਇਨ੍ਹਾਂ 12 ਡਿਸਟ੍ਰੀਬਿਊਟਰੀਆਂ ਅਤੇ ਮਾਈਨਰਾਂ ਵਿੱਚ 100% ਤੋਂ 135% ਪਾਣੀ ਚੱਲਿਆ। ਇਨ੍ਹਾਂ ਦੀ ਹਾਲਤ ਵੀ ਬਿਲਕੁਲ ਠੀਕ ਹੈ।

ਦੂਜੀ ਗੱਲ, ਇਨ੍ਹਾਂ ਦੀ ਲੰਬਾਈ ਜਿਵੇਂ ਮੈਂ ਦੱਸਿਆ ਹੈ ਕਿ 108.71 ਕਿਲੋਮੀਟਰ ਹੈ। ਜਿਸ ਵਿੱਚੋਂ 31.44 ਕਿਲੋਮੀਟਰ ਮਾਈਨਰ ਅਤੇ ਡਿਸਟ੍ਰੀਬਿਊਟਰੀਆਂ 21 ਕਰੋੜ 97 ਲੱਖ ਤੇ 50 ਹਜ਼ਾਰ ਰੁਪਿਆ ਖਰਚ ਕਰਕੇ ਕੰਕਰੀਟ ਲਾਈਨਿੰਗ ਦੀਆਂ ਕਰ ਦਿੱਤੀਆਂ ਗਈਆਂ ਹਨ। ਬਾਕੀ ਜਿਹੜੀ 77 ਕਿਲੋਮੀਟਰ ਰਹਿ ਗਈ ਹੈ, ਇਨ੍ਹਾਂ ਦੀ ਫਿਜ਼ੀਬਿਲਟੀ ਰਿਪੋਰਟ ਦੇ ਮੁਤਾਬਿਕ ਪ੍ਰਾਇਰਟੀ ਦੇ ਆਧਾਰ ਤੇ ਅਤੇ ਫੰਡਾਂ ਦੇ ਆਧਾਰ ਤੇ ਆਉਣ ਵਾਲੇ ਸਮੇਂ ਵਿੱਚ ਕਰ ਦਿੱਤੀ ਜਾਵੇਗੀ।

**ਮਾਣਯੋਗ ਸਪੀਕਰ** : ਵੈਸੇ ਮੰਤਰੀ ਜੀ, ਤੁਹਾਡਾ ਧੰਨਵਾਦ। ਐਤਕੀਂ ਮਾਲਵੇ ਵਿੱਚ ਤੁਸੀਂ ਬੰਦੀ ਨਹੀਂ ਆਉਣ ਦਿੱਤੀ। ਮੈਨੂੰ ਐਵੇਂ ਲੱਗਦਾ ਹੈ ਜਿਵੇਂ ਤੁਸੀਂ ਬਾਲਾਸਰ ਨੂੰ ਜਾਂਦਾ ਪਾਣੀ ਮੋੜ ਲਿਆ ਹੈ। ਜਿਹੜਾ ਪਹਿਲਾਂ ਬਾਲਾਸਰ ਜਾਂਦਾ ਹੁੰਦਾ ਸੀ। ਥੈਂਕ ਯੂ।

------

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ** : ਮੈਂ ਆਪ ਜੀ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਸੀ.ਟੀ. ਇੰਸਟੀਚਿਊਟ ਆਫ ਹਾਇਰ ਸਟੱਡੀਜ਼, ਸ਼ਾਹਕੋਟ, ਜਲੰਧਰ ਦੇ ਵਿਦਿਆਰਥੀ ਵੀ ਅੱਜ ਇਸ ਅਜ਼ੀਮ ਸਦਨ ਦੀ ਕਾਰਵਾਈ ਦੇਖਣ ਲਈ ਆਏ ਹਨ। ਆਓ, ਉਨ੍ਹਾਂ ਨੂੰ ਜੀ ਆਇਆਂ ਕਹੀਏ। (ਥੰਪਿੰਗ)

-------

## STARRED QUESTIONS AND ANSWERS (*RESUMPTION*)

**ਮਾਣਯੋਗ ਸਪੀਕਰ** : ਸ਼੍ਰੀ ਬਰਿੰਦਰ ਕੁਮਾਰ ਗੋਇਲ, ਜਲ ਸਰੋਤ ਮੰਤਰੀ ਜੀ ਕੁਝ ਕਹਿਣਾ ਚਾਹੁੰਦੇ ਹਨ।

**ਜਲ ਸਰੋਤ ਮੰਤਰੀ (ਸ਼੍ਰੀ ਬਰਿੰਦਰ ਕੁਮਾਰ ਗੋਇਲ)** : ਸਰ, ਤੁਸੀਂ ਕਿਹਾ ਹੈ ਕਿ ਪਾਣੀ ਬਾਲਾਸਰ ਤੋਂ ਮੋੜਿਆ ਹੈ। ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਪੂਰੇ ਪੰਜਾਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਪਾਣੀ ਇੱਥੇ ਹੀ ਸੀ। ਇਹ ਜਿਹੜੇ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ) ਰੌਲਾ ਪਾ ਕੇ ਗਏ ਹਨ। ਇਹ ਕੋਈ ਗੱਲ ਸੁਣਦੇ ਨਹੀਂ ਹਨ ਅਤੇ ਰੌਲਾ ਪਾਉਣ ਤੇ ਲੱਗੇ ਰਹਿੰਦੇ ਹਨ। ਇਨ੍ਹਾਂ ਦੀਆਂ ਗਲਤੀਆਂ ਕਰਕੇ ਸਾਡੇ ਪੰਜਾਬ ਦਾ ਪਾਣੀ ਦੂਜੇ ਸੂਬਿਆਂ ਨੂੰ ਜਾਂਦਾ ਰਿਹਾ ਹੈ। ਅਸੀਂ ਪਹਿਲਾਂ 26% ਪਾਣੀ ਯੂਟੇਲਾਈਜ਼ ਕਰਦੇ ਸੀ। ਇੱਥੇ ਪਾਣੀ ਦੀਆਂ ਵਾਰੀਆਂ ਪਿੱਛੇ ਲੜ ਕੇ ਕਤਲ ਹੋ ਜਾਂਦੇ ਸਨ। ਇਨ੍ਹਾਂ ਵੱਲੋਂ ਪਾਣੀ ਨੂੰ ਕਦੇ ਸਾਂਭਣ ਦੀ ਕੋਸ਼ਿਸ਼ ਨਹੀਂ ਕੀਤੀ। ਜੇ ਕਿਸੇ ਨੇ ਆਪਣੇ ਹਿੱਸੇ ਦੇ ਪਾਣੀ ਅਤੇ ਡੈਮਾਂ ਦੇ ਪਾਣੀ ਨੂੰ ਸੰਭਾਲਣ ਦੀ ਕੋਸ਼ਿਸ਼ ਕੀਤੀ ਹੈ ਤਾਂ ਮੈਂ ਮਾਣਯੋਗ ਮੁੱਖ ਮੰਤਰੀ ਪੰਜਾਬ, ਸਰਦਾਰ ਭਗਵੰਤ ਸਿੰਘ ਜੀ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਜਿਨ੍ਹਾਂ ਨੇ ਕਿਹਾ ਸੀ ਕਿ ਅਸੀਂ ਟੇਲਾਂ ਤੱਕ ਪਾਣੀ ਪਹੁੰਚਾਵਾਂਗੇ। ਜਦੋਂ ਪਾਣੀ ਟੇਲਾਂ ਤੇ ਪਹੁੰਚਾਉਣ ਦੀ ਗੱਲ ਕੀਤੀ ਸੀ ਤਾਂ ਸਾਰੇ ਰੌਲਾ ਪਾਉਂਦੇ ਸਨ ਕਿ ਕਿੱਥੋਂ ਪਾਣੀ ਪਹੁੰਚਾ ਦੇਣਗੇ। ਅੱਜ 80% ਪਾਣੀ ਪੰਜਾਬ ਦੇ ਖੇਤਾਂ ਨੂੰ ਲੱਗ ਰਿਹਾ ਹੈ। ਪਹਿਲਾਂ ਜਿਹੜਾ 20 ਲੱਖ 79 ਹਜ਼ਾਰ ਏਕੜ ਨੂੰ ਪਾਣੀ ਲੱਗਦਾ ਸੀ, ਉੱਥੇ ਅੱਜ 61 ਲੱਖ ਏਕੜ ਜ਼ਮੀਨ ਨੂੰ ਪਾਣੀ ਲੱਗ ਰਿਹਾ ਹੈ। ਅਸੀਂ 7500 ਕਰੋੜ ਰੁਪਏ ਖਰਚ ਕੇ 14000 ਕਿਲੋਮੀਟਰ ਪਾਈਪ ਲਾਈਨ ਪਾ ਕੇ ਪਾਣੀ ਸਾਰੇ ਖੇਤਾਂ ਨੂੰ ਦਿੱਤਾ ਹੈ। ਅਸੀਂ ਆਉਣ ਵਾਲੇ ਸਮੇਂ ਵਿੱਚ 100 ਦਾ 100% ਪਾਣੀ ਪੰਜਾਬ ਦੇ ਖੇਤਾਂ ਨੂੰ ਦੇਵਾਂਗੇ। (ਥੰਪਿੰਗ) ਥੈਂਕ ਯੂ।

**ਮਾਣਯੋਗ ਸਪੀਕਰ** : ਤੁਸੀਂ ਇੰਨਾ ਵਧੀਆ ਕੰਮ ਕਰ ਦਿੱਤਾ ਹੈ, ਆਪਣੇ ਸਾਥੀਆਂ ਨੂੰ ਬੁਲਾ ਲਓ (ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰਾਂ) ਗਾਣਾ ਗਾ ਕੇ ਹੀ ਬੁਲਾ ਲਓ, ਆਜਾ ਰੇ ਮੇਰੇ ਦਿਲਬਰ ਆਜਾ। ਹੁਣ ਤਾਂ ਇਨ੍ਹਾਂ ਨੇ ਪਾਣੀ ਪੂਣੀ ਪੀ ਲਿਆ ਹੋਣਾ ਹੈ। ਚਲੋ। ਵੈਸੇ ਮੇਰੀ ਤਾਂ ਇਹੀ ਤਵੱਕੋ ਹੈ ਕਿ ਜਿਹੜਾ ਕੁਐਸ਼ਚਨਜ਼ ਆਵਰ ਹੈ, ਇਸ ਵਿੱਚ ਕੋਈ

ਵਿਘਨ ਨਹੀਂ ਪੈਣਾ ਚਾਹੀਦਾ। ਪੰਜਾਬ ਦੇ ਲੋਕਾਂ ਦੇ ਬੜੇ ਮੁੱਦੇ ਹੁੰਦੇ ਹਨ, ਜਿਹੜੇ ਕਿ ਕੁਐਸ਼ਨਜ਼ ਆਵਰ ਵਿੱਚ ਹੱਲ ਹੋ ਜਾਂਦੇ ਹਨ। ਇਹ ਜਿਹੜੇ ਸਾਡੇ ਸਾਥੀ ਹਨ, ਇਹ 4-4, 5-5 ਵਾਰ ਐਮ.ਐਲ.ਏ. ਬਣੇ ਹੋਏ ਹਨ ਅਤੇ ਤਜਰਬੇਕਾਰ ਹਨ। ਪਤਾ ਨਹੀਂ, ਕੀ ਕਰਦੇ ਹਨ ਪਰ ਮੈਨੂੰ ਅੱਜ ਇਨ੍ਹਾਂ ਨੇ ਬੜਾ ਨਿਰਾਸ਼ ਕੀਤਾ ਹੈ।

--------

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2015**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-------

**1035/Rajneet Kaur/Abhishek gautam**

**1040/Kuldeep kaur**

**ਨਿੱਜੀ ਹਸਪਤਾਲਾਂ ਨੂੰ ਅਲਾਟ ਕੀਤੀ ਜ਼ਮੀਨ ਤੇ ਬਣੇ ਹਸਪਤਾਲਾਂ ਵੱਲੋਂ ਕਮਜ਼ੋਰ ਵਰਗ ਦੇ ਕੁਝ ਪ੍ਰਤੀਸ਼ਤ ਮਰੀਜ਼ਾਂ ਨੂੰ ਮੁਫਤ ਰਿਆਇਤੀ ਇਲਾਜ ਮੁਹੱਈਆ ਕਰਵਾਉਣ ਦੇ ਵੇਰਵੇ।**

***2022. ਸਰਦਾਰ ਕੁਲਵੰਤ ਸਿੰਘ**:ਕੀ ਸਿਹਤ ਤੇ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਰਕਾਰ ਵੱਲੋਂ ਨਿੱਜੀ ਹਸਪਤਾਲਾਂ ਨੂੰ ਹਸਪਤਾਲ ਸਥਾਪਤ ਕਰਨ ਲਈ ਜ਼ਮੀਨ ਅਲਾਟ ਕਰਨ ਸਮੇਂ ਇਹ ਸ਼ਰਤ ਰੱਖੀ ਜਾਂਦੀ ਹੈ ਕਿ ਉਹ ਕਮਜ਼ੋਰ ਵਰਗ ਦੇ ਕੁਝ ਪ੍ਰੀਤਸ਼ਤ ਮਰੀਜ਼ਾਂ ਨੂੰ ਮੁਫਤ/ਰਿਆਇਤੀ ਇਲਾਜ ਮੁਹੱਈਆ ਕਰਵਾਉਣਗੇ; ਜੇਕਰ ਅਜਿਹਾ ਹੋਵੇ ਤਾਂ ਮੋਹਾਲੀ ਵਿਖੇ ਜਿਨ੍ਹਾਂ ਹਸਪਤਾਲਾਂ ਨੂੰ ਗਮਾਡਾ ਵੱਲੋਂ ਜ਼ਮੀਨ ਆਲਟ ਕੀਤੀ ਗਈ ਹੈ, ਉਨ੍ਹਾਂ ਵਿੱਚੋਂ ਕਿਹੜੇ-ਕਿਹੜੇ ਹਸਪਤਾਲ ਵੱਲੋਂ ਆਪਣੇ ਹੋਂਦ ਵਿੱਚ ਆਉਣ ਤੋਂ ਲੈ ਕੇ ਹੁਣ ਤੱਕ ਪ੍ਰਤੀ ਸਾਲ ਕਿੰਨੇ ਮਰੀਜ਼ਾਂ ਨੂੰ ਮੁਫਤ ਤੇ ਰਿਆਇਤੀ ਇਲਾਜ ਮੁਹੱਈਆ ਕਰਵਾਇਆ ਗਿਆ ਹੈ; ਜੇਕਰ ਅਜਿਹਾ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**ਮਾਣਯੋਗ ਸਪੀਕਰ**:ਅੱਗੇ ਤਾਂ ਮੁੰਡੀਆਂ ਸਾਹਿਬ ਦਾ ਕੁਐਸ਼ਚਨ ਹੁੰਦਾ ਹੈ, ਅੱਜ ਡਾਕਟਰ ਬਲਬੀਰ ਸਿੰਘ ਜਵਾਬ ਦੇਣਗੇ।

**ਡਾਕਟਰ ਬਲਬੀਰ ਸਿੰਘ:** ਸ਼੍ਰੀਮਾਨ ਜੀ, ਮੋਹਾਲੀ ਵਿਖੇ ਕਿਸੇ ਵੀ ਹਸਪਾਤਲ ਨੂੰ ਗਮਾਡਾ ਵੱਲੋਂ ਜ਼ਮੀਨ ਅਲਾਟ ਨਹੀਂ ਕੀਤੀ ਗਈ। ਹਾਲਾਂਕਿ, ਮਿਤੀ 05-08-2009 ਨੂੰ ਸਿਹਤ ਵਿਭਾਗ ਵੱਲੋਂ ਸਿਵਲ ਹਸਪਤਾਲ, ਐਸ.ਏ.ਐਸ.ਨਗਰ ਦੀ ਜ਼ਮੀਨ ਤੇ ਮੈਕਸ ਮਲਟੀਸਪੈਸ਼ਲਿਟੀ ਹਸਪਤਾਲ, ਮੋਹਾਲੀ ਨੂੰ ਪੀ.ਪੀ.ਪੀ. ਮੋਡ ਅਧੀਨ ਚਲਾਉਣ ਲਈ ਮੈਕਸ ਹੈਲਥਕੇਅਰ ਲਿਮਟਿਡ ਨਾਲ ਰਿਆਇਤੀ ਸਮਝੌਤਾ ਕੀਤਾ ਗਿਆ ਸੀ। ਸਮਝੌਤੇ ਦੀਆਂ ਸ਼ਰਤਾਂ ਅਨੁਸਾਰ, ਹਸਪਤਾਲ ਦੀ ਕੁੱਲ ਕਮਾਈ ਦਾ 5 ਫੀਸਦੀ ਹਿੱਸਾ escrow ਖਾਤੇ ਵਿੱਚ ਜਮ੍ਹਾਂ ਕਰਵਾਇਆ ਜਾਂਦਾ ਹੈ। ਹਸਪਤਾਲ ਵੱਲੋਂ ਮਰੀਜ਼ਾਂ

ਤੋਂ ਆਪਣੇ ਪੱਧਰ ਤੇ ਨਿਰਧਾਰਤ ਕੀਤੀਆਂ ਫ਼ੀਸਾਂ ਵਸੂਲ ਕੀਤੀਆਂ ਜਾਂਦੀਆਂ ਹਨ, ਇਸ ਹਸਪਤਾਲ ਵੱਲੋਂ ਕਮਜ਼ੋਰ ਵਰਗ ਦੇ ਮਰੀਜ਼ਾਂ ਨੂੰ ਮੁਫ਼ਤ/ਰਿਆਇਤੀ ਇਲਾਜ ਮੁਹੱਈਆ ਨਹੀਂ ਕਰਵਾਇਆ ਜਾਂਦਾ।

ਮਾਣਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਦਾ ਸਵਾਲ ਬੜਾ ਵਾਜਬ ਹੈ ਜੀ। ਸਰ, ਇਨ੍ਹਾਂ ਨੇ ਸਰਕਾਰ ਵੱਲੋਂ ਨਿੱਜੀ ਹਸਪਤਾਲਾਂ ਨੂੰ ਹਸਪਤਾਲ ਸਥਾਪਤ ਕਰਨ ਲਈ ਜ਼ਮੀਨ ਅਲਾਟ ਕਰਨ ਸਬੰਧੀ ਪੁੱਛਿਆ ਹੈ। ਇਹ ਜ਼ਮੀਨ ਹੈਲਥ ਡਿਪਾਰਟਮੈਂਟ ਵੱਲੋਂ ਅਲਾਟ ਨਹੀਂ ਕੀਤੀ ਜਾਂਦੀ ਬਲਕਿ ਇਹ ਜ਼ਮੀਨ ਪੁੱਡਾ ਵੱਲੋਂ ਅਲਾਟ ਕੀਤੀ ਜਾਂਦੀ ਹੈ। ਇਨ੍ਹਾਂ ਦਾ ਸਵਾਲ ਬੇਸੀਕਲੀ ਪੁੱਡਾ ਨਾਲ ਰਿਲੇਟਿਡ ਸੀ।

**ਮਾਣਯੋਗ ਸਪੀਕਰ**: ਮੁੰਡੀਆਂ ਸਾਹਿਬ ਦਾ ਸਵਾਲ ਹੀ ਸੀ।

**ਮੰਤਰੀ**: ਪੰਜਾਬ ਸਰਕਾਰ ਨੇ ਤਾਂ ਹੁਣ ਬੜਾ ਵਧੀਆ ਕੰਮ ਕੀਤਾ ਹੈ। ਅਸੀਂ ਪ੍ਰਾਈਵੇਟ ਹਸਪਤਾਲਾਂ ਨੂੰ ਕਿਹਾ ਹੈ ਕਿ ਤੁਸੀਂ ਇਲਾਜ ਫ੍ਰੀ ਨਾ ਕਰੋ ਬਲਕਿ ਸਰਕਾਰ ਵੱਲੋਂ ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਪ੍ਰਾਈਵੇਟ ਹਸਪਤਾਲਾਂ ਨੂੰ ਪੈਸੇ ਦਿੱਤੇ ਜਾਂਦੇ ਹਨ। ਸੋ, 100% ਲੋਕਾਂ ਨੂੰ ਇੰਪੈਨਲਡ ਹਸਪਤਾਲਾਂ ਵਿੱਚ ਫ੍ਰੀ ਇਲਾਜ ਦਿੱਤਾ ਜਾ ਰਿਹਾ ਹੈ। ਸਾਡੀ ਸਰਕਾਰ ਵਿੱਚ ਜਿੰਨੇ ਵੀ ਨਵੇਂ ਹਸਪਤਾਲ ਬਣ ਰਹੇ ਹਨ, ਉਨ੍ਹਾਂ ਦੇ ਉੱਤੇ ਅਸੀਂ ਇਹ ਕੰਡੀਸ਼ਨ ਲਗਾ ਰਹੇ ਹਾਂ ਕਿ ਮੈਡੀਕਲ ਕਾਲਜ ਲਈ 50% ਬੈੱਡ ਮੁੱਖ ਮੰਤਰੀ ਸਿਹਤ ਯੋਜਨਾ ਵਾਸਤੇ ਰਿਜ਼ਰਵ ਕਰਨੇ ਜ਼ਰੂਰੀ ਹਨ ਲੇਕਿਨ ਪਹਿਲਾਂ ਇਹੋ ਜਿਹੀ ਕੋਈ ਕੰਡੀਸ਼ਨ ਨਹੀਂ ਸੀ। ਪਹਿਲੀਆਂ ਸਰਕਾਰਾਂ ਨੇ ਕਦੇ ਵੀ ਇਹ ਕਲਾਜ਼ ਨਹੀਂ ਰੱਖੀ, to the best of my knowledge, ਮੈਂ ਇਹ ਸਰਚ ਕੀਤਾ ਸੀ। ਇੱਕ ਦੋ ਕੰਨਸੈਸ਼ਨ ਐਗਰੀਮੈਂਟ ਹਨ, ਜਿਵੇਂ ਮੋਹਾਲੀ ਦੇ ਮੈਕਸ ਹਸਪਤਾਲ ਵਿੱਚ ਹਸਪਤਾਲ ਦੀ ਕੁੱਲ ਕਮਾਈ ਦਾ 5 ਫ਼ਸਦੀ ਹਿੱਸਾ escrow ਖਾਤੇ ਵਿੱਚ ਜਮ੍ਹਾਂ ਕਰਵਾਇਆ ਜਾਂਦਾ ਹੈ। ਇਸੇ ਤਰ੍ਹਾਂ ਬਠਿੰਡੇ ਦਾ ਮੈਕਸ ਹਸਪਤਾਲ ਹੈ, ਇਸ ਹਸਪਤਾਲ ਦੀ ਜਿਹੜੀ ਸੁਸਾਇਟੀ ਬਣੀ ਹੋਈ ਹੈ, ਇਹ ਪੈਸੇ ਉਸ ਦੇ ਖਾਤੇ ਵਿੱਚ ਜਾਂਦੇ ਹਨ। ਇਸ ਨੂੰ ਉਹ as a revolving/emergency fund use ਕਰਦੇ ਹਨ। ਇਸੇ ਤਰ੍ਹਾਂ PIMS (Punjab Institute of Medical Sciences) ਦਾ ਵੀ ਸਿਸਟਮ ਹੈ ਪਰ ਇਹੋ ਜਿਹੀ ਕੰਡੀਸ਼ਨ ਹੋਰ ਕਿਸੇ ਸਰਕਾਰ ਨੇ ਨਹੀਂ ਰੱਖੀ ਸੀ। ਪਹਿਲੀ ਵਾਰ ਸਰਦਾਰ ਭਗਵੰਤ ਸਿੰਘ ਮਾਨ ਦੀ ਸਰਕਾਰ ਨੇ ਕਿਹਾ ਹੈ ਕਿ ਜਿਹੜੇ ਨਵੇਂ ਹਸਪਤਾਲ ਬਣਦੇ ਹਨ, ਉਨ੍ਹਾਂ ਵਿੱਚ ਇੱਕ certain number of beds will be reserved for Mukhya Mantri Sehat Yojna ਜਿਹੜੇ ਕਿ ਸਾਰਿਆਂ ਵਾਸਤੇ ਫ੍ਰੀ ਹੋਣਗੇ।

**ਸਰਦਾਰ ਕੁਲਵੰਤ ਸਿੰਘ**: ਸਪੀਕਰ ਸਾਹਿਬ, ਹਾਊਸ ਵਿੱਚ ਜੇ ਗਲਤ ਜਾਣਕਾਰੀ ਦਿੱਤੀ ਜਾਵੇ ਤਾਂ ਕੀ ਫਿਰ ਉਸ ਸਬੰਧੀ ਕੁਝ ਕੀਤਾ ਜਾ ਸਕਦਾ ਹੈ?

**ਮੰਤਰੀ**: ਕਿਹੜੀ ਗਲਤ ਜਾਣਕਾਰੀ ਦਿੱਤੀ ਗਈ ਹੈ?

**ਸਰਦਾਰ ਕੁਲਵੰਤ ਸਿੰਘ**: ਇਹ ਠੀਕ ਹੈ ਕਿ ਮੰਤਰੀ ਜੀ ਨੇ ਇਹ ਗੱਲ ਪੁੱਡਾ ਤੇ ਸੁੱਟ ਦਿੱਤੀ ਹੈ ਅਤੇ ਪੁੱਡਾ ਵਾਲੇ ਕਹਿਣਗੇ ਕਿ ਇਹ ਸਿਹਤ ਵਿਭਾਗ ਦਾ ਕੰਮ ਹੈ। ਇਹ wrong information ਦਿੱਤੀ ਗਈ ਹੈ। ਬਕਾਇਦਾ ਤੌਰ ਤੇ ਰਿਜ਼ਰਵ ਪ੍ਰਾਈਸ ਦੇ ਉੱਤੇ ਉੱਥੇ ਹਸਪਤਾਲ ਅਲਾਟ ਕੀਤੇ ਹੋਏ ਹਨ ਅਤੇ ਮੇਰੇ ਕੋਲ ਅਲਾਟਮੈਂਟ ਲੈਟਰ ਵੀ ਹਨ।

ਜਿਸ ਵਿੱਚ ਬਕਾਇਦਾ ਲਿਖਿਆ ਹੋਇਆ ਹੈ ਕਿ ਪੀਲੇ ਕਾਰਡ ਵਾਲੇ (EWS) ਜਿਹੜੇ ਆਰਥਿਕ ਤੌਰ ਤੇ ਕਮਜ਼ੋਰ ਲੋਕ ਹਨ, ਉਨ੍ਹਾਂ ਵਾਸਤੇ ਫ੍ਰੀ ਇਲਾਜ ਹੈ। 10% ਓ.ਪੀ.ਡੀ. ਫ੍ਰੀ ਹੋਵੇਗੀ ਅਤੇ 5% ਇਨਡੋਰ ਸਰਵਿਸ ਫ੍ਰੀ ਹੋਵੇਗੀ। ਸਰ, ਇਹ ਅਲਾਟਮੈਂਟ ਸਾਲ 2000 ਤੋਂ ਲੈ ਕੇ ਕੀਤੀ ਹੋਈ ਹੈ। ਚਲੋ, ਆਪਣੀ ਸਰਕਾਰ ਤਾਂ ਹੁਣ ਬਣੀ ਹੈ। ਕਿਸੇ ਨੇ ਵੀ ਇਸ ਗੱਲ ਵੱਲ ਧਿਆਨ ਨਹੀਂ ਦਿੱਤਾ ਔਰ ਮੇਰਾ ਖਿਆਲ ਹੈ ਕਿ ਕਿਸੇ ਨੇ ਵੀ ਇਸ ਨੂੰ ਲਾਗੂ ਕਰਵਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਇਸ ਸਬੰਧ ਵਿੱਚ ਮੈਂ ਮੰਤਰੀ ਸਾਹਿਬ ਨੂੰ ਜਾਣਕਾਰੀ ਤਾਂ ਦੇ ਦੇਵਾਂਗਾ ਪਰ ਮੈਂ ਮੰਤਰੀ ਜੀ ਨੂੰ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਇਹ ਇਸ ਨੂੰ ਲਾਗੂ ਕਰਵਾਉਣਗੇ ਜਾਂ ਫਿਰ ਇਹ ਪੁੱਛਣਗੇ ਕਿ ਅੱਜ ਤੱਕ ਇਨ੍ਹਾਂ ਹਸਪਤਾਲਾਂ ਨੇ ਕਿੰਨੇ ਇਲਾਜ ਫ੍ਰੀ ਕੀਤੇ ਹਨ। ਮੈਂ ਇੱਕ ਹੋਰ ਗੱਲ ਵੀ ਕਹਿਣਾ ਚਾਹੁੰਦਾ ਹਾਂ ਕਿ ਕਿਸੇ ਵੀ ਕਿਸਮ ਦੀ ਕੋਈ ਰੈਗੂਲੇਟਰੀ ਅਥਾਰਿਟੀ ਪ੍ਰਾਈਵੇਟ ਹਸਪਤਾਲਾਂ ਵਾਸਤੇ ਨਹੀਂ ਬਣੀ ਹੋਈ ਹੈ। ਇੱਥੋਂ ਤੱਕ ਕਿ ਮੰਤਰੀ ਜੀ ਦੇ ਡਿਪਾਰਟਮੈਂਟ ਨੂੰ ਇਹ ਵੀ ਨਹੀਂ ਪਤਾ ਹੋਵੇਗਾ ਕਿ ਇਸ ਸਮੇਂ ਪੂਰੇ ਪੰਜਾਬ ਵਿੱਚ ਕਿੰਨੇ ਪ੍ਰਾਈਵੇਟ ਹਸਪਤਾਲ ਚੱਲ ਰਹੇ ਹਨ। ਇੱਕ ਤਾਂ ਮੇਰਾ ਮੰਤਰੀ ਜੀ ਨੂੰ ਇਹ ਸਵਾਲ ਹੈ ਕਿ ਕੀ ਇਹ ਪੁੱਛਣਗੇ ਕਿ ਅੱਜ ਤੱਕ ਕਿੰਨੇ ਲੋਕਾਂ ਦੇ ਫ੍ਰੀ ਇਲਾਜ ਹੋਏ ਹਨ, ਜੇਕਰ ਇਲਾਜ ਫ੍ਰੀ ਨਹੀਂ ਹੋਏ ਤਾਂ ਕਿਉਂ ਨਹੀਂ ਹੋਏ ਅਤੇ ਮੰਤਰੀ ਜੀ ਵੱਲੋਂ ਇਲਾਜ ਫ੍ਰੀ ਕਰਵਾਉਣ ਲਈ ਕੀ ਕੀਤਾ ਜਾਵੇਗਾ? ਦੂਸਰੀ, ਮੈਂ ਇਹ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਕੀ ਪੰਜਾਬ ਸਰਕਾਰ ਦਾ ਰੈਗੂਲੇਟਰੀ ਅਥਾਰਿਟੀ ਬਣਾਉਣ ਦਾ ਕੋਈ ਵਿਚਾਰ ਹੈ ਕਿਉਂਕਿ ਜਦੋਂ ਹਸਪਤਾਲਾਂ ਵਿੱਚ ਰੌਲਾ-ਰੱਪਾ/ਝਗੜੇ ਪੈਂਦੇ ਹਨ ਤਾਂ ਇਸ ਨੂੰ ਦੂਰ ਕਰਨ ਲਈ ਕੋਈ ਵੀ ਅਥਾਰਿਟੀ ਨਹੀਂ ਹੈ। ਕਈ ਵਾਰ ਤਾਂ ਇਸ ਤਰ੍ਹਾਂ ਹੁੰਦਾ ਹੈ ਕਿ ਇੱਕ ਬਹੁਤ ਵੱਡਾ ਬਿਲ ਬਣਾ ਕੇ ਹੱਥ ਵਿੱਚ ਰੱਖ ਦਿੱਤਾ ਜਾਂਦਾ ਹੈ ਅਤੇ ਜਦੋਂ ਤੱਕ ਇਹ ਬਿਲ ਕਲੀਅਰ ਨਹੀਂ ਹੁੰਦਾ ਉਦੋਂ ਤੱਕ ਡੈੱਡ ਬਾਡੀਜ਼ ਵੀ ਨਹੀਂ ਚੁੱਕਣ ਦਿੰਦੇ। ਉਨ੍ਹਾਂ ਦੀਆਂ ਸ਼ਿਕਾਇਤਾਂ ਨੂੰ ਦੂਰ ਕਰਨ ਵਾਸਤੇ ਅੱਜ ਤੱਕ ਕੋਈ ਰੈਗੂਲੇਟਰੀ ਅਥਾਰਿਟੀ ਹੀ ਨਹੀਂ ਬਣੀ ਹੋਈ। ਮੇਰੇ ਇਹ ਦੋ ਸਵਾਲ ਹਨ। ਜੇਕਰ ਮੰਤਰੀ ਜੀ ਕਿਰਪਾ ਕਰਕੇ ਦੱਸ ਦੇਣ ਤਾਂ ਬੜੀ ਮਿਹਰਬਾਨੀ ਹੋਵੇਗੀ।

**ਮਾਣਯੋਗ ਸਪੀਕਰ**: ਮੰਤਰੀ ਜੀ, ਮੈਂਬਰ ਸਾਹਿਬ ਦਾ ਸਵਾਲ ਵਾਜਬ ਹੈ।

**ਮੰਤਰੀ** : ਹਾਂ ਜੀ, ਮੈਂ ਸ਼ੁਰੂ ਵਿੱਚ ਹੀ ਕਿਹਾ ਸੀ ਕਿ ਇਨ੍ਹਾਂ ਦਾ ਸਵਾਲ ਵਾਜਬ ਹੈ। ਜਿਹੜੀ ਇਨ੍ਹਾਂ ਕੋਲ ਇਨਫਰਮੇਸ਼ਨ ਹੈ, ਜਿਹੜੀ ਇਹ ਸਾਲ 2000 ਦੀ ਗੱਲ ਕਰਦੇ ਹਨ, ਇਹ ਇਨਫਰਮੇਸ਼ਨ ਮੈਨੂੰ ਪ੍ਰੋਵਾਈਡ ਕਰਨ। ਅਸੀਂ strictly ਇਸ ਦਾ as per letter and spirit ਉਸ ਤੇ ਪੂਰਾ ਐਕਸ਼ਨ ਕਰਾਂਗੇ। We will ensure ਕਿ ਉਹ ਇਸ ਨੂੰ stick ਕਰਨ। ਇਸ ਸਬੰਧ ਵਿੱਚ ਮੈਂ ਇਨ੍ਹਾਂ ਨਾਲ ਇਹ ਗੱਲ ਸਾਂਝੀ ਕਰਨਾ ਚਾਹੁੰਦਾ ਹਾਂ ਕਿ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੀ ਜਗ੍ਹਾ ਵਿੱਚੋਂ ਮੋਹਾਲੀ ਹਸਪਤਾਲ ਲਈ ਜਗ੍ਹਾ ਦਿੱਤੀ ਗਈ ਸੀ। ਹੁਣ ਤੱਕ ਮੇਰੇ ਕੋਲ ਜਿਹੜੀ ਇਨਫਰਮੇਸ਼ਨ ਸੀ, ਉਸ ਅਨੁਸਾਰ ਜਿਹੜੀ ਜ਼ਮੀਨ ਪੁੱਡਾ ਵੱਲੋਂ ਅਲਾਟ ਕੀਤੀ ਜਾਂਦੀ ਹੈ, ਜਿਵੇਂ ਕਿ ਆਪਾਂ ਨਿਊ ਚੰਡੀਗੜ੍ਹ ਵਿੱਚ ਕੀਤੀ ਹੈ, ਉਹ ਮਾਰਕਿਟ ਰੇਟ ਤੇ ਅਲਾਟ ਕੀਤੀ ਜਾਂਦੀ ਹੈ। ਉਸ ਵਿੱਚ ਉਨ੍ਹਾਂ ਨੇ ਕੋਈ ਕੰਡੀਸ਼ਨ ਨਹੀਂ ਰੱਖੀ। ਜਿਹੜੀ ਇਨ੍ਹਾਂ ਕੋਲ ਲੈਟਰ ਹੈ, ਮੈਂ ਬਿਲਕੁਲ ਉਸ ਤੇ ਐਕਸ਼ਨ ਕਰਾਂਗਾ। ਸਾਡੀਆਂ ਬਿਲਕੁਲ ਰੈਗੂਲੇਟਰੀ ਬਾਡੀਜ਼ ਹਨ, we have the complete account ਕਿ ਪੰਜਾਬ ਵਿੱਚ ਕਿੰਨੇ ਹਸਪਤਾਲ ਚਲਦੇ ਹਨ।

**1040/Kuldeep kaur/BS khokhar**

**1045/Pawan sharma**

ਅਸੀਂ ਬਹੁਤ ਸਾਰੇ ਹਸਪਤਾਲ, ਜਿਵੇਂ ਮੁਹਾਲੀ ਵਿੱਚ ਇੱਕ ਹਸਪਤਾਲ ਕਿਡਨੀ ਟਰਾਂਸਪਲਾਂਟ ਕਰਦਾ ਸੀ, ਸੀਲ ਵੀ ਕੀਤੇ ਹਨ। ਜਿਹੜੀਆਂ ਟਾਈਮ ਟੂ ਟਾਈਮ ਪ੍ਰਾਬਲਮਾਂ ਆਉਂਦੀਆਂ ਹਨ, ਅਸੀਂ ਉਨ੍ਹਾਂ ਨੂੰ ਰੈਗੂਲੇਟ ਵੀ ਕੀਤਾ ਹੈ। ਡਿਸਟ੍ਰਿਕਟ ਲੈਵਲ ਤੇ, ਸਿਵਲ ਸਰਜਨ ਲੈਵਲ ਤੇ ਕਮੇਟੀਆਂ ਬਣੀਆਂ ਹੋਈਆਂ ਹਨ, ਜਿਹੜਾ ਉਨ੍ਹਾਂ ਨੂੰ ਰੈਗੂਲੇਟ ਕਰਦੇ ਹਨ। ਸਾਰਾ ਕੁਝ ਸਟੇਟ ਹੈਲਥ ਏਜੰਸੀਆਂ ਥਰੂ ਹੀ ਰੈਗੂਲੇਟ ਕੀਤਾ ਜਾਂਦਾ ਹੈ। ਅਸੀਂ ਇਸ ਵਾਸਤੇ ਕੁਝ ਸਪੈਸ਼ਲ ਵੀ ਲੈ ਕੇ ਆ ਰਹੇ ਹਾਂ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸਰਦਾਰ ਕੁਲਵੰਤ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਮੰਤਰੀ ਜੀ, ਜੇਕਰ ਤੁਹਾਡੀ ਗੱਲ ਪੂਰੀ ਹੋ ਗਈ ਹੋਵੇ ਤਾਂ ਅਸੀਂ ਉਨ੍ਹਾਂ ਦੀ ਗੱਲ ਸੁਣ ਲਈਏ?

**ਮੰਤਰੀ**: ਹਾਂ ਜੀ, ਹਾਂ ਜੀ।

**ਸਰਦਾਰ ਕੁਲਵੰਤ ਸਿੰਘ**: ਇੱਕ ਤਾਂ ਮੈਂ ਜਿਹੜੇ ਹਸਪਤਾਲਾਂ ਬਾਰੇ ਗੱਲ ਕਰ ਰਿਹਾ ਹਾਂ, ਉਹ ਬਕਾਇਦਾ ਤੌਰ ਉੱਤੇ ਰਿਜ਼ਰਵ ਰੇਟ ਤੇ ਸ਼ਰਤਾਂ ਸਮੇਤ ਅਲਾਟ ਹੋਏ ਹਨ, ਉਹ ਮਾਰਕੀਟ ਰੇਟ ਤੇ ਅਲਾਟ ਨਹੀਂ ਹੋਏ ਹਨ।

**ਮੰਤਰੀ**: ਮੈਂ ਉਸ ਨੂੰ dispute ਨਹੀਂ ਕਰ ਰਿਹਾ, ਮੈਂ ਕਹਿ ਰਿਹਾ ਹਾਂ ਕਿ ਉਹ ਪੁੱਡਾ ਵੱਲੋਂ ਅਲਾਟ ਹੋਏ ਹੋਣਗੇ।

**ਮਾਣਯੋਗ ਸਪੀਕਰ**: ਮੰਤਰੀ ਜੀ, ਇੱਕ ਮਿੰਟ, ਉਨ੍ਹਾਂ ਦੀ ਗੱਲ ਪੂਰੀ ਹੋ ਲੈਣ ਦਿਓ।

**ਸਰਦਾਰ ਕੁਲਵੰਤ ਸਿੰਘ**: ਉਹ ਜਿਨ੍ਹਾਂ ਵੱਲੋਂ ਮਰਜ਼ੀ ਅਲਾਟ ਹੋਏ ਹੋਣ, ਸਵਾਲ ਤਾਂ ਅਸੀਂ ਤੁਹਾਨੂੰ ਕੀਤਾ ਸੀ ਕਿ ਜਿਹੜੇ ਅਲਾਟ ਕੀਤੇ ਗਏ ਹਨ, ਉਹ ਫ੍ਰੀ ਵਾਂਗ ਹੀ ਕਿਸੇ ਨੂੰ 5000 ਰੁਪਏ, 7000 ਰੁਪਏ ਗਜ਼ ਅਲਾਟ ਹੋਏ ਹਨ। ਇਹ ਮਾਰਕੀਟ ਰੇਟ ਤੇ ਨਹੀਂ ਹੋਏ ਹਨ ਔਰ ਇਸ ਸ਼ਰਤ ਤੇ ਹੋਏ ਹਨ ਕਿ ਉਹ ਇਹ-ਇਹ ਸ਼ਰਤਾਂ ਪੂਰੀਆਂ ਕਰਨਗੇ ਲੇਕਿਨ ਮੈਨੂੰ ਲੱਗਦਾ ਨਹੀਂ ਕਿ ਅੱਜ ਤੱਕ ਕਿਸੇ ਨੇ ਵੀ ਇਸ ਗੱਲ ਵੱਲ ਧਿਆਨ ਦਿੱਤਾ ਹੋਵੇ। ਚੱਲੋ ਕੋਈ ਗੱਲ ਨਹੀਂ, ਅਸੀਂ ਹੁਣ ਧਿਆਨ ਦੇ ਦੇਈਏ, ਦੇਰ ਆਏ ਦਰੁਸਤ ਆਏ। ਆਪਾਂ ਹੁਣ ਹੀ ਇਸ ਗੱਲ ਵੱਲ ਧਿਆਨ ਦੇ ਦੇਈਏ। ਜਿੱਥੋਂ ਤੱਕ ਇਸ ਗੱਲ ਦਾ ਸਬੰਧ ਹੈ, ਇੱਕ ਵਾਰੀ ਮੰਤਰੀ ਜੀ ਪਤਾ ਕਰ ਲੈਣ ਕਿ ਕੋਈ ਐਸੀ ਅਥਾਰਿਟੀ ਨਹੀਂ ਹੈ ਜਿਹੜੀ ਜਾ ਕੇ ਪ੍ਰਾਈਵੇਟ ਹਸਪਤਾਲਾਂ ਨੂੰ ਚੈੱਕ ਕਰ ਸਕੇ, ਦੇਖ ਸਕੇ ਜੇਕਰ ਕੋਈ ਰੌਲਾ-ਰੱਪਾ ਪੈ ਗਿਆ ਤਾਂ ਉਸ ਦਾ ਹੱਲ ਕਰ ਸਕੇ। ਮੈਨੂੰ ਵੀ ਲੱਗਦਾ ਹੈ ਕਿ ਇਸ ਤਰ੍ਹਾਂ ਹੀ ਹੈ। ਇੱਕ ਵਾਰੀ ਮੰਤਰੀ ਜੀ ਇਹ ਚੈੱਕ ਕਰਵਾ ਲੈਣ, ਨਹੀਂ ਤਾਂ ਫਿਰ ਦੁਬਾਰਾ ਤੋਂ ਸਵਾਲ ਪਾ ਲਵਾਂਗੇ।

**ਮਾਣਯੋਗ ਸਪੀਕਰ**: ਇਸ ਸਬੰਧ ਵਿੱਚ ਮੇਰੇ ਖ਼ਿਆਲ ਵਿੱਚ ਡਾਕਟਰ ਸੁੱਖੀ ਜੀ ਵੀ ਕੁਝ ਪੁੱਛਣਾ ਚਾਹੁੰਦੇ ਹਨ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ**: ਸਰ, ਮੈਂ ਤਾਂ ਮੰਤਰੀ ਸਾਹਿਬ ਤੋਂ ਇਹ ਹੀ ਜਾਣਨਾ ਚਾਹੁੰਦਾ ਹਾਂ ਕਿ ਜਿੰਨੇ ਵੀ past ਵਿੱਚ ਪੀ.ਪੀ. ਮੋਡ ਵਿੱਚ ਹਸਪਤਾਲ ਬਣੇ ਹਨ, ਉਨ੍ਹਾਂ ਵਿੱਚ ਤਾਂ ਕੁਝ ਨਹੀਂ ਕਰ ਸਕਦੇ ਪਰ ਜਿਨ੍ਹਾਂ ਹਸਪਤਾਲਾਂ ਨਾਲ ਅਸੀਂ ਹੁਣ ਐਗਰੀਮੈਂਟ ਕਰ ਰਹੇ ਹਾਂ ਜਾਂ ਜਿਨ੍ਹਾਂ ਨੂੰ ਪੀ.ਪੀ. ਮੋਡ ਵਿੱਚ ਲੈਂਦੇ ਹਾਂ ਕੀ ਅਸੀਂ ਉਨ੍ਹਾਂ ਦੀ ਫ਼ੀਸਾਂ ਵੀ ਨਿਰਧਾਰਿਤ ਕਰ ਸਕਦੇ ਹਾਂ ਕਿਉਂਕਿ ਉਹ ਮਨਮਰਜ਼ੀ ਨਾਲ ਫ਼ੀਸਾਂ ਲੈ ਰਹੇ ਹਨ। ਜਿੰਨੇ ਵੀ ਵੱਡੇ ਹਸਪਤਾਲ ਹਨ, ਉਨ੍ਹਾਂ ਵਿੱਚੋਂ ਕਿਸੇ ਦੀ ਵੀ ਫੀਸ ਇੱਕੋ ਜਿਹੀ ਨਹੀਂ ਹੈ। ਕਿਸੇ ਦਾ ਚਿੱਤ ਕਰੇ ਤਾਂ ਉਹ 50000 ਰੁਪਏ ਲੈ ਲੈਂਦਾ ਹੈ, ਕਿਸੇ ਦਾ ਚਿੱਤ ਕਰਦਾ ਹਾਂ ਤਾਂ ਉਹ ਲੱਖ ਰੁਪਏ ਲੈ ਲੈਂਦਾ ਹੈ। ਕੀ ਅਸੀਂ ਭਵਿੱਖ ਵਿੱਚ ਪੀ.ਪੀ. ਮੋਡ ਵਿੱਚ ਬਣਨ ਵਾਲੇ ਹਸਪਤਾਲਾਂ ਦੀਆਂ ਫ਼ੀਸਾਂ ਅਸੀਂ ਨਿਰਧਾਰਿਤ ਕਰ ਸਕਦੇ ਹਾਂ।

**ਮੰਤਰੀ**: ਸਪੀਕਰ ਸਾਹਿਬ, ਇਸ ਸਬੰਧੀ ਸਾਡੀਆਂ ਆਈ.ਐੱਮ.ਏ. ਨਾਲ ਕੁਝ ਮੀਟਿੰਗਾਂ ਹੋਈਆਂ ਹਨ, ਡਾਕਟਰ ਸਾਹਿਬ ਵੀ ਉਨ੍ਹਾਂ ਸਬੰਧੀ ਅਵੇਅਰ ਹਨ। ਇਹ ਇਕੱਲੇ ਸਾਡੇ ਪੰਜਾਬ ਦੀ ਗੱਲ ਨਹੀਂ ਹੈ, ਪੂਰੇ ਦੇਸ਼ ਵਿੱਚ ਇਸ ਤਰ੍ਹਾਂ ਦਾ ਕੋਈ ਸਿਸਟਮ ਨਹੀਂ ਹੈ। ਕੇਂਦਰ ਸਰਕਾਰ ਨਾਲ ਵੀ ਗੱਲਬਾਤ ਹੋਈ ਹੈ। ਮਾਣਯੋਗ ਸੁਪਰੀਮ ਕੋਰਟ ਵੱਲੋਂ ਵੀ ਇਸ ਸਬੰਧੀ ਕਿਹਾ ਹੈ। ਅਸੀਂ ਇਹ ਨਹੀਂ ਕਹਿੰਦੇ ਕਿ ਉਹ ਕਿੰਨਾ ਚਾਰਜ ਕਰਨਗੇ ਪਰ ਉਹ ਡਿਸਪਲੇਅ ਹੋਣਾ ਚਾਹੀਦਾ ਹੈ, it should be specified ਕਿ ਕਿਸੇ ਡਾਕਟਰ ਦੀ ਕੰਸਲਟੇਸ਼ਨ 500 ਹੈ, ਕਿਸੇ ਦੀ 100 ਰੁਪਿਆ ਵੀ ਹੈ। ਉਹ ਡਿਸਪਲੇਅ ਹੋਣਾ ਚਾਹੀਦਾ ਹੈ, ਉਸ ਦੀ ਜਸਟੀਫਿਕੇਸ਼ਨ ਹੋਣੀ ਚਾਹੀਦੀ ਹੈ। ਸਰ, ਇਸ ਦੇ ਬਾਰੇ as of today, ਨਾ ਦੇਸ਼ ਵਿੱਚ ਕੋਈ ਕਾਨੂੰਨ ਹੈ ਅਤੇ ਨਾ ਹੀ ਕੋਈ ਨਾਰਮਜ਼ ਹਨ। ਇਹ ਨੈਸ਼ਨਲ ਲੈਵਲ ਤੇ ਡਿਬੇਟ ਹੋ ਰਿਹਾ ਹੈ। ਜਦੋਂ ਬਾਕੀ ਜਗ੍ਹਾ ਤੇ ਇਸ ਨੂੰ ਇੰਪਲੀਮੈਂਟ ਕਰਨਗੇ, ਅਸੀਂ ਵੀ ਬਿਲਕੁਲ ਕਰਾਂਗੇ। ਬਾਕੀ ਮੈਂ ਮਾਣਯੋਗ ਮੈਂਬਰ ਕੁਲਵੰਤ ਸਿੰਘ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਇਨ੍ਹਾਂ ਕੋਲ information ਹੈ, ਉਹ ਮੈਨੂੰ ਦੇਣ, ਮੈਂ ਇਸ ਨੂੰ ਲਾਗੂ ਕਰਾਂਗਾ, ਬਿਲਕੁਲ ਕਰਾਂਗਾ ਕਿਉਂਕਿ ਇਨ੍ਹਾਂ ਦਾ ਸਬੰਧ ਇਸ ਮਹਿਕਮੇ ਨਾਲ ਪੁਰਾਣਾ ਹੈ। ਸੋ, ਅਸੀਂ ਸਾਰੇ ਇਕੱਠੇ ਹੋ ਕੇ ਸਾਰੀਆਂ ਲੈਟਰਾਂ ਕੱਢ ਕੇ ਗਮਾਡਾ ਨਾਲ ਬੈਠ ਜਾਵਾਂਗੇ ਅਤੇ as per law, letter and spirit ਉਸ ਨੂੰ ਇੰਪਲੀਮੈਂਟ ਕਰਾਂਗੇ ਅਤੇ ਲੋਕਾਂ ਨੂੰ ਸਹੂਲਤਾਂ ਦਿਵਾਵਾਂਗੇ।

**ਮਾਣਯੋਗ ਸਪੀਕਰ**: ਮੰਤਰੀ ਜੀ, ਜਿੰਨੀ ਕੁ ਮੈਨੂੰ ਉਨ੍ਹਾਂ ਦੀ ਗੱਲ ਦੀ ਸਮਝ ਲੱਗੀ ਹੈ, ਇਹ ਆਮ ਲੋਕਾਂ ਦੀ ਸਿਹਤ ਨਾਲ ਸਬੰਧਿਤ ਹੈ। ਤੁਸੀਂ ਤਾਂ ਬਹੁਤ ਕਮਾਲ ਦਾ, ਪੰਜਾਬ ਦੇ ਵਿੱਚ ਸਿਹਤ ਵਿੱਚ ਇਨਕਲਾਬ ਲੈ ਕੇ ਆਏ ਹੋ। ਮੈਨੂੰ ਸਿਵਲ ਹਸਪਤਾਲ, ਕੋਟਕਪੂਰੇ ਵਿੱਚ ਦੋ ਬੰਦੇ ਮਿਲੇ, ਉਨ੍ਹਾਂ ਨੇ ਗੋਡਿਆਂ ਤੇ ਪੱਟੀ ਬੰਨ੍ਹੀ ਹੋਈ ਸੀ। ਮੈਂ ਉਨ੍ਹਾਂ ਨੂੰ ਪੁੱਛਿਆ ਕਿ ਕੀ ਹੋ ਗਿਆ। ਉਹ ਕਹਿੰਦੇ ਕਿ ਗੋਡੇ ਰੀਪਲੇਸ ਕਰਵਾਏ ਹਨ। ਮੈਂ ਪੁੱਛਿਆ ਕਿ ਕਿੱਥੋਂ? ਉਹ ਕਹਿੰਦੇ ਕਿ ਸਿਵਲ ਹਸਪਤਾਲ ਤੋਂ ਕਰਵਾਏ ਹਨ। ਮੈਂ ਪੁੱਛਿਆ ਕਿ ਪੈਸੇ ਕਿੰਨੇ ਲੱਗੇ ਹਨ। ਉਹ ਕਹਿੰਦੇ ਕਿ ਬਿਲਕੁਲ ਫ੍ਰੀ ਹੋਇਆ ਹੈ। ਸੋ, ਤੁਸੀਂ ਸੇਵਾ ਤਾਂ ਬਹੁਤ ਵਧੀਆ ਕੀਤੀ ਹੈ।(ਥੰਪਿੰਗ)। ਕਮਾਲ ਹੈ। ਪਰ ਜਿਹੜੀ ਗੱਲ ਐਮ.ਐਲ.ਏ. ਸਾਹਿਬ ਕੁਲਵੰਤ ਸਿੰਘ ਜੀ ਨੇ ਕਹੀ ਹੈ, ਉਹ ਇਹ ਹੈ ਕਿ ਜੇ ਪ੍ਰਾਈਵੇਟ ਹਸਪਤਾਲ, ਜਿਹੜੀਆਂ ਸ਼ਰਤਾਂ ਤੇ ਉਨ੍ਹਾਂ ਨੂੰ ਜਗ੍ਹਾ ਅਲਾਟ ਕੀਤੀ ਗਈ ਸੀ, ਜੇ ਉਹ ਸ਼ਰਤਾਂ ਪੂਰੀਆਂ ਨਹੀਂ ਕੀਤੀਆਂ ਤਾਂ ਤੁਸੀਂ ਨੋਟਿਸ ਦੇ ਕੇ ਕੋਈ ਜੁਰਮਾਨਾ ਤਾਂ ਲੱਗਾ ਦਿਓ।

ਇਸ ਵਿੱਚ ਪੁੱਡਾ ਨੇ ਕੀ ਕਰਨਾ ਹੈ, ਇਹ ਸਾਰਾ ਕੁਝ ਤੁਸੀਂ ਕਰਨਾ ਹੈ। Do it, ਕਰੋ। ਜੀ ਥੈਂਕ.ਯੂ.। ਹਾਂ ਜੀ ਮੰਤਰੀ ਜੀ।

**ਮੰਤਰੀ**: ਸਰ, ਮਾਈਕ ਆਨ ਕਰਵਾ ਦਿਓ।

**ਮਾਣਯੋਗ ਸਪੀਕਰ**: ਮਾਈਕ ਆਨ ਕਰ ਦਿਓ। ਕੀ ਕੋਈ ਇਸ਼ੂ ਆ ਗਿਆ, ਮਾਈਕ ਦੇ ਦਿਓ।

**ਮੰਤਰੀ**: ਸਰ, I assure the House ਕਿ ਜਦੋਂ ਮੇਰੇ ਕੋਲ information ਆ ਗਈ ਤਾਂ ਅਸੀਂ strict action ਲੈ ਕੇ ਅਗਲੇ ਸੈਸ਼ਨ ਵਿੱਚ ਇੱਥੇ ਆ ਕੇ ਤੁਹਾਨੂੰ ਸਾਰੀ ਜਾਣਕਾਰੀ ਦੇਵਾਂਗਾ।

**1045/Pawan sharma/BS khokhar**

**1050/Beant kaur**

**ਸਰਦਾਰ ਕੁਲਵੰਤ ਸਿੰਘ** : ਮੈਂ ਮੰਤਰੀ ਜੀ ਨੂੰ ਸਿਰਫ਼ ਇਹ ਬੇਨਤੀ ਕਰਨੀ ਹੈ ਕਿ ਇਹ ਰੈਗੂਲੇਟਰੀ ਅਥਾਰਟੀ ਬਣਾਉਣ ਵੱਲ ਕਦਮ ਚੁੱਕਣ, ਇਸ ਦੀ ਬਹੁਤ ਜ਼ਿਆਦਾ ਜ਼ਰੂਰਤ ਹੈ। ਇਸ ਤੋਂ ਬਿਨਾ ਤਾਂ ਇਨਫਰਮੇਸ਼ਨ ਆ ਗਈ ਜਾਂ ਚਲੀ ਗਈ, ਸਿਰਫ਼ ਇਹ ਗੱਲ ਹੋਣੀ ਹੈ। ਜਦੋਂ ਤੱਕ ਇਸ ਵਾਸਤੇ ਆਪਾਂ ਬਿਲ ਲੈ ਕੇ ਨਹੀਂ ਆਉਂਦੇ, ਉਦੋਂ ਤੱਕ ਇਸ ਦਾ ਕੋਈ ਇਲਾਜ ਨਹੀਂ ਹੋ ਸਕਦਾ। ਲੋਕ ਰੁਲਦੇ ਰਹਿਣਗੇ, ਲੋਕਾਂ ਨੂੰ ਲੁੱਟਦੇ ਵੀ ਰਹਿਣਗੇ ਅਤੇ ਇਹ ਸਹੂਲਤਾਂ ਵੀ ਉਨ੍ਹਾਂ ਨੂੰ ਕਿਸੇ ਨੇ ਨਹੀਂ ਦੇਣੀਆਂ, ਮੈਂ ਇਸ ਗੱਲ ਦੀ ਗਰੰਟੀ ਦਿੰਦਾ ਹਾਂ। ਮੇਰੀ ਮੰਤਰੀ ਜੀ ਨੂੰ ਰਿਕੁਐਸਟ ਹੈ ਕਿ ਜੇਕਰ ਇਸ ਪਾਸੇ ਆਪਾਂ ਚੱਲਾਂਗੇ ਤਾਂ ਜ਼ਿਆਦਾ ਵਧੀਆ ਰਿਜ਼ਲਟ ਆਉਣਗੇ।

**ਮਾਣਯੋਗ ਸਪੀਕਰ** : ਮੰਤਰੀ ਜੀ, ਇਨ੍ਹਾਂ ਦਾ ਇਨਕਲਾਬੀ ਸਵਾਲ ਹੈ ਅਤੇ ਤੁਸੀਂ ਇਨਕਲਾਬ ਦੇ ਪ੍ਰੋਡਕਟ ਹੋ। ਸੋ, ਇਹ ਇਨਕਲਾਬੀ ਕੰਮ ਕਰ ਦਿਓ।

**ਮੰਤਰੀ** : ਸਰ, ਬਿਲਕੁਲ ਜੀ। ਅਸੀਂ ਇਸ ਨੂੰ ਰੈਗੂਲੇਟ ਕਰਾਂਗੇ।

**Mr. Speaker** : Right. Thank you. (ਇਸ ਸਮੇਂ ਰਾਣਾ ਇੰਦਰ ਪ੍ਰਤਾਪ ਸਿੰਘ ਆਪਣੀ ਸੀਟ ਤੇ ਖੜ੍ਹੇ ਹੋ ਕੇ ਸਪਲੀਮੈਂਟਰੀ ਦੀ ਮੰਗ ਕਰ ਰਹੇ ਸਨ।) ਠੀਕ ਹੈ ਜੀ, ਆਪਾਂ ਅੱਗੇ ਚੱਲਣ ਦੇਈਏ। ਸਿਰਫ਼ 10 ਮਿੰਟ ਰਹਿ ਗਏ ਹਨ।

---------

**ਨਿਸ਼ਾਨ ਵਾਲਾ ਪ੍ਰਸ਼ਨ ਨੰ. 1903**

(ਸਬੰਧਤ ਮਾਣਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---------

## ਪਿੰਡ ਲੱਖਾ ਤੋਂ ਮਾਣੂਕੇ ਤੱਕ ਸੜਕ ਦੀ ਰੀਕਾਰਪੈਟਿੰਗ ਕਰਨਾ

***2027. ਸ੍ਰੀਮਤੀ ਸਰਵਜੀਤ ਕੌਰ ਮਾਣੂਕੇ** : ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਪਿੰਡ ਲੱਖਾ ਤੋਂ ਮਾਣੂਕੇ ਤੱਕ ਸੜਕ ਦੀ ਹਾਲਤ ਬਹੁਤ ਖਰਾਬ ਹੋ ਚੁੱਕੀ ਹੈ; ਜੇਕਰ ਅਜਿਹਾ ਹੈ ਤਾਂ ਇਸ ਦੀ ਰੀਕਾਰਪੈਟਿੰਗ ਕਰਨ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ?

**ਸਰਦਾਰ ਹਰਭਜਨ ਸਿੰਘ** : ਪਿੰਡ ਲੱਖਾ ਤੋਂ ਮਾਣੂਕੇ ਤੱਕ ਸੜਕ ਇੱਕ ਪਲੈਨ ਰੋਡ ਹੈ। ਇਸ ਦੀ ਸਪੈਸ਼ਲ ਰਿਪੇਅਰ ਦਾ ਕੰਮ ਅਕਤੂਬਰ 2023 ਵਿੱਚ ਅਲਾਟ ਕੀਤਾ ਗਿਆ ਸੀ। ਏਜੰਸੀ ਵੱਲੋਂ ਕੰਮ ਮੁਕੰਮਲ ਕਰਨ ਵਿੱਚ ਦੇਰੀ ਕੀਤੀ ਗਈ ਜਿਸ ਕਾਰਨ ਐਗਰੀਮੈਂਟ ਦੀਆਂ ਸ਼ਰਤਾਂ ਮੁਤਾਬਿਕ 5% ਪੈਨਲਟੀ ਲਗਾ ਦਿੱਤੀ ਗਈ ਹੈ। ਠੇਕਦਾਰ ਵਲੋਂ ਹੁਣ ਤੱਕ ਲਗਭਗ 74% ਕੰਮ ਮੁਕੰਮਲ ਕਰ ਲਿਆ ਗਿਆ ਹੈ। ਬਾਕੀ ਰਹਿੰਦੇ ਕੰਮ ਲਈ ਏਜੰਸੀ ਨਾਲ ਤਾਲਮੇਲ ਕੀਤਾ ਗਿਆ ਹੈ ਅਤੇ ਸਪੈਸ਼ਲ ਰਿਪੇਅਰ ਦਾ ਕੰਮ ਜਲਦੀ ਮੁਕੰਮਲ ਕਰਵਾ ਲਿਆ ਜਾਵੇਗਾ।

**ਸ੍ਰੀਮਤੀ ਸਰਵਜੀਤ ਕੌਰ ਮਾਣੂਕੇ** : ਸਪੀਕਰ ਸਾਹਿਬ, ਸਪਲੀਮੈਂਟਰੀ। ਮੈਂ ਤੁਹਾਡੀ ਮਾਰਫ਼ਤ ਸਪੀਕਰ ਸਾਹਿਬ ਤੋਂ ਪੁੱਛਣਾ ਚਾਹੁੰਦੀ ਹਾਂ ਕਿ ਪੀਡਬਲਿਊਡੀ ਦੀਆਂ ਤਿੰਨੋਂ ਸੜਕਾਂ - ਲੱਖਾ ਮਾਣੂਕੇ, ਗੁਰੂ ਗੋਬਿੰਦ ਸਿੰਘ ਮਾਰਗ ਅਤੇ ਰਾਏਕੋਟ ਜਗਰਾਓਂ- ਸਬੰਧੀ ਆਪਣੇ ਜਵਾਬ ਵਿੱਚ ਦੱਸਿਆ ਹੈ ਕਿ ਅਕਤੂਬਰ, 2023 ਵਿੱਚ ਕੰਮ ਅਲਾਟ ਕੀਤਾ ਗਿਆ ਸੀ। ਹੁਣ ਅਕਤੂਬਰ, 2026 ਆ ਗਈ ਹੈ। ਗੁਰੂ ਗੋਬਿੰਦ ਸਿੰਘ ਮਾਰਗ, ਅਸੀਂ ਗੁਰੂਆਂ ਦੇ ਨਾਂ ਤੇ ਚਲਦੇ ਹਾਂ ਪਰ ਉਸ ਸੜਕ ਤੇ ਅਨੇਕਾਂ ਹੀ ਐਕਸੀਡੈਂਟ ਹੋ ਚੁੱਕੇ ਹਨ, ਲੱਤਾਂ-ਬਾਹਾਂ ਟੁੱਟ ਚੁੱਕੀਆਂ ਹਨ, ਡੈੱਥਸ ਵੀ ਹੋ ਚੁੱਕੀਆਂ ਹਨ। ਮੰਤਰੀ ਜੀ ਨੇ ਦੱਸਿਆ ਹੈ ਕਿ ਸ਼ਰਤਾਂ ਮੁਤਾਬਿਕ 5% ਪੈਨਲਟੀ ਲਗਾ ਦਿੱਤੀ ਹੈ। ਸਰ, ਜਿਸ ਦੀ ਮੌਤ ਹੋ ਗਈ, ਉਸ ਨੂੰ ਠੇਕੇਦਾਰ ਨੂੰ ਲਗਾਈ ਪੈਨਲਟੀ ਨਾਲ ਕੀ ਲੈਣਾ-ਦੇਣਾ। ਦੂਜਾ, ਇਹ ਇਕ ਠੇਕੇਦਾਰ ਨੂੰ ਬਲੈਕ ਲਿਸਟ ਕਰਦੇ ਹਨ ਤਾਂ ਉਹ ਆਪਣੇ ਭਾਈ-ਭਤੀਜੇ ਜਾਂ ਚਾਚੇ-ਤਾਏ ਨਾਲ ਰਲ ਕੇ ਦੂਜਾ ਐਗਰੀਮੈਂਟ ਕਰ ਲੈਂਦੇ ਹਨ। ਇਸ ਪ੍ਰਕਾਰ ਉਹ ਕਮਾਈ ਕਰਦੇ ਰਹਿੰਦੇ ਹਨ ਪਰ ਜਿਸ ਦੀ ਡੈੱਥ ਹੋ ਗਈ, ਉਨ੍ਹਾਂ ਦੇ ਪਰਿਵਾਰ ਖ਼ਤਮ ਹੋ ਜਾਂਦੇ ਹਨ। ਜਿਨ੍ਹਾਂ ਦੇ ਅੰਗ ਖ਼ਰਾਬ ਹੋ ਗਏ, ਉਹ ਕੰਮ ਤੋਂ ਨਿਗੂਣੇ ਹੋ ਜਾਂਦੇ ਹਨ।

ਸਪੀਕਰ ਸਾਹਿਬ, ਇਹ ਪ੍ਰਸ਼ਨ ਮੈਂ ਪਹਿਲਾਂ ਵੀ ਤਿੰਨ ਵਾਰ ਵਿਧਾਨ ਸਭਾ ਵਿੱਚ ਪੁੱਛ ਚੁੱਕੀ ਹਾਂ, ਮੰਤਰੀ ਸਾਹਿਬ ਨੂੰ ਡੀਓ ਦੇ ਚੁੱਕੀ ਹਾਂ, ਮੰਤਰੀ ਸਾਹਿਬ ਦੇ ਵਿਭਾਗੀ ਸਕੱਤਰ ਨੂੰ ਦੋ ਵਾਰ ਕਮੇਟੀ ਵਿੱਚ ਬੁਲਾ ਕੇ ਪੁੱਛ ਚੁੱਕੀ ਹਾਂ। ਮੰਤਰੀ ਸਾਹਿਬ, ਤੁਸੀਂ ਅੱਜ ਮੈਨੂੰ ਭਰੋਸਾ ਦਿਓ ਕਿ ਜਿਹੜੇ ਅਧਿਕਾਰੀਆਂ ਕਰਕੇ ਇਹ ਕੰਮ ਡਿਲੇਅ ਹੋਇਆ ਹੈ, ਉਨ੍ਹਾਂ ਤੇ ਕੀ ਕਾਰਵਾਈ ਕਰੋਗੇ? ਇਹ ਸੜਕਾਂ ਕਿੰਨੇ ਸਮੇਂ ਵਿੱਚ ਪੂਰੀਆਂ ਹੋ ਜਾਣਗੀਆਂ?

**ਮੰਤਰੀ** : ਮਾਣਯੋਗ ਸਪੀਕਰ ਸਾਹਿਬ, ਮੈਂਬਰ ਸਾਹਿਬ ਦੀ ਗੱਲ ਬਿਲਕੁਲ ਠੀਕ ਹੈ ਕਿ ਇਸ ਦਾ ਕੰਮ ਅਕਤੂਬਰ, 2023 ਵਿੱਚ ਅਲਾਟ ਕੀਤਾ ਗਿਆ ਸੀ। ਇਸ ਕੰਮ ਵਿੱਚ ਡਿਲੇਅ ਹੋਈ ਹੈ, ਜਿਸ ਕਾਰਨ ਠੇਕੇਦਾਰ ਨੂੰ 5% ਪੈਨਲਟੀ, ਜੋ ਕਿ 51 ਲੱਖ 24 ਹਜ਼ਾਰ ਰੁਪਿਆ ਬਣਦੀ ਹੈ, ਉਹ ਲਗਾ ਕੇ ਰਿਕਵਰ ਕੀਤੀ ਗਈ ਹੈ। ਇਸ ਤੋਂ ਇਲਾਵਾ, ਠੇਕੇਦਾਰ

ਨੇ ਹੁਣ ਤੱਕ 74% ਕੰਮ ਕੰਪਲੀਟ ਕਰ ਦਿੱਤਾ ਹੈ। ਬਾਕੀ, ਉਸ ਤੋਂ ਲਿਖਤੀ ਤੌਰ ਤੇ ਲਿਆ ਗਿਆ ਹੈ ਕਿ ਹਰ ਹਾਲਤ ਵਿੱਚ 30.11.2026 ਤੱਕ ਇਹ ਕੰਮ ਕੰਪਲੀਟ ਕੀਤਾ ਜਾਵੇ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ** : ਮੰਤਰੀ ਸਾਹਿਬ, ਤੁਸੀਂ ਮੇਰੇ ਛੋਟੇ ਭਰਾ ਹੋ। ਮੈਂ ਇਸ ਕਰਕੇ ਨਹੀਂ ਕਹਿ ਰਹੀ ਪਰ ਤੁਸੀਂ ਕਢਵਾ ਕੇ ਦੇਖ ਲਓ, ਪਹਿਲਾਂ ਵੀ ਮੈਨੂੰ ਤਿੰਨ ਵਾਰੀ ਐਸ਼ੋਰੈਂਸ ਮਿਲ ਚੁੱਕੀ ਹੈ। ਇਨ੍ਹਾਂ ਦੇ ਵਿਭਾਗ ਦੇ ਸਕੱਤਰ ਮੇਰੀ ਕਮੇਟੀ ਵਿੱਚ ਆ ਕੇ ਐਸ਼ੋਰੈਂਸ ਦੇ ਚੁੱਕੇ ਹਨ ਕਿ ਸਿਰਫ਼ ਇਕ ਮਹੀਨੇ ਵਿੱਚ, ਦੋ ਮਹੀਨੇ ਵਿੱਚ ਜਾਂ ਤਿੰਨ ਮਹੀਨੇ ਵਿੱਚ ਇਹ ਕੰਮ ਹੋ ਜਾਵੇਗਾ। ਸਪੀਕਰ ਸਾਹਿਬ, 5 ਜਨਵਰੀ ਨੂੰ ਗੁਰੂ ਮਹਾਰਾਜ ਦਾ ਗੁਰਪੁਰਬ ਆ ਰਿਹਾ ਹੈ ਪਰ ਉਹ ਸੜਕ ਟੁੱਟੀ ਪਈ ਹੈ। ਪ੍ਰਾਬਲਮ ਇਹ ਹੈ ਕਿ ਦੋ ਕਿਲੋਮੀਟਰ ਸੜਕ ਬਣਾ ਦਿੱਤੀ, ਫੇਰ ਦੋ ਕਿਲੋਮੀਟਰ ਛੱਡ ਦਿੱਤੀ। ਫੇਰ ਦੋ ਕਿਲੋਮੀਟਰ ਬਣਾ ਦਿੱਤੀ, ਫੇਰ ਛੱਡ ਦਿੱਤੀ। ਅਜਿਹਾ ਨਹੀਂ ਹੋਣਾ ਚਾਹੀਦਾ। ਸੜਕ ਪੂਰੀ ਬਣਨੀ ਚਾਹੀਦੀ ਹੈ ਜਾਂ ਫੇਰ ਜਿੰਨੀ ਬਣ ਗਈ, ਉਸ ਤੋਂ ਬਾਕੀ ਟੋਟਾ ਛੱਡ ਦਿੱਤਾ ਜਾਵੇ।

**ਮਾਣਯੋਗ ਸਪੀਕਰ** : ਮੰਤਰੀ ਜੀ, ਭੈਣ ਜੀ ਆਪਣੇ ਤੋਂ ਨਰਾਜ਼ ਨਾ ਹੋਣ।

**ਮੰਤਰੀ** : ਸਪੀਕਰ ਸਾਹਿਬ, ਹੁਣ ਤੱਕ ਅਸੀਂ 74% ਕੰਮ ਕੰਪਲੀਟ ਕੀਤਾ ਹੈ, 26% ਰਹਿੰਦਾ ਹੈ। ਅਸੀਂ ਨਿਯਮਾਂ ਮੁਤਾਬਿਕ 51 ਲੱਖ 24 ਹਜ਼ਾਰ ਰੁਪਿਆ ਰਿਕਵਰ ਵੀ ਕਰ ਲਿਆ ਹੈ। ਅਸੀਂ ਹਰ ਹਾਲਤ ਵਿੱਚ 30.11.2026 ਤੱਕ ਇਹ ਸੜਕ ਕੰਪਲੀਟ ਕਰਕੇ ਦੇਵਾਂਗੇ। ਅਸੀਂ ਇਸ ਬਾਰੇ ਕੰਟ੍ਰੈਕਟਰ ਤੋਂ ਲਿਖਤੀ ਤੌਰ ਤੇ ਲੈ ਲਿਆ ਹੈ। ਇਹ ਮੈਂ ਮੈਂਬਰ ਸਾਹਿਬ ਨੂੰ ਦਿਖਾ ਵੀ ਦੇਵਾਂਗਾ। ਸੋ, ਅਸੀਂ ਹਰ ਹਾਲਤ ਵਿੱਚ 30 ਨਵੰਬਰ ਤੱਕ ਕੰਪਲੀਟ ਕਰਾਂਗੇ। ਜਿਵੇਂ ਮਾਣਯੋਗ ਮੈਂਬਰ ਸਾਹਿਬ ਕਹਿ ਰਹੇ ਸੀ, ਇਸ ਡਿਲੇਅ ਵਾਸਤੇ ਜਿਹੜੇ ਵੀ ਸਬੰਧਤ ਅਫ਼ਸਰ ਪਾਏ ਗਏ, ਉਨ੍ਹਾਂ ਤੇ ਬਣਦੀ ਵਿਭਾਗੀ ਕਾਰਵਾਈ ਕੀਤੀ ਜਾਵੇਗੀ।

**1055/Karamjit kaur**

**ਸਰਦਾਰ ਚੇਤਨ ਸਿੰਘ ਜੋੜਾਮਾਜਰਾ**: ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ ਜੀ। ਸਰ, ਮੈਂ ਤੁਹਾਨੂੰ ਵੀ ਬੇਨਤੀ ਕਰਾਂਗਾ ਕਿ ਇਹ ਨਾ ਕਹਿਓ ਕਿ ਇਹ ਸਵਾਲ ਬਣਦਾ ਨਹੀਂ। ਮੇਰੀ ਬੇਨਤੀ ਹੈ ਜੀ ਕਿ ਸਾਡੇ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਮਾਰਗ ਸਬੰਧੀ ਮੰਤਰੀ ਜੀ ਨੂੰ ਦੋ-ਤਿੰਨ ਵਾਰੀ ਬੇਨਤੀ ਕੀਤੀ ਹੋਈ ਹੈ, ਪਲੀਜ਼ ਮੇਰੀ ਰਿਕੁਐਸਟ ਹੈ ਕਿ ਮੰਤਰੀ ਜੀ ਚੰਗੇ ਹਨ ਪਰ ਪਤਾ ਨਹੀਂ ਕੀ ਗੱਲ ਹੈ, ਕਿਉਂ ਨਹੀਂ ਬੂਰ ਪੈ ਰਿਹਾ? ਮੈਂ ਚਾਹੁੰਦਾ ਹਾਂ ਕਿ ਇਸ ਮਾਰਗ ਬਾਰੇ ਥੋੜ੍ਹਾ ਜਿਹਾ ਦੇਖਿਆ ਜਾਵੇ। ਸਾਡੇ ਏਰੀਏ ਦਾ ਕਰਹਾਲੀ ਸਾਹਿਬ ਇਤਿਹਾਸਕ ਗੁਰਦੁਆਰਾ ਹੈ।

(ਇਸ ਸਮੇਂ ਸਰਦਾਰ ਚੇਤਨ ਸਿੰਘ ਜੋੜਾਮਾਜਰਾ ਦਾ ਮਾਈਕ ਬੰਦ ਹੋ ਜਾਣ ਕਰਕੇ ਆਵਾਜ਼ ਸੁਣਾਈ ਨਹੀਂ ਦਿੱਤੀ।)

**ਮਾਣਯੋਗ ਸਪੀਕਰ**: ਥੈਂਕ ਯੂ ਜੀ। ਤੁਹਾਡੀ ਗੱਲ ਆ ਗਈ ਹੈ। ਐਵੇਂ ਤਾਂ ਕੰਮ ਨਹੀਂ ਚੱਲਣਾ ਜੀ। ਥੈਂਕ ਯੂ। ਬੀਬੀ ਸਰਵਜੀਤ ਕੌਰ ਜੀ, ਤੁਹਾਡੀ ਗੱਲ ਆ ਗਈ ਹੈ। ਕੰਮ ਹੋ ਗਿਆ ਹੈ।

**ਸ਼੍ਰੀਮਤੀ ਸਰਵਜੀਤ ਕੌਰ ਮਾਣੂਕੇ**: ਸਪੀਕਰ ਸਾਹਿਬ, ਮੈਂ ਤਾਂ ਇਹ ਕਹਿੰਦੀ ਹਾਂ ਕਿ ਮੰਤਰੀ ਜੀ ਬਣਦੀ ਕਾਰਵਾਈ ਕਰ ਦੇਣ। ਮੈਨੂੰ ਅਗਲੀ ਵਾਰ ਵਿਧਾਨ ਸਭਾ ਵਿੱਚ ਇਸ ਬਾਰੇ ਨਾ ਬੋਲਣਾ ਪਵੇ।

**ਮਾਣਯੋਗ ਸਪੀਕਰ**: ਠੀਕ ਹੈ ਜੀ। ਹੋ ਗਿਆ ਹੈ ਜੀ। ਤੁਹਾਡਾ ਕੰਮ ਹੋ ਗਿਆ।

----------------

## ਹਲਕਾ ਅੰਮ੍ਰਿਤਸਰ ਦੇ ਹਾਲ ਬਾਜ਼ਾਰ, ਕੈਰੋਂ ਮਾਰਕੀਟ ਵਿੱਚ ਬਹੁ-ਮੰਜਿਲਾ ਆਧੁਨਿਕ ਪਾਰਕਿੰਗ ਸਟੈਂਡ ਦੀ ਉਸਾਰੀ ਮੁਕੰਮਲ ਕਰਨਾ।

***2046. ਡਾਕਟਰ ਅਜੈ ਗੁਪਤਾ:** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕੇਂਦਰੀ ਵਿਧਾਨ ਸਭਾ ਹਲਕਾ ਅੰਮ੍ਰਿਤਸਰ ਦੇ ਹਾਲ ਬਾਜ਼ਾਰ, ਕੈਰੋਂ ਮਾਰਕੀਟ ਵਿੱਚ ਬਹੁ-ਮੰਜਿਲਾ ਆਧੁਨਿਕ ਪਾਰਕਿੰਗ ਸਟੈਂਡ ਦੀ ਉਸਾਰੀ ਜੋ ਕਿ ਅਪ੍ਰੈਲ 2023 ਵਿੱਚ ਸ਼ੁਰੂ ਹੋਈ ਸੀ; ਇੰਨੇ ਲੰਬੇ ਸਮੇਂ ਬਾਅਦ ਵੀ ਇਸ ਪਾਰਕਿੰਗ ਸਟੈਂਡ ਦੀ ਉਸਾਰੀ ਦਾ ਕੰਮ ਪੂਰਾ ਨਹੀਂ ਹੋਇਆ ਹੈ; ਜੇਕਰ ਅਜਿਹਾ ਹੈ ਤਾਂ ਇਸਦੇ ਕੀ ਕਾਰਨ ਹਨ, ਵੇਰਵੇ ਸਹਿਤ ਦੱਸਿਆ ਜਾਵੇ?

**ਮਾਣਯੋਗ ਸਪੀਕਰ**: ਇਨ੍ਹਾਂ ਨੇ ਬੜੇ ਪਿਆਰ ਨਾਲ 2046 ਨੰਬਰ ਕਿਹਾ ਹੈ। ਹੁਣ ਜਵਾਬ ਵਧੀਆ ਦੇ ਦਿਓ ਜੀ। ਇਨ੍ਹਾਂ ਦਾ ਕੰਮ ਕਰ ਦਿਓ।

**ਸਰਦਾਰ ਹਰਜੋਤ ਸਿੰਘ ਬੈਂਸ:** ਜੀ, ਸਰ। ਮਾਣਯੋਗ ਸਪੀਕਰ ਸਾਹਿਬ, ਮਾਣਯੋਗ ਵਿਧਾਇਕ ਸਾਹਿਬ ਨੇ ਟਾਊਨ ਹਾਲ ਵਿਖੇ ਜੋ ਪਾਰਕਿੰਗ ਬਣਨੀ ਸੀ, ਉਸ ਬਾਰੇ ਪੁੱਛਿਆ ਹੈ। ਉਸ ਦਾ ਸਟੇਟਸ ਇਹ ਹੈ ਜੀ:

"ਜੀ ਹਾਂ; ਅੰਮ੍ਰਿਤਸਰ ਦੇ ਹਾਲ ਬਾਜ਼ਾਰ, ਕੈਰੋਂ ਮਾਰਕੀਟ ਵਿੱਚ ਬਹੁ-ਮੰਜ਼ਿਲਾ ਆਧੁਨਿਕ ਪਾਰਕਿੰਗ ਸਟੈਂਡ ਦੇ ਨਿਰਮਾਣ ਦਾ ਕੰਮ ਮਿਤੀ 30.01.2023 ਨੂੰ ਅਲਾਟ ਕੀਤਾ ਗਿਆ ਸੀ। ਇਸ ਪ੍ਰੋਜੈਕਟ ਵਾਲੀ ਥਾਂ 'ਤੇ ਮੌਜੂਦ ਬੁਨਿਆਦੀ ਢਾਂਚੇ ਅਤੇ ਬਿਜਲੀ ਪ੍ਰਣਾਲੀਆਂ—ਜਿਵੇਂ ਕਿ ਵਾਟਰ ਸਪਲਾਈ ਟਿਊਬਵੈੱਲ, ਸੁਲਭ ਸ਼ੌਚਾਲਿਆ, ਟ੍ਰਾਂਸਫਾਰਮਰ, ਅਤੇ ਲੋ-ਟੈਂਸ਼ਨ (LT) ਤੇ ਹਾਈ-ਟੈਂਸ਼ਨ (HT) ਪੈਨਲ ਸ਼ਾਮਲ ਸਨ—ਨੂੰ ਹਟਾਉਣ ਕਾਰਨ ਕੰਮ ਵਿੱਚ ਦੇਰੀ ਹੋਈ। ਪੀ.ਐਸ.ਪੀ.ਸੀ.ਐਲ. ਵੱਲੋਂ ਜਨਵਰੀ, 2026 ਵਿੱਚ ਇਹ ਸਾਈਟ ਕਲੀਅਰ ਕਰਕੇ ਦਿੱਤੀ ਗਈ ਹੈ। ਬਿਜਲੀ ਦੇ ਬੁਨਿਆਦੀ ਢਾਂਚੇ ਨੂੰ ਹਟਾਉਣ ਦਾ ਕੰਮ PSPCL ਦੁਆਰਾ ਜਨਵਰੀ 2026 ਵਿੱਚ ਪੂਰਾ ਕਰ ਲਿਆ ਗਿਆ ਸੀ। ਇਸ ਸਮੇਂ ਕੰਮ ਪ੍ਰਗਤੀ ਅਧੀਨ ਹੈ ਅਤੇ ਕੰਮ ਮਿਤੀ 15.12.2026 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। ਯਾਨੀ ਕਿ ਅਗਲੇ 50 ਦਿਨਾਂ ਦੇ ਵਿੱਚ ਇਹ ਕੰਮ ਮੁਕੰਮਲ ਹੋ ਜਾਵੇਗਾ।

**ਡਾਕਟਰ ਅਜੈ ਗੁਪਤਾ**: ਸਪੀਕਰ ਸਾਹਿਬ, ਕੈਰੋਂ ਮਾਰਕੀਟ ਵਿੱਚ ਇਹ ਬੜਾ ਹੀ ਇੰਪੋਰਟੈਂਟ ਪਾਰਕਿੰਗ ਸਟੈਂਡ ਹੈ। ਇਸ ਦੇ ਠੇਕੇ ਬਾਰੇ ਜਿਸ ਤਰ੍ਹਾਂ ਮੰਤਰੀ ਸਾਹਿਬ ਨੇ ਕਿਹਾ ਹੈ, ਅਪ੍ਰੈਲ 2023 ਵਿੱਚ ਦਿੱਤਾ ਗਿਆ ਸੀ। ਇਸ ਪਾਰਕਿੰਗ ਨੂੰ ਤਕਰੀਬਨ 21 ਮਹੀਨੇ ਵਿੱਚ ਪੂਰਾ ਕਰਨਾ ਸੀ। ਪਰ ਅਫ਼ਸੋਸ ਹੈ ਕਿ ਉਹ ਕੰਮ ਅਜੇ ਤੱਕ ਅਧੂਰਾ ਪਿਆ ਹੈ,

ਕਿਉਂਕਿ ਇਹ ਸਾਰਾ ਇਲਾਕਾ ਬੜਾ ਇੰਪੋਰਟੈਂਟ ਹੈ, ਸ੍ਰੀ ਅੰਮ੍ਰਿਤਸਰ ਸਾਹਿਬ ਸ਼ਹਿਰ ਦੀਆਂ ਜਿੰਨੀਆਂ ਵੀ ਇੰਪੋਰਟੈਂਟ ਕਮਰਸ਼ੀਅਲ ਮਾਰਕੀਟਸ ਹਨ, ਇਹ ਉਨ੍ਹਾਂ ਦੀ ਪਾਰਕਿੰਗ ਹੈ। ਸੋ, ਇਹ ਕੰਮ ਇਹ ਸੋਚ ਕੇ ਕੀਤਾ ਗਿਆ ਸੀ ਕਿ ਇਸ ਨਾਲ ਟ੍ਰੈਫਿਕ ਦੀ ਸਮੱਸਿਆ ਹੱਟ ਜਾਵੇਗੀ ਅਤੇ ਸ੍ਰੀ ਅੰਮ੍ਰਿਤਸਰ ਵਾਸੀਆਂ ਨੂੰ ਬੜੀ ਵੱਡੀ ਰਾਹਤ ਮਿਲੇਗੀ। ਕਿਉਂਕ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਨੂੰ ਵੀ ਇਹ ਰਸਤਾ ਜਾਂਦਾ ਹੈ। ਇਸ ਕਰਕੇ ਇਹ ਪਾਰਕਿੰਗ ਬੜੀ ਇੰਪੋਰਟੈਂਟ ਬਣ ਜਾਂਦੀ ਹੈ। ਸੋ, ਇਸ ਕਰਕੇ ਮੈਂ ਕਹਿਣਾ ਚਾਹੁੰਦਾ ਹਾਂ ਕਿ ਉਥੇ ਜੋ ਬਿਜਲੀ ਦੇ ਟਰਾਂਸਫਾਰਮਰ ਜਾਂ ਹਾਈ ਟੈਂਸ਼ਨ ਵਾਇਰ ਸੀ, ਜਾਂ ਸੋਚਾਲਿਆ ਵਗੈਰਾ ਸਥਿਤ ਸੀ, ਉਸ ਦੇ ਲਈ ਵਿਧਾਇਕ ਦੇ ਧਿਆਨ ਵਿੱਚ ਲਿਆਉਣਾ ਜ਼ਰੂਰੀ ਸੀ ਤਾਂ ਕਿ ਮੈਂ ਸਬੰਧਤ ਅਧਿਕਾਰੀਆਂ ਨੂੰ ਬੁਲਾ ਕੇ ਉਨ੍ਹਾਂ ਨਾਲ ਡਿਸਕਸ ਕਰਕੇ ਜਲਦੀ ਤੋਂ ਜਲਦੀ ਇਹ ਕੰਮ ਕਰਵਾਉਣ ਦੀ ਕੋਸ਼ਿਸ਼ ਕਰਦਾ। ਪਰ ਇੱਕ ਵਾਰੀ ਵੀ ਮੇਰੇ ਨੋਟਿਸ ਵਿੱਚ ਨਹੀਂ ਲਿਆਂਦਾ ਗਿਆ ਜਦੋਂ ਕਿ ਮੈਂ ਕਈ ਵਾਰੀ ਕੰਸਰਨਡ ਅਧਿਕਾਰੀਆਂ ਨੂੰ ਕਿਹਾ ਹੈ ਕਿ ਤੁਸੀਂ ਇਸ ਨੂੰ ਜਲਦੀ ਤੋਂ ਜਲਦੀ ਕੰਪਲੀਟ ਕਰਵਾਓ।

ਸਰ, ਮੈਂ ਮੰਤਰੀ ਸਾਹਿਬ ਨੂੰ ਇਹ ਪੁੱਛਣਾ ਚਾਹੁੰਦਾ ਹਾਂ, ਜਿਸ ਤਰ੍ਹਾਂ ਇਨ੍ਹਾਂ ਨੇ ਕਿਹਾ ਹੈ ਕਿ ਦਸੰਬਰ, 2026 ਵਿੱਚ ਇਹ ਕੰਮ ਕੰਪਲੀਟ ਹੋ ਜਾਵੇਗਾ। ਅਗਰ ਕੰਟਰੈਕਟਰ ਜਾਂ ਕੰਪਨੀ ਇਸ ਨੂੰ ਸਮੇਂ ਸਿਰ ਕੰਪਲੀਟ ਨਹੀਂ ਕਰਦੇ ਤਾਂ ਕੀ ਉਨ੍ਹਾਂ ਦੇ ਖਿਲਾਫ ਅਤੇ ਜਿਹੜੇ ਕਾਰਪੋਰੇਸ਼ਨ ਦੇ ਅਧਿਕਾਰੀ ਹਨ, ਉਨ੍ਹਾਂ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਹੋਵੇਗੀ?

**ਮਾਣਯੋਗ ਸਪੀਕਰ:** ਮੰਤਰੀ ਜੀ, ਕੀ ਤੁਸੀਂ ਡਿਫਾਲਟਰਜ ਦੇ ਖਿਲਾਫ ਸਖਤ ਕਾਰਵਾਈ ਕਰੋਗੇ?

**ਮੰਤਰੀ:** ਹਾਂ ਜੀ, ਮਾਣਯੋਗ ਸਪੀਕਰ ਸਾਹਿਬ, obviously ਅਸੀਂ ਕਰਾਂਗੇ। ਅਗਰ ਹੋਰ ਡਿਟੇਲ ਦੇ ਵਿੱਚ ਹੈ, ਕਿਉਂਕਿ ਜੋ ਇਨਫਰਮੇਸ਼ਨ ਹੈ, ਕਿ ਕਾਫ਼ੀ ਇਨਫਾਰਾਸਟ੍ਰਕਚਰ, ਜਿਹੜੇ ਸਟ੍ਰਕਚਰ ਸੀ, and problem was ਜਿਵੇਂ ਦੱਸਿਆ ਹੈ ਕਿ ਇਹ ਹਾਈ ਡੈਂਸਿਟੀ ਏਰੀਆ ਹੈ ਅਤੇ ਇੱਥੇ 6 ਟਰਾਂਸਫਾਰਮਰਜ਼ ਅਤੇ 8 LT panels and 4 HT panels ਸੀ, ਇਸ ਕਰਕੇ ਪੀ.ਐਸ.ਪੀ.ਸੀ.ਐਲ. ਨੇ ਸਾਈਟ ਕਲੀਅਰ ਕਰਨ ਵਿੱਚ ਕਾਫ਼ੀ ਟਾਈਮ ਲਗਾ ਦਿੱਤਾ ਹੈ। ਹੁਣ ਜਿਹੜਾ ਹੈ, ਮੇਰੀ ਉਸ ਬਾਰੇ ਵਰਕ ਵਾਈਜ਼ ਡਿਟੇਲ ਹੈ। And they have assured that 15 ਦਸੰਬਰ, 2026 ਤੱਕ ਅਸੀਂ ਮੁਕੰਮਲ ਕਰਾਂਗੇ। ਜੇਕਰ ਅਜਿਹਾ ਨਹੀਂ ਹੁੰਦਾ ਤਾਂ ਅਸੀਂ ਬਣਦਾ ਐਕਸ਼ਨ ਵੀ ਲਵਾਂਗੇ ਅਤੇ ਜਿਸ ਤਰ੍ਹਾਂ ਮਾਣਯੋਗ ਐਮ.ਐਲ.ਏ. ਸਾਹਿਬ ਕਹਿ ਰਹੇ ਹਨ, ਮੈਂ ਇਨ੍ਹਾਂ ਨੂੰ ਬੇਨਤੀ ਕਰਾਂਗਾ ਕਿ ਹੁਣ ਵੀ ਇਹ ਇਸ ਬਾਰੇ ਹਰ ਹਫ਼ਤੇ ਦੇ ਹਫ਼ਤੇ ਰਿਵਿਊ ਲੈਂਦੇ ਰਹਿਣ। ਥੈਂਕ ਯੂ।

**ਰਾਣਾ ਇੰਦਰਪ੍ਰਤਾਪ ਸਿੰਘ:** ਸਰ, ਕੀ ਇਸ ਦੀ ਸਪਲੀਮੈਂਟਰੀ ਮਿਲ ਸਕਦੀ ਹੈ?

----------------

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2007**

(ਸਬੰਧਿਤ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਰਕੇ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

--------------

**ਸਕੂਲ ਆਫ਼ ਐਮੀਨੈਂਸ, ਦੋਰਾਹਾ ਵਿਖੇ ਅਧਿਆਪਕਾਂ ਦੀਆਂ ਮਨਜ਼ੂਰਸ਼ੁਦਾ ਆਸਾਮੀਆਂ ਦੇ ਵੇਰਵੇ**

***1926. ਸਰਦਾਰ ਮਨਵਿੰਦਰ ਸਿੰਘ ਗਿਆਸਪੁਰਾ:** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ:

**(ੳ)** "ਸਕੂਲ ਆਫ ਐਮੀਨੈਂਸ, ਦੋਰਾਹਾ (ਹਲਕਾ ਪਾਇਲ) ਵਿਖੇ ਅਧਿਆਪਕਾਂ ਦੀਆਂ ਮਨਜ਼ੂਰਸ਼ੁਦਾ ਕੁੱਲ ਕਿੰਨੀਆਂ ਅਸਾਮੀਆਂ ਹਨ, ਉਨ੍ਹਾਂ ਵਿੱਚ ਇਸ ਸਮੇਂ ਕਿੰਨੀਆਂ ਆਸਾਮੀਆਂ ਭਰੀਆਂ ਹੋਈਆਂ ਹਨ ਅਤੇ ਕਿੰਨੀਆਂ ਖਾਲੀ ਪਈਆਂ ਹਨ; ਵਿਸ਼ਾ-ਵਾਰ ਵੇਰਵੇ ਸਮੇਤ ਦੱਸਿਆ ਜਾਵੇ;"

**(ਅ)** "ਸਕੂਲ ਆਫ ਐਮੀਨੈਂਸ, ਦੋਰਾਹਾ ਵਿਖੇ ਖਾਲੀ ਪਈਆਂ ਅਧਿਆਪਕਾਂ ਦੀਆਂ ਅਸਾਮੀਆਂ ਨੂੰ ਭਰਨ ਲਈ ਸਰਕਾਰ ਵੱਲੋਂ ਹੁਣ ਤੱਕ ਕੀ ਕਾਰਵਾਈ ਕੀਤੀ ਗਈ ਹੈ ਅਤੇ ਖਾਲੀ ਅਸਾਮੀਆਂ ਕਦ ਤੱਕ ਭਰ ਦਿੱਤੀਆਂ ਜਾਣਗੀਆਂ; ਵੇਰਵੇ ਸਮੇਤ ਦੱਸਿਆ ਜਾਵੇ।"

**ਸਰਦਾਰ ਹਰਜੋਤ ਸਿੰਘ ਬੈਂਸ**: ਜੀ ਹਾਂ,

**(ੳ)** ਸਕੂਲ ਆਫ਼ ਐਮੀਨੈਂਸ ਦੋਰਾਹਾ (ਹਲਕਾ ਪਾਇਲ) ਵਿਖੇ ਅਧਿਆਪਕਾਂ ਦੀਆਂ ਕੁਲ 49 ਮਨਜ਼ੂਰਸ਼ੁਦਾ ਪੋਸਟਾਂ ਹਨ ਜਿਸ ਵਿੱਚੋਂ 28 ਪੋਸਟਾਂ ਭਰੀਆਂ ਹੋਈਆਂ ਹਨ ਅਤੇ 21 ਪੋਸਟਾਂ ਖਾਲੀ ਹਨ। ਅਸਾਮੀਆਂ ਦੇ ਵਿਸ਼ਾ-ਵਾਰ ਵੇਰਵਿਆਂ ਸਬੰਧੀ ਸੂਚਨਾ ਅਨੁਲੱਗ-(ੳ) ਤੇ ਨੱਥੀ ਹੈ।

**(ਅ)** ਸਕੂਲ ਆਫ ਐਮੀਨੈਂਸ, ਦੋਰਾਹਾ ਵਿਖੇ ਖਾਲੀ ਪਈਆਂ ਅਧਿਆਪਕਾਂ ਦੀਆਂ ਅਸਾਮੀਆਂ ਨੂੰ ਭਰਨ ਲਈ ਸਰਕਾਰ ਵੱਲੋਂ ਹੇਠ ਦਰਸਾਏ ਉਪਰਾਲੇ ਕੀਤੇ ਗਏ ਹਨ:

**1.** ਇਸ ਸਾਲ ਅਧਿਆਪਕਾਂ ਦੀਆਂ 14 ਪੋਸਟਾਂ ਟ੍ਰਾਸਫ਼ਰ ਪੋਰਟਲ ਅਧੀਨ ਹੋਈਆਂ ਬਦਲੀਆਂ ਵਿੱਚ ਖਾਲੀ ਹੋਈਆਂ ਹਨ ਅਤੇ 01 ਪੋਸਟ ਰਿਟਾਇਰਮੈਂਟ ਕਾਰਨ ਖਾਲੀ ਹੋਈ, ਜਿਸਦੇ ਸਬੰਧ ਵਿੱਚ ਵਿਭਾਗ ਵੱਲੋਂ 01 ਅੰਗਰੇਜ਼ੀ ਲੈਕ. ਦੀ ਡੈਪੂਟੇਸ਼ਨ ਲਗਾਈ ਗਈ ਹੈ।

**2** ਵਿਭਾਗ ਵੱਲੋਂ ਮਿਤੀ 28.09.2026 ਨੂੰ ਪ੍ਰਾਇਮਰੀ ਕਾਡਰ ਤੋਂ ਮਾਸਟਰ ਕਾਡਰ ਵਿੱਚ ਕੀਤੀਆਂ ਗਈਆਂ ਪਦਉਨਤੀਆਂ ਦੇ ਸਨਮੁੱਖ ਵਿਭਾਗ ਦੇ ਹੁਕਮ ਨੰ. ਮਿਤੀ 19.10.2026 ਰਾਹੀਂ 06 ਮਾਸਟਰ ਕਾਡਰ ਦੇ ਅਧਿਆਪਕਾਂ (ਜਿਸ ਵਿੱਚ 02 ਪੰਜਾਬੀ, 02 ਸਮਾਜਿਕ ਸਿਖਿਆ, 01 ਸਾਇੰਸ ਅਤੇ 01 ਮੈਥ ਸ਼ਾਮਿਲ ਹਨ) ਦੀ ਡਿਊਟੀ ਇਸ ਸਕੂਲ ਵਿੱਚ ਲਗਾਈ ਗਈ ਹੈ। ਇਸ ਤੋਂ ਇਲਾਵਾ ਸਬੰਧਤ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਪਾਸੋਂ ਅਧਿਆਪਕਾਂ ਦੀਆਂ ਅਡਜਸਟਮੈਂਟਾਂ ਸਬੰਧੀ ਪ੍ਰਤੀਬੇਨਤੀਆਂ ਮੰਗੀਆਂ ਗਈਆਂ ਹਨ। ਪ੍ਰਾਪਤ ਪ੍ਰਤੀਬੇਨਤੀਆਂ ਦੇ ਆਧਾਰ 'ਤੇ SOE ਦੋਰਾਹਾ ਵਿਖੇ ਖਾਲੀ ਪਈਆਂ ਅਸਾਮੀਆਂ ਨੂੰ ਤਰਜੀਹ ਦੇ ਆਧਾਰ 'ਤੇ ਭਰਨ ਲਈ ਵਿਚਾਰਿਆ ਜਾਵੇਗਾ।

**3** ਵਿਭਾਗ ਵੱਲੋਂ ਲੈਕਚਰਾਰ ਕਾਡਰ ਦੀਆਂ ਕੁੱਲ 1067 ਅਸਾਮੀਆਂ 'ਤੇ ਸਿੱਧੀ ਭਰਤੀ ਦੀ ਪ੍ਰਕਿਰਿਆ ਚੱਲ ਰਹੀ ਹੈ। ਹਿੰਦੀ, ਬਾਇਓਲੋਜੀ, ਮੈਥ, ਹਿਸਟਰੀ, ਪੋਲਿਟੀਕਲ ਸਾਇੰਸ, ਪੰਜਾਬੀ ਅਤੇ ਅੰਗਰੇਜ਼ੀ ਵਿਸ਼ਿਆਂ ਦੀਆਂ ਪ੍ਰੀਖਿਆਵਾਂ ਲਈਆਂ ਜਾ ਚੁੱਕੀਆਂ ਹਨ ਅਤੇ ਮਿਤੀ 23 ਤੋਂ 30, ਅਕਤੂਬਰ, 2026 ਤੱਕ ਇਨ੍ਹਾਂ ਵਿਸ਼ਿਆਂ ਦੀ ਸਕਰੂਟਨੀ ਕੀਤੀ ਜਾਣੀ ਹੈ। ਇਸ ਤੋਂ ਇਲਾਵਾ, ਮਾਸਟਰ ਕਾਡਰ ਦੀਆਂ ਅਸਾਮੀਆਂ ਨੂੰ ਭਰਨ ਦੀ ਪ੍ਰਕਿਰਿਆ ਵੀ ਕਾਰਵਾਈ ਅਧੀਨ ਹੈ। ਇਨ੍ਹਾਂ ਭਰਤੀਆਂ ਦੇ ਮੁਕੰਮਲ ਹੋਣ ਉਪਰੰਤ SOE ਦੋਰਾਹਾ ਸਮੇਤ ਹੋਰਨਾਂ ਸਕੂਲਾਂ ਵਿੱਚ, ਜਿੱਥੇ ਅਧਿਆਪਕਾਂ ਦੀ ਘਾਟ ਹੈ, ਲੋੜ ਅਨੁਸਾਰ ਅਧਿਆਪਕਾਂ ਦੀ ਤਾਇਨਾਤੀ ਕੀਤੀ ਜਾਵੇਗੀ।

**ਅਨੁਲੱਗ-(ੳ)**

ਸਕੂਲ ਆਫ਼ ਐਮੀਨੈਂਸ ਦੋਰਾਹਾ (ਹਲਕਾ ਪਾਇਲ) ਵਿਖੇ ਅਧਿਆਪਕਾਂ ਦੀਆਂ ਕੁਲ 49 ਮਨਜ਼ੂਰਸ਼ੁਦਾ ਪੋਸਟਾਂ ਹਨ ਜਿਸ ਵਿੱਚੋਂ 28 ਪੋਸਟਾਂ ਭਰੀਆਂ ਹੋਈਆਂ ਹਨ ਅਤੇ 21 ਪੋਸਟਾ ਖਾਲੀ ਹਨ। ਅਸਾਮੀਆਂ ਦੇ ਵਿਸ਼ਾ- ਵਾਰ ਵੇਰਵੇ ਹੇਠ ਦਰਸਾਏ ਅਨੁਸਾਰ ਹਨ:

| ਲੜੀ ਨੰ. | ਅਸਾਮੀ/ਵਿਸ਼ਾ | ਮਨਜ਼ੂਰਸ਼ੁਦਾ ਪੋਸਟਾਂ | ਭਰੀਆਂ ਪੋਸਟਾਂ | ਖਾਲੀ ਪੋਸਟਾਂ |
|---|---|---|---|---|
| 1 | ਪ੍ਰਿੰਸੀਪਲ | 1 | 0 | 1 |
| 2 | ਫਿਜ਼ਿਕਸ ਲੈਕ. | 2 | 0 | 2 |
| 3 | ਅੰਗਰੇਜ਼ੀ ਲੈਕ. | 3 | 0 | 3 |
| 4 | ਬਾਇਓ ਲੈਕ. | 1 | 0 | 1 |
| 5 | ਪੰਜਾਬੀ ਲੈਕ. | 3 | 2 | 1 |
| 6 | ਹਿੰਦੀ ਲੈਕ. | 2 | 1 | 1 |
| 7 | ਪੋਲ ਸਾਇੰਸ ਲੈਕ. | 1 | 1 | 0 |
| 8 | ਕਾਮਰਸ ਲੈਕ. | 3 | 2 | 1 |
| 9 | ਹਿਸਟਰੀ ਲੈਕ. | 1 | 1 | 0 |
| 10 | ਆਟੋਮੋਬਾਇਲ ਲੈਕ. | 2 | 0 | 2 |
| 11 | ਨਿਟਿੰਗ ਲੈਕ. | 2 | 1 | 1 |
| 12 | ਟੈਕਸਟਾਈਲ ਲੈਕ. | 2 | 2 | 0 |
| 13 | ਮਕੈਨੀਕਲ ਸਰਵਸਿੰਗ | 1 | 0 | 1 |
| 14 | ਹਿੰਦੀ ਮਾਸਟਰ | 2 | 0 | 2 |
| 15 | ਸਾਇੰਸ ਮਾਸਟਰ | 4 | 4 | 0 |
| 16 | ਪੰਜਾਬੀ ਮਾਸਟਰ | 3 | 3 | 0 |

| | | | | |
|---|---|---|---|---|
| 17 | ਮੈਥ ਮਾਸਟਰ | 4 | 3 | 1 |
| 18 | ਸਸ ਮਾਸਟਰ | 3 | 2 | 1 |
| 19 | ਅੰਗਰੇਜ਼ੀ ਮਾਸਟਰ | 3 | 3 | 0 |
| 20 | ਪੀ.ਟੀ.ਆਈ. | 2 | 1 | 1 |
| 21 | ਕੰਪਿਊਟਰ ਸਾਇੰਸ | 3 | 2 | 1 |
| 22 | ਡਰਾਇੰਗ | 1 | 0 | 1 |
| | **ਕੁੱਲ** | **49** | **28** | **21** |

**ਮਾਣਯੋਗ ਸਪੀਕਰ:** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

----

**WRITTEN ANSWERS TO STARRED QUESTIONS LAID ON THE TABLE OF THE HOUSE UNDER RULE 38**

**ਸਰਕਾਰੀ ਮੈਡੀਕਲ ਕਾਲਜਾਂ ਅਤੇ ਹਸਪਤਾਲਾਂ ਦੇ ਕਰਮਚਾਰੀਆਂ ਦੀ ਬਦਲੀ ਨੀਤੀ ਵਿੱਚ ਵਿਸ਼ੇਸ਼ ਛੋਟ ਦੇਣ ਸਬੰਧੀ।**

***2017 ਸਰਦਾਰ ਗੁਰਦਿੱਤ ਸਿੰਘ ਸੇਖੋਂ:** ਕੀ ਮੈਡੀਕਲ ਸਿੱਖਿਆ ਅਤੇ ਖੋਜ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ-

ੳ) ਕੀ ਪੰਜਾਬ ਸਰਕਾਰ ਵੱਲੋਂ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਫਰੀਦਕੋਟ, ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਸੇਵਾ ਨਿਭਾ ਰਹੇ ਕਰਮਚਾਰੀਆਂ ਦੀਆਂ ਆਪਸੀ (Mutual) ਅਤੇ ਪ੍ਰਸ਼ਾਸਨਿਕ ਲੋੜ ਅਨੁਸਾਰ ਬਦਲੀਆਂ ਕਰਨ ਲਈ ਕੋਈ ਇਕਸਾਰ ਨੀਤੀ ਲਾਗੂ ਕੀਤੀ ਗਈ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

ਅ) ਕੀ ਸਰਕਾਰ ਉਪਰੋਕਤ ਤਿੰਨਾਂ ਸਰਕਾਰੀ ਮੈਡੀਕਲ ਕਾਲਜਾਂ ਅਤੇ ਹਸਪਤਾਲਾਂ ਦੇ ਕਰਮਚਾਰੀਆਂ ਨੂੰ ਪਰਿਵਾਰਕ ਮਜਬੂਰੀਆਂ, ਸਿਹਤ ਸਮੱਸਿਆਵਾਂ ਅਤੇ ਹੋਰ ਜਾਇਜ਼ ਮਨੁੱਖੀ ਆਧਾਰਾਂ ਦੇ ਮੱਦੇਨਜ਼ਰ ਆਪਸੀ ਜਾਂ ਪ੍ਰਸ਼ਾਸਨਿਕ ਬਦਲੀ ਕਰਵਾਉਣ ਲਈ ਵਿਸ਼ੇਸ਼ ਛੋਟ (Special Relaxation) ਦੇਣ ਦਾ ਵਿਚਾਰ ਰੱਖਦੀ ਹੈ?

ੲ) ਕੀ ਸਰਕਾਰ ਮਹਿਲਾ ਕਰਮਚਾਰੀਆਂ ਦੀਆਂ ਪਰਿਵਾਰਕ ਜ਼ਿੰਮੇਵਾਰੀਆਂ ਅਤੇ ਸਹੂਲਤਾਂ ਨੂੰ ਧਿਆਨ ਵਿੱਚ ਰੱਖਦਿਆਂ ਉਨ੍ਹਾਂ ਦੀ ਘਰ ਤੋਂ ਲਗਭਗ 40 ਕਿਲੋਮੀਟਰ ਦੇ ਘੇਰੇ ਅੰਦਰ ਤਾਇਨਾਤੀ ਸਬੰਧੀ ਨੀਤੀ ਦਾ ਲਾਭ ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ ਅਧੀਨ ਕੰਮ ਕਰ ਰਹੀਆਂ ਮਹਿਲਾ ਕਰਮਚਾਰੀਆਂ ਨੂੰ ਵੀ ਦੇਣ ਲਈ ਬਦਲੀ ਨੀਤੀ

ਵਿੱਚ ਲੋੜੀਂਦੀ ਸੋਧ ਕਰਨ ਦਾ ਵਿਚਾਰ ਰੱਖਦੀ ਹੈ; ਜੇਕਰ ਅਜਿਹਾ ਹੈ ਤਾਂ ਇਸ ਸਬੰਧੀ ਨੀਤੀ ਵਿੱਚ ਸੋਧ ਕਰਨ ਅਤੇ ਲੋੜੀਂਦੇ ਹੁਕਮ ਜਾਰੀ ਕਰਨ ਦੀ ਸਮਾਂ-ਸੀਮਾ ਕੀ ਹੈ; ਜੇਕਰ ਨਹੀਂ ਤਾਂ ਇਸ ਦੇ ਕੀ ਕਾਰਨ ਹਨ?

**ਡਾਕਟਰ ਬਲਬੀਰ ਸਿੰਘ:**

ੳ) ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਸੇਵਾ ਨਿਭਾ ਰਹੇ ਕਰਮਚਾਰੀਆਂ ਦੀਆਂ ਆਪਸੀ ਅਤੇ ਪ੍ਰਸ਼ਾਸਨਿਕ ਲੋੜ ਅਨੁਸਾਰ ਬਦਲੀਆਂ ਕੀਤੀਆਂ ਜਾਂਦੀਆਂ ਹਨ ਜੀ। ਕਿਉਂਜੋ ਮੈਡੀਕਲ ਕਾਲਜ ਅਤੇ ਹਸਪਤਾਲ, ਫਰੀਦਕੋਟ ਇੱਕ ਖੁਦਮੁਖਤਿਆਰ ਸੰਸਥਾ ਹੈ, ਇਸ ਲਈ ਉੱਥੇ ਬਦਲੀਆਂ ਨਹੀਂ ਕੀਤੀਆਂ ਜਾਂਦੀਆਂ ਹਨ ਜੀ।

ਅ) ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ, ਪਟਿਆਲਾ ਅਤੇ ਅੰਮ੍ਰਿਤਸਰ ਦੇ ਕਰਮਚਾਰੀਆਂ ਨੂੰ ਪਰਿਵਾਰਕ ਮਜਬੂਰੀਆਂ, ਸਿਹਤ ਸਮੱਸਿਆਵਾਂ ਅਤੇ ਹੋਰ ਜਾਇਜ਼ ਮਨੁੱਖੀ ਆਧਾਰਾਂ ਦੇ ਮੱਦੇਨਜ਼ਰ ਆਪਸੀ ਜਾਂ ਪ੍ਰਸ਼ਾਸਨਿਕ ਲੋੜ ਅਨੁਸਾਰ ਬਦਲੀਆਂ ਕੀਤੀਆਂ ਜਾਂਦੀਆਂ ਹਨ ਜੀ। ਪਰੰਤੂ ਮੈਡੀਕਲ ਕਾਲਜ ਫਰੀਦਕੋਟ ਖੁਦਮੁਖਤਿਆਰ ਸੰਸਥਾ ਹੋਣ ਕਾਰਨ ਉੱਥੇ ਕਰਮਚਾਰੀ ਕੇਵਲ ਉਹਨਾਂ ਦੀ ਸੰਸਥਾ ਲਈ ਹੀ ਭਰਤੀ ਕੀਤੇ ਜਾਂਦੇ ਹਨ ਜਿਸ ਕਰਕੇ ਉੱਥੇ ਬਦਲੀ ਸੰਭਵ ਨਹੀਂ ਹੈ ਜੀ।

ੲ) ਵਿਭਾਗ ਦੀਆਂ ਕੇਵਲ 02 ਅਧੀਨ ਸੰਸਥਾਵਾਂ ਪਟਿਆਲਾ ਅਤੇ ਅੰਮ੍ਰਿਤਸਰ ਵਿਖੇ ਹੀ ਹੋਣ ਕਾਰਨ 40 ਕਿਲੋਮੀਟਰ ਦੇ ਘੇਰੇ ਅੰਦਰ ਤੈਨਾਤੀ ਸਬੰਧੀ ਅਜਿਹੀ ਕੋਈ ਤਜਵੀਜ ਵਿਚਾਰ ਅਧੀਨ ਨਹੀਂ ਹੈ ਜੀ।

----

## ਪ੍ਰਭਾਵਿਤ ਕਿਸਾਨਾਂ ਨੂੰ ਖੇਤੀ ਜਾਰੀ ਰੱਖਣ ਲਈ ਵਿੱਤੀ ਸਹਾਇਤਾ ਦੇਣਾ।

***2003 ਸਰਦਾਰ ਮਨਿਜੰਦਰ ਸਿੰਘ ਲਾਲਪੁਰਾ** : ਕੀ ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜੰਮੂ ਕਟੜਾ ਨੈਸ਼ਨਲ ਹਾਈਵੇ ਦੇ ਨਿਰਮਾਣ ਕਾਰਨ ਪੰਜਾਬ ਦੇ ਕਈ ਕਿਸਾਨਾਂ ਦੀ ਖੇਤੀ ਯੋਗ ਜ਼ਮੀਨ ਦੋ ਹਿੱਸਿਆਂ ਵਿੱਚ ਵੰਡੀ ਗਈ ਸੀ, ਜਿਸ ਕਾਰਨ ਉਨ੍ਹਾਂ ਦਾ ਖੇਤੀ ਕਰਨਾ ਮੁਸ਼ਕਲ ਹੋ ਗਿਆ ਹੈ; ਜੇਕਰ ਅਜਿਹਾ ਹੈ ਤਾਂ ਕੀ ਪ੍ਰਭਾਵਿਤ ਕਿਸਾਨਾਂ ਨੂੰ ਖੇਤੀ ਜਾਰੀ ਰੱਖਣ ਲਈ ਕੋਈ ਵਿੱਤੀ, ਤਕਨੀਕੀ ਜਾਂ ਹੋਰ ਸਹਾਇਤਾ ਦਿੱਤੀ ਜਾ ਰਹੀ ਹੈ; ਜੇਕਰ ਨਹੀਂ ਤਾਂ ਕੀ ਸਰਕਾਰ ਅਜਿਹੀ ਕੋਈ ਯੋਜਨਾ ਲਿਆਉਣ ਬਾਰੇ ਵਿਚਾਰ ਕਰ ਰਹੀ ਹੈ; ਜ਼ਿਲ੍ਹਾ-ਵਾਰ ਅਤੇ ਪਿੰਡ-ਵਾਰ ਵੇਰਵੇ ਸਹਿਤ ਦੱਸਿਆ ਜਾਵੇ?

**ਸਰਦਾਰ ਹਰਭਜਨ ਸਿੰਘ:** ਜੰਮੂ-ਕਟੜਾ ਰਾਸ਼ਟਰੀ ਰਾਜਮਾਰਗ ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ (NHAI), ਭਾਰਤ ਸਰਕਾਰ ਦੇ ਅਧੀਨ ਹੈ। ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ (NHAI) ਵਲੋਂ ਦੱਸਿਆ ਗਿਆ ਹੈ ਕਿ ਜੰਮੂ-ਕਟੜਾ ਰਾਸ਼ਟਰੀ ਰਾਜਮਾਰਗ ਲਈ ਭੌਂ ਪ੍ਰਾਪਤੀ ਨੈਸ਼ਨਲ ਹਾਈਵੇ ਐਕਟ, 1956 ਦੇ ਉਪਬੰਧਾਂ ਅਧੀਨ ਕੀਤੀ ਗਈ ਹੈ। ਭੌਂ ਪ੍ਰਾਪਤੀ ਵੇਲੇ ਕੁਝ ਥਾਂਵਾਂ ਤੇ ਕਿਸਾਨਾਂ ਦੀ ਖੇਤੀਯੋਗ ਜ਼ਮੀਨ ਦੋ ਹਿੱਸਿਆਂ ਵਿੱਚ ਵੰਡੀ ਗਈ

ਸੀ। ਪ੍ਰਭਾਵਿਤ ਜ਼ਮੀਨ ਮਾਲਕਾਂ ਨੂੰ The Right to Fair Compensation and Transparency in Land Acquisition, Rehabilitation and Resettlement Act, 2013 ਦੇ ਉਪਬੰਧਾਂ ਅਨੁਸਾਰ ਮੁਆਵਜ਼ਾ ਦਿੱਤਾ ਗਿਆ ਹੈ। ਇਸ ਤੋਂ ਇਲਾਵਾ ਕਿਸਾਨਾਂ ਦੀ ਖੇਤੀਬਾੜੀ ਜ਼ਮੀਨ ਤੱਕ ਨਿਰੰਤਰ ਪਹੁੰਚ ਦੀ ਸਹੂਲਤ ਲਈ ਲੋੜ ਅਨੁਸਾਰ ਕਨੈਕਟਿੰਗ ਸੜਕਾਂ, ਅੰਡਰਪਾਸ ਅਤੇ ਡਰੇਨੇਜ ਕਰਾਸਿੰਗ ਲਈ ਪਾਈਪ ਅਤੇ ਬਾਕਸ ਕਲਵਰਟ ਆਦਿ ਉਸਾਰੇ ਜਾ ਰਹੇ ਹਨ।

-----

## ਹਲਕਾ ਦਸੂਹਾ ਦੇ ਪਿੰਡਾਂ ਵਿੱਚ ਨਵੇਂ ਆਮ ਆਦਮੀ ਕਲੀਨਿਕ ਖੋਲ੍ਹਣਾ

***2013 ਸਰਦਾਰ ਕਰਮਬੀਰ ਸਿੰਘ:** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦਸੂਹਾ ਦੇ ਪਿੰਡ ਸਵਾਰ, ਬਹਿ ਰੰਗਾ, ਅਮਰੋਹ, ਭੰਬੋਤਾੜ, ਟੇਹਕਿਆਨਾ, ਬੁਧੋਬਹਕਤ, ਧਰਮਪੁਰ ਦੇ ਵਿੱਚ ਨਵੇਂ ਆਮ ਆਦਮੀ ਕਲੀਨਿਕ ਖੋਲ੍ਹਣ ਦੀ ਕੋਈ ਤਜਵੀਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਹੈ ਤਾਂ ਕਦੋਂ ਤੱਕ ?

**ਡਾਕਟਰ ਬਲਬੀਰ ਸਿੰਘ:** ਸ਼੍ਰੀਮਾਨ ਜੀ,

ਪੰਜਾਬ ਸਰਕਾਰ ਵੱਲੋਂ ਪੜਾਅਵਾਰ ਤਰੀਕੇ ਨਾਲ ਸੂਬੇ ਵਿੱਚ 1244 ਆਮ ਆਦਮੀ ਕਲੀਨਿਕ ਬਣਾਏ ਜਾ ਚੁੱਕੇ ਹਨ। ਹੁਸ਼ਿਆਰਪੁਰ ਜਿਲ੍ਹੇ ਵਿੱਚ ਹੁਣ ਤੱਕ ਕੁੱਲ 85 ਆਮ ਆਦਮੀ ਕਲੀਨਿਕ ਕਾਰਜਸ਼ੀਲ ਕੀਤੇ ਜਾ ਚੁੱਕੇ ਹਨ। ਜਿਹਨਾਂ ਵਿੱਚੋਂ ਹਲਕਾ ਦਸੂਹਾ ਅਧੀਨ 12 ਆਮ ਆਦਮੀ ਕਲੀਨਿਕ ਚੱਲ ਰਹੇ ਹਨ ਅਤੇ ਇੱਕ ਕਲੀਨਿਕ ਪਨਵਾ ਦੀ ਉਸਾਰੀ ਦਾ ਕੰਮ ਮੁਕੰਮਲ ਹੋਣ ਦੇ ਨੇੜੇ ਹੈ।

ਹਲਕਾ ਦਸੂਹਾ ਦੇ ਪਿੰਡ ਅਮਰੋਹ, ਭੰਬੋਤਾੜ, ਟੇਹਕਿਆਨਾ, ਬੁਧੋ ਬਰਕਤ, ਧਰਮਪੁਰ ਵਿੱਚ ਹੈਲਥ ਐਂਡ ਵੈਲਨੈਸ ਸੈਂਟਰ/ਆਯੂਸ਼ਮਾਨ ਆਰੋਗਿਆ ਕੇਂਦਰ-ਸਬ ਸੈਂਟਰ (ਏ.ਏ.ਕੇ-ਐਸ.ਸੀ) ਪਹਿਲਾਂ ਤੋਂ ਹੀ ਕਾਰਜਸ਼ੀਲ ਹਨ।

| ਲੜ੍ਹੀ ਨੰ. | ਪਿੰਡ ਦਾ ਨਾਮ | ਪਿੰਡ ਵਿੱਚ ਮੌਜੂਦਾ ਸਿਹਤ ਸਹੂਲਤਾਂ | ਨਜ਼ਦੀਕੀ ਸਿਹਤ ਸਹੂਲਤ ਤੋਂ ਦੂਰੀ (ਕਿਲੋਮੀਟਰ ਵਿੱਚ) |
|---|---|---|---|
| 1 | ਸਵਾਰ | - | ਏ.ਏ.ਕੇ ਘਗਵਾਲ (2.5 ਕਿਲੋਮੀਟਰ) |
| 2 | ਬਹਿ ਰੰਗਾ | | ਸੀ.ਐੱਚ.ਸੀ. ਕਮਾਹੀ ਦੇਵੀ (3.5 ਕਿਲੋਮੀਟਰ), ਏ.ਏ.ਕੇ ਬਾਹ ਨੰਗਲ 3.5 ਕਿਲੋਮੀਟਰ |
| 3 | ਅਮਰੋਹ | ਏ.ਏ.ਕੇ -ਐਸ.ਸੀ | ਸੀ.ਐੱਚ.ਸੀ ਭੋਲ ਕਲੋਟਾ (1.6 ਕਿਲੋਮੀਟਰ) |
| 4 | ਭੰਬੋਤਾੜ | ਏ.ਏ.ਕੇ -ਐਸ.ਸੀ | ਏ.ਏ.ਸੀ. ਰਾਜਵਾਲ (3 ਕਿਲੋਮੀਟਰ) |

| | | | |
|---|---|---|---|
| 5 | ਟੇਹਕਿਆਨਾ | ਏ.ਏ.ਕੇ -ਐਸ.ਸੀ | ਏ.ਏ.ਸੀ. ਟਾਂਡਾ ਰਾਮ ਸਹਾਏ 9 ਕਿਲੋਮੀਟਰ ਏ.ਏ.ਕੇ. ਉੱਚੀ ਬੱਸੀ 5.6 ਕਿਲੋਮੀਟਰ, ਐਸ.ਡੀ.ਐਚ. ਦਸੂਯਾ (12 ਕਿਲੋਮੀਟਰ) |
| 6 | ਬੁਧੋ ਬਰਕਤ | ਏ.ਏ.ਕੇ -ਐਸ.ਸੀ | ਏ.ਏ.ਸੀ. ਸਫਦਰਪੁਰ (5 ਕਿਲੋਮੀਟਰ) |
| 7 | ਧਰਮਪੁਰ | ਏ.ਏ.ਕੇ -ਐਸ.ਸੀ | ਸੀ.ਐਚ.ਸੀ. ਕਮਾਹੀ ਦੇਵੀ (6 ਕਿਲੋਮੀਟਰ) ਏ.ਏ.ਸੀ. ਚਮੂਹੀ 0.9 ਕਿਲੋਮੀਟਰ |

ਪਿੰਡ ਅਮਰੋਹ ਅਤੇ ਟੇਹਕਿਆਨਾ ਵਿੱਚ ਹੈਲਥ ਐਂਡ ਵੈਲਨੈਸ ਸੈਂਟਰ/ਆਯੂਸ਼ਮਾਨ ਆਰੋਗਿਆ ਕੇਂਦਰ-ਸਬ ਸੈਂਟਰ (ਏ.ਏ.ਕੇ-ਐਸ.ਸੀ) ਦੀ ਨਵੀਂ ਬਿਲਡਿੰਗ ਦੀ ਉਸਾਰੀ ਦਾ ਕੰਮ ਪ੍ਰਗਤੀ ਅਧੀਨ ਹੈ।

ਹਲਕਾ ਦਸੂਹਾ ਦੇ ਪਿੰਡ ਸਵਾਰ, ਬਹਿ ਰੰਗਾ, ਅਮਰੋਹ, ਭੰਬੋਤਾੜ, ਟੇਹਕਿਆਨਾ, ਬੁਧੋਬਹਕਤ, ਧਰਮਪੁਰ ਵਿੱਚ ਨਵੇਂ ਆਮ ਆਦਮੀ ਕਲੀਨਿਕ ਵੀ ਲੋੜ ਅਨੁਸਾਰ ਖੋਲੇ ਜਾ ਸਕਦੇ ਹਨ।

------

## MATTERS RAISED DURING ZERO HOUR AND STATMENTS MADE BY THE MINISTERS THEREON

**ਮਾਣਯੋਗ ਸਪੀਕਰ:** ਹੁਣ ਅਸੀਂ ਏਜੰਡੇ ਦੀ ਅਗਲੀ ਆਈਟਮ ਲਵਾਂਗੇ। ਜ਼ੀਰੋ ਆਵਰ। ਸਰਦਾਰ ਮਨਪ੍ਰੀਤ ਸਿੰਘ ਇਆਲੀ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ):** ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਮੈਂ ਨਸ਼ਿਆਂ ਦੇ ਮੁੱਦੇ ਤੇ ਗੱਲ ਕਰਨਾ ਚਾਹੁੰਦਾ ਹਾਂ। ਪਹਿਲਾਂ ਅਕਾਲੀ ਦਲ-ਭਾਜਪਾ ਸਰਕਾਰ ਨਸ਼ਿਆਂ ਨੂੰ ਰੋਕਣ ਵਿੱਚ ਨਾਕਾਮਯਾਬ ਰਹੀ। ਅਸੀਂ ਵੀ ਉਸ ਸਰਕਾਰ ਦਾ ਹਿੱਸਾ ਰਹੇ ਹਾਂ। ਉਸ ਸਮੇਂ ਸਾਡੀ ਸਰਕਾਰ ਨਸ਼ਾ ਨਹੀਂ ਖਤਮ ਕਰ ਸਕੀ। ਮੈਂ ਉਸ ਸਮੇਂ ਆਪਣੇ ਹਲਕੇ ਵਿਚ ਨਸ਼ਿਆਂ ਨੂੰ ਰੋਕਣ ਲਈ 70 ਪਿੰਡਾਂ ਵਿਚ ਖੇਡ ਪਾਰਕ ਬਣਾਏ ਸੀ, ਜਿਸ ਦਾ ਨਤੀਜਾ ਬਹੁਤ ਵਧੀਆ ਮਿਲਿਆ ਅਤੇ ਉਸੇ ਕਰਕੇ ਮੈਂ ਅੱਜ ਤੀਜੀ ਵਾਰ ਇਸ ਵਿਧਾਨ ਸਭਾ ਵਿਚ ਪਹੁੰਚਿਆ ਹਾਂ। ਉਸ ਤੋਂ ਬਾਅਦ ਕਾਂਗਰਸ ਦੀ ਸਰਕਾਰ ਬਣੀ ਅਤੇ ਕੈਪਟਨ ਅਮਰਿੰਦਰ ਸਿੰਘ ਨੇ ਗੁਟਕਾ ਸਾਹਿਬ ਦੀ ਸਹੁੰ ਖਾ ਕੇ ਕਿਹਾ ਕਿ ਅਸੀਂ ਚਾਰ ਹਫ਼ਤਿਆਂ ਵਿਚ ਨਸ਼ਾ ਖਤਮ ਕਰ ਦਿਆਂਗੇ ਲੇਕਿਨ ਨਸ਼ਾ ਖਤਮ ਨਹੀਂ ਹੋਇਆ। ਇਸ ਦਾ ਖਮਿਆਜ਼ਾ ਪਹਿਲਾਂ ਅਕਾਲੀ ਦਲ-ਭਾਜਪਾ ਸਰਕਾਰ ਨੇ ਭੁਗਤਿਆ ਅਤੇ ਫਿਰ ਕਾਂਗਰਸ ਸਰਕਾਰ ਨੇ ਭੁਗਤਿਆ। ਉਸ ਤੋਂ ਬਾਅਦ ਆਮ ਆਦਮੀ ਪਾਰਟੀ ਦੀ ਸਰਕਾਰ ਬਣੀ ਅਤੇ ਇਨ੍ਹਾਂ ਨੂੰ 92 ਸੀਟਾਂ ਮਿਲੀਆਂ। ਇਨ੍ਹਾਂ ਨੇ ਵੀ ਵਾਅਦਾ ਕੀਤਾ ਸੀ ਕਿ ਪੰਜਾਬ ਵਿਚੋਂ ਨਸ਼ਾ ਖਤਮ ਕੀਤਾ ਜਾਵੇਗਾ ਅਤੇ ਸਰਕਾਰ ਨੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਸ਼ੁਰੂ ਕੀਤੀ, ਜਿਸ ਦਾ ਬਹੁਤ ਵੱਡਾ ਪ੍ਰਚਾਰ ਕੀਤਾ ਗਿਆ, ਹਰ ਖੰਭੇ ਤੇ ਫਲੈਕਸ ਲਗਾਏ ਗਏ, ਬੋਰਡ ਲਗਾਏ ਗਏ ਕਿ ਅਸੀਂ ਨਸ਼ਾ ਪੰਜਾਬ ਵਿਚੋਂ ਖਤਮ

ਕਰ ਦਿੱਤਾ ਹੈ ਲੇਕਿਨ ਨਾ ਤਾਂ ਜਿਹੜਾ ਨਸ਼ਾ ਬਾਰਡਰ ਪਾਰੋਂ ਆ ਰਿਹਾ ਸੀ, ਉਹ ਖਤਮ ਹੋਇਆ। ਹਾਲਾਂਕਿ ਇਸ ਦੀ ਸਿੱਧੇ ਤੌਰ ਤੇ ਜ਼ਿੰਮੇਵਾਰੀ ਭਾਜਪਾ ਦੀ ਕੇਂਦਰ ਸਰਕਾਰ ਦੀ ਬਣਦੀ ਹੈ ਕਿਉਂਕਿ ਬਾਰਡਰ ਤੋਂ 50 ਕਿਲੋਮੀਟਰ ਤੱਕ ਦਾਇਰੇ ਦਾ ਸਾਰਾ ਪ੍ਰਬੰਧ ਉਨ੍ਹਾਂ ਕੋਲ ਹੈ। ਗੁਜਰਾਤ ਦੇ ਬਾਰਡਰਾਂ ਤੇ ਵੀ ਨਸ਼ਾ ਖਤਮ ਨਹੀਂ ਹੋਇਆ। ਇਸ ਤੋਂ ਇਲਾਵਾ ਜਿਹੜੀਆਂ ਨਸ਼ੇ ਵਾਲੀਆਂ ਗੋਲੀਆਂ ਹਨ, ਜਿਵੇਂ ਟਰੈਮਾਡੋਲ ਆਦਿ ਸ਼ਰੇਆਮ ਵਿਕਦੀਆਂ ਅਤੇ ਬਣਦੀਆਂ ਹਨ। ਗੁਜਰਾਤ ਦੇ ਅਹਿਮਦਾਬਾਦ, ਮਹਾਂਰਾਸ਼ਟਰ ਅਤੇ ਉੱਤਰਖੰਡ ਵਿਚ ਇਨ੍ਹਾਂ ਗੋਲੀਆਂ ਦੀਆਂ ਫੈਕਟਰੀਆਂ ਲੱਗੀਆਂ ਹੋਈਆਂ ਹਨ। ਇਹ ਗੋਲੀਆਂ ਸ਼ਰੇਆਮ ਸਾਡੇ ਮੈਡੀਕਲ ਸਟੋਰਾਂ ਤੇ ਵਿਕਦੀਆਂ ਹਨ। ਪਿਛਲੇ ਇਕ ਮਹੀਨੇ ਦੇ ਵਿਚ ਪੰਜਾਬ ਵਿਚ ਤਿੰਨ ਘਟਨਾਵਾਂ ਵਾਪਰੀਆਂ। ਸਭ ਤੋਂ ਪਹਿਲੀ ਘਟਨਾ ਸ਼ੇਰੋਂ ਪਿੰਡ ਵਿਚ ਵਾਪਰੀ, ਜਿੱਥੇ ਮੁੱਖ ਮੰਤਰੀ ਜੀ ਸੰਗਤ ਦਰਸ਼ਨ ਲਈ ਗਏ ਸੀ, ਉੱਥੇ ਵੱਡਾ ਇਕੱਠ ਸੀ। ਉੱਥੇ ਹੀ ਮੋਹਨਜੀਤ ਸਿੰਘ ਸ਼ੇਰੋਂ ਨਾਂਅ ਦੇ ਨੌਜੁਆਨ ਨੇ ਕਾਲਾ ਝੰਡਾ ਦਿਖਾ ਕੇ ਕਿਹਾ ਕਿ ਨਸ਼ਾ ਖਤਮ ਨਹੀਂ ਹੋਇਆ। ਉਸ ਨਾਲ ਜੋ ਤਸ਼ੱਦਦ ਹੋਇਆ, ਇੰਟੈਰੋਗੇਟ ਕੀਤਾ ਗਿਆ, ਕਰੰਟ ਲਗਾਇਆ ਗਿਆ, ਚੱਡੇ ਪਾੜੇ ਗਏ, ਇਹ ਸਭ ਸਾਡੇ ਸਾਰਿਆਂ ਦੇ ਸਾਹਮਣੇ ਹੈ। ਇਹ ਪੰਜਾਬ ਦੇ ਲੋਕਾਂ ਅੰਦਰ ਸਰਕਾਰ ਦੇ ਪ੍ਰਤੀ ਇਕ ਵੱਡਾ ਗੁੱਸਾ ਸੀ। ਇਸ ਤੋਂ ਬਾਅਦ ਦੂਸਰੀ ਘਟਨਾ ਵਾਪਰੀ।

**ਮਾਣਯੋਗ ਸਪੀਕਰ:** ਜ਼ੀਰੋ ਆਵਰ ਵਿੱਚ ਇਕੋ ਗੱਲ ਹੁੰਦੀ ਹੈ ਜੀ। ਦੋ ਮਿੰਟ ਵਿਚ ਆਪਣੀ ਗੱਲ ਖਤਮ ਕਰਨੀ ਹੁੰਦੀ ਹੈ, ਤੁਹਾਡੇ ਢਾਈ ਮਿੰਟ ਹੋ ਗਏ। ਹੁਣ ਬੈਠੋ। ਹਾਂ ਜੀ, ਸੰਧੂ ਸਾਹਿਬ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਮਨਪ੍ਰੀਤ ਸਿੰਘ ਇਆਲੀ ਮਾਣਯੋਗ ਸਪੀਕਰ ਸਾਹਿਬ ਤੋਂ ਬੋਲਣ ਦੀ ਇਜਾਜ਼ਤ ਮੰਗ ਰਹੇ ਸਨ।)

**ਮਾਣਯੋਗ ਸਪੀਕਰ:** ਬੱਸ ਹੋ ਗਿਆ ਜੀ, ਇਸ ਦਾ ਮਤਲਬ ਤੁਸੀਂ ਇਕੱਲਿਆਂ ਨੇ ਥੋੜ੍ਹਾ ਬੋਲਣਾ ਹੈ। ਦੋ ਮਿੰਟ ਬਹੁਤ ਹੁੰਦੇ ਹਨ ਜੀ। ਹੁਣ ਬੈਠੋ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ ਸਰਦਾਰ ਮਨਪ੍ਰੀਤ ਸਿੰਘ ਇਆਲੀ ਜ਼ੀਰੋ ਆਵਰ ਵਿਚ ਬੋਲਣ ਦਾ ਸਮਾਂ ਨਾ ਦੇਣ ਦੇ ਰੋਸ ਵੱਜੋਂ ਵੈਲ ਆਫ਼ ਦਿ ਹਾਊਸ ਵਿੱਚ ਆ ਗਏ ਅਤੇ ਉੱਚੀ ਉੱਚੀ ਬੋਲਣ ਲੱਗ ਪਏ।)

**ਸਰਦਾਰ ਹਰਮੀਤ ਸਿੰਘ ਸੰਧੂ (ਤਰਨ ਤਾਰਨ):** ਸਪੀਕਰ ਸਾਹਿਬ, ਤੁਹਾਡਾ ਧੰਨਵਾਦ। ਇਆਲੀ ਸਾਹਿਬ, ਮੈਂ ਤੁਹਾਡੀ ਹੀ ਗੱਲ

**ਮਾਣਯੋਗ ਸਪੀਕਰ:** ਸੰਧੂ ਸਾਹਿਬ, ਆਪਣੀ ਗੱਲ ਪੂਰੀ ਕਰੋ।

**ਸਰਦਾਰ ਹਰਮੀਤ ਸਿੰਘ ਸੰਧੂ (ਤਰਨ ਤਾਰਨ):** ਇਆਲੀ ਸਾਹਿਬ, ਬੜਾ ਮਹੱਤਵਪੂਰਨ ਮੁੱਦਾ ਹੈ। ਇਕ ਮਿੰਟ ਲਈ ਬੈਠ ਜਾਓ। ਤੁਸੀਂ ਬੜੀਆਂ ਗੱਲਾਂ ਕਰ ਲਈਆਂ ਹਨ। ਚਾਰ ਸਾਲ ਗੱਲਾਂ ਹੀ ਕਰਦੇ ਰਹੇ ਹੋ।

**ਮਾਣਯੋਗ ਸਪੀਕਰ:** ਸੰਧੂ ਸਾਹਿਬ, ਤੁਸੀਂ ਆਪਣੀ ਗੱਲ ਪੂਰੀ ਕਰੋ।

**ਸਰਦਾਰ ਹਰਮੀਤ ਸਿੰਘ ਸੰਧੂ:** ਸਪੀਕਰ ਸਾਹਿਬ, ਮੈਂ ਸਾਰੇ ਹਾਊਸ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ, ਮੇਰੇ ਖਿਆਲ ਵਿਚ ਤੁਹਾਨੂੰ ਪਤਾ ਵੀ ਹੋਵੇਗਾ ਕਿ ਜਿਹੜੀ ਤਰਨ ਤਾਰਨ ਵਿਚ ਬਾਈ ਇਲੈਕਸ਼ਨ ਹੋਈ ਹੈ। ਇੱਥੇ ਕਾਂਗਰਸ ਪਾਰਟੀ ਵਾਲੇ ਵੀ ਚਲੇ ਗਏ ਹਨ। ਇਨ੍ਹਾਂ ਨੂੰ ਵੀ ਪਤਾ ਹੈ ਕਿ ਅਕਾਲੀ ਦਲ ਨੇ ਉਸ ਬਾਈ ਇਲੈਕਸ਼ਨ ਵਿਚ ਇਕ ਨਾਮੀ ਗੈਂਗਸਟਰ ਦੇ ਪਰਿਵਾਰ ਨੂੰ ਟਿਕਟ ਦਿੱਤੀ ਸੀ। ਅਕਾਲੀ ਦਲ ਨੇ ਇਹ ਨਹੀਂ ਵੇਖਿਆ ਕਿ ਇਸ ਨਾਲ ਪੰਜਾਬ ਦੇ ਹਾਲਾਤ ਕੀ ਬਣਨਗੇ। ਉਸ ਦੀ ਗੈਂਗਸਟਰ ਦੀ ਸੱਸ ਨੂੰ ਟਿਕਟ ਦਿੱਤੀ ਗਈ, ਜਿਸ ਦੇ ਬਰਖਿਲਾਫ਼ ਹਰ ਪਾਰਟੀ ਨੇ ਆਪਣੇ ਉਮੀਦਵਾਰ ਐਲਾਨੇ।

**1100/harpreet singh/Monika sharma**

**1105/amandeep kaur**

ਬੀ.ਜੇ.ਪੀ. ਵਾਲਿਆਂ ਨੇ ਵੀ ਐਲਾਨੇ, ਵਾਰਿਸ ਪੰਜਾਬ ਦੀ ਪਾਰਟੀ ਵਾਲਿਆਂ ਨੇ ਵੀ ਐਲਾਨੇ, ਸਾਰਿਆਂ ਨੇ ਹੀ ਐਲਾਨੇ ਸਨ। ਹੁਣ ਉਸ ਗੈਂਗਸਟਰ ਦੀ ਘਰ ਵਾਲੀ ਨੂੰ ਅਕਾਲੀ ਦਲ ਨੇ ਐਜ਼ ਹਲਕਾ ਇੰਚਾਰਜ ਲਗਾ ਦਿੱਤਾ।

(ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੇ ਮੈਂਬਰ, ਸਰਦਾਰ ਮਨਪ੍ਰੀਤ ਸਿੰਘ ਇਆਲੀ ਵੈੱਲ ਆਫ ਦਿ ਹਾਊਸ ਤੋਂ ਵਾਪਸ ਆਪਣੀ ਸੀਟ ਤੇ ਜਾ ਕੇ ਬੈਠ ਗਏ।)

**ਸਰਦਾਰ ਹਰਮੀਤ ਸਿੰਘ ਸੰਧੂ:** ਮੈਂ ਇਆਲੀ ਸਾਹਿਬ ਤੁਹਾਡੇ ਵਾਲੀ ਗੱਲ ਹੀ ਕਰਨ ਲੱਗਾ ਹਾਂ। ਸਪੀਕਰ ਸਾਹਿਬ, ਹੁਣ ਇਹ ਹਾਲਾਤ ਬਣੇ ਹਨ, reliable sources ਦੇ ਥਰੂ ਹੀ ਪਤਾ ਲੱਗਾ ਹੈ ਕਿ ਉਸ ਗੈਂਗਸਟਰ ਨੂੰ ਕਨੈਡਾ ਦੀ ਸਰਕਾਰ ਨੇ ਅੰਦਰ ਦੇ ਦਿੱਤਾ ਹੈ। ਕਿਉਂਕਿ ਉਸ ਨੇ ਮਾੜੇ ਕੰਮ ਕੀਤੇ ਹਨ ਅਤੇ ਸਾਡੇ ਤਰਨਤਾਰਨ ਹਲਕੇ ਦੇ ਵਿੱਚ ਤਿੰਨ ਮੌਜੂਦਾ ਸਰਪੰਚਾਂ ਦੇ ਉਸ ਗੈਂਗਸਟਰ ਨੇ ਕਤਲ ਕਰਵਾਏ ਹਨ। ਇੱਕ ਉਸ ਨੇ ਪਿੰਡ ਮੀਆਂਪੁਰ ਵਿੱਚ ਆਪਣੇ ਕਜ਼ਨ ਨੂੰ ਗੋਲੀ ਮਾਰ ਕੇ ਮਾਰਿਆ। Reliable sources ਤੋਂ ਪਤਾ ਲੱਗਿਆ ਹੈ ਕਿ ਉਹ ਗੈਂਗਸਟਰ ਕਨੇਡਾ ਵਿੱਚ ਫੜਿਆ ਗਿਆ ਹੈ। ਦੇਖੋ, ਆਪਾਂ ਸਾਰੇ ਚੁਣ ਕੇ ਇੱਥੇ ਲੋਕਾਂ ਦੀਆਂ ਆਸਾਂ ਨਾਲ ਆਏ ਹਾਂ। ਜੇਕਰ ਅੱਜ ਇੱਥੇ ਸੀ.ਐਮ ਸਾਹਿਬ ਬੈਠੇ ਹੁੰਦੇ ਤਾਂ ਮੈਂ ਰਿਕੁਐਸਟ ਕਰਦਾ ਪਰ ਚਲੋ ਕੋਈ ਨਹੀਂ ਵਜ਼ੀਰ ਸਾਹਿਬ ਤਾਂ ਬੈਠੇ ਹਨ, ਵਿੱਤ ਮੰਤਰੀ ਸਾਹਿਬ ਬੈਠੇ ਹਨ, ਅਰੋੜਾ ਜੀ ਬੈਠੇ ਹਨ, ਇਹ ਐਸ਼ਿਓਰ ਕਰੀਏ ਕਿ ਇਹੋ ਜਿਹੇ ਗੰਦੇ ਅਨਸਰ ਜਿਹੜੇ ਕਿ ਅੱਜ ਉਨ੍ਹਾਂ ਦੀਆਂ ਸਰਕਾਰਾਂ ਨੇ ਫੜ ਲਏ ਹਨ, ਉਨ੍ਹਾਂ ਤੇ ਪੂਰੀ ਤਵੱਜੋ ਦਿੱਤੀ ਜਾਵੇ ਅਤੇ ਇਹੋ ਜਿਹੇ ਮਾੜੇ ਅਨਸਰਾਂ ਨੂੰ ਇੱਥੇ ਲਿਆਂਦਾ ਜਾਵੇ। ਉਨਾਂ ਨੂੰ ਫੜਿਆ ਜਾਵੇ ਜਿਹੜੇ ਇੱਥੇ ਮਾੜੇ ਕਰਮ ਕਰਕੇ ਗਏ ਹਨ।

**ਸਰਦਾਰ ਫੌਜਾ ਸਿੰਘ (ਗੁਰੂ ਹਰ ਸਹਾਏ ):** ਸਪੀਕਰ ਸਾਹਿਬ, ਧੰਨਵਾਦ ਜੀ। ਦੋ ਮਿੰਟ ਦੇ ਸਮੇਂ ਵਿੱਚ ਜਿਹੜਾ ਵੀ ਕੁਝ ਮੈਂ ਲੋਕ ਹਿੱਤ ਵਿੱਚ ਕਹਿ ਸਕਦਾ ਹਾਂ ਉਹ ਕਹਾਂਗਾ ਉਸ ਤੋਂ ਬਾਅਦ ਭਾਵੇਂ ਮੇਰਾ ਮਾਈਕ ਬੰਦ ਕਰ ਦਿੱਤਾ ਜਾਵੇ। ਸਭ ਤੋਂ ਪਹਿਲਾਂ ਬੇਨਤੀ ਹੈ ਕਿ ਪੰਜਾਬ ਦੇ ਵਿੱਚ ਅੰਗਹੀਣ ਨੂੰ ਨੌਕਰੀਆਂ ਦੇਣ ਦਾ ਕੋਈ ਪ੍ਰਾਵਧਾਨ ਨਹੀਂ ਕੀਤਾ ਗਿਆ। ਜਦੋਂ ਕੁਦਰਤ ਨੇ ਉਨ੍ਹਾਂ ਤੇ ਮਾਰ ਪਾਈ ਹੈ ਤਾਂ ਸਰਕਾਰਾਂ ਦਾ ਫਰਜ਼ ਬਣਦਾ ਹੈ ਉਨ੍ਹਾਂ ਦੀ ਬਾਂਹ ਫੜਨਾ ਤੇ ਜਿਹੜਾ ਅੰਗਹੀਣਾਂ ਦਾ ਬੈਕਲਾੱਗ ਪਿਆ ਹੈ ਉਸ ਸਬੰਧੀ ਨੌਕਰੀਆਂ ਕੱਢੀਆਂ ਜਾਣ ਅਤੇ ਰੁਜ਼ਗਾਰ ਦਿੱਤੇ ਜਾਣ। ਉਸ

ਤੋਂ ਅੱਗੇ ਪੰਜਾਬ ਦੇ ਵਿੱਚ ਜਿਸ ਦੇ ਨਾਂ ਤੇ ਮੈਡੀਕਲ ਸਟੋਰ ਹੈ ਜਾਂ ਜਿਸ ਨੇ ਕੋਰਸ ਕੀਤਾ ਹੈ, ਉਨ੍ਹਾਂ ਵੱਲੋਂ ਕਿਰਾਏ ਤੇ ਅੱਗੇ 2-2,3-3 ਦੁਕਾਨਾਂ ਚਲਾਈਆਂ ਜਾ ਰਹੀਆਂ ਹਨ। ਇਸ ਦੇ ਨਾਲ ਨਸ਼ੀਲੀਆਂ ਦਵਾਈਆਂ ਵਿਕਦੀਆਂ ਹਨ ਤੇ ਨੌਜੁਆਨੀ ਤਬਾਹ ਹੋ ਰਹੀ ਹੈ। ਮੇਰੀ ਬੇਨਤੀ ਹੈ ਕਿ ਜਿਸ ਦਾ ਲਾਇਸੈਂਸ ਹੈ ਉਹ ਹੀ ਮੈਡੀਕਲ ਸਟੋਰ ਖੋਲੇ , ਬਾਕੀ ਸਾਰੇ ਬੰਦ ਕਰਵਾਏ ਜਾਣ। ਉਸ ਤੋਂ ਅੱਗੇ ਪੰਜਾਬ ਪੁਲਿਸ ਦੇ ਵਿੱਚ ਵੀ.ਆਈ.ਪੀ. ਡਿਊਟੀਆਂ ਜ਼ਿਆਦਾ ਹੋਣ ਕਰਕੇ ਜ਼ਿਲ੍ਹੇ ਦੀ ਪੁਲਿਸ ਵਿਅਸਤ ਰਹਿੰਦੀ ਹੈ। ਬੇਨਤੀ ਹੈ ਕਿ ਪੀ.ਏ.ਪੀ ਤੋਂ ਵੀ.ਆਈ.ਪੀ. ਡਿਊਟੀਆਂ ਲਈਆਂ ਜਾਣ ਤੇ ਜਿਹੜੀ ਜ਼ਿਲ੍ਹਾ ਪੁਲਿਸ ਹੈ ਉਹ ਆਪਣਾ ਪੁਲਿਸ ਦਾ ਕੰਮ ਕਰੇ। ਉਸ ਦੇ ਨਾਲ ਹੀ ਜਿਹੜੀ ਪਿੱਛੇ ਸਬ-ਇੰਸਪੈਕਟਰ ਦੀ ਸਿੱਧੀ ਭਰਤੀ ਕੀਤੀ ਗਈ ਹੈ ਉਥੇ ਏ.ਐਸ.ਆਈ ਦੀ ਭਰਤੀ ਕੀਤੀ ਜਾਵੇ ਤਾਂ ਜੋ indiscipline ਨਾ ਹੋ ਸਕੇ। ਜਦੋਂ ਸਬ-ਇੰਸਪੈਕਟਰ ਦੀ ਸਿੱਧੀ ਭਰਤੀ ਹੁੰਦੀ ਹੈ, ਉਹ ਕੰਮ ਸਿੱਖਦੇ ਨਹੀਂ ਅਤੇ ਆਉਣ ਸਾਰ ਹੀ ਐਸ.ਐੱਚ.ਓ ਦੀ ਸਿਫਾਰਸ਼ ਕਰਵਾਉਂਦੇ ਹਨ। ਇਹ ਬੇਨਤੀਆਂ ਪ੍ਰਵਾਨ ਕੀਤੀਆਂ ਜਾਣ। ਮੈਂ ਆਸ ਕਰਦਾ ਹਾਂ ਕਿ ਇਨ੍ਹਾਂ ਸਾਰੀਆਂ ਗੱਲਾਂ ਤੇ ਪੰਜਾਬ ਸਰਕਾਰ ਵਿਚਾਰ ਕਰੇਗੀ।

**ਡਾਕਟਰ ਇੰਦਰਬੀਰ ਸਿੰਘ ਨਿੱਜਰ (ਅੰਮਿਤਸਰ ਦੱਖਣੀ)**: ਧੰਨਵਾਦ ਸਪੀਕਰ ਸਾਹਿਬ, ਮੈਂ ਤੁਹਾਡਾ ਧਿਆਨ ਅੰਮ੍ਰਿਤਸਰ ਵਿਖੇ ਚੱਲ ਰਹੇ ਵਿਕਾਸ ਦੇ ਕੰਮਾਂ ਤੇ ਦਿਵਾਉਣਾ ਚਾਹੁੰਦਾ ਹਾਂ। ਜਿਵੇਂ ਇੱਥੇ ਡਾਕਟਰ ਅਜੇ ਗੁਪਤਾ ਜੀ ਨੇ ਗੱਲ ਕੀਤੀ ਹੈ ਕਿ multi-level mechanical parking ਜਿਹੜੀ ਸ਼ੁਰੂ ਹੋਈ ਸੀ, ਉਸ ਦਾ ਕੰਮ ਹੁਣ ਤੱਕ ਖਤਮ ਹੋਣਾ ਚਾਹੀਦਾ ਸੀ, ਉਹ ਹਾਲੇ ਵੀ ਹੋ ਰਿਹਾ ਹੈ। ਇੱਕ ਜਿਹੜਾ ਸਰਫੇਸ ਵਾਟਰ ਸਾਡੀ ਅਪਰ ਬਾਰੀ ਦੁਆਬ ਕੈਨਾਲ ਦਾ ਸਾਫ ਕਰਕੇ ਸ਼ਹਿਰ ਨੂੰ ਸਪਲਾਈ ਕਰਨਾ ਸੀ, ਉਹ ਵੀ ਇਸ ਸਾਲ ਪ੍ਰਾਜੈਕਟ ਖਤਮ ਹੋਣਾ ਚਾਹੀਦਾ ਸੀ ਉਹ ਹਾਲੇ ਵੀ ਖਤਮ ਨਹੀਂ ਹੋਇਆ ਤੇ ਉਹ probably ਅਗਲੇ ਸਾਲ ਤੱਕ extend ਹੋ ਗਿਆ ਹੈ। ਇੱਕ multi-purpose stadium ਵੀ ਬਣ ਰਿਹਾ ਸੀ। ਇਹ ਸਾਰੇ ਪ੍ਰਾਜੈਕਟ ਲੋਕਾਂ ਵਾਸਤੇ ਬਹੁਤ important ਹਨ , ਜਿਹੜਾ ਸਿਹਤ ਵਾਲਾ ਸਟੇਡੀਅਮ ਹੈ ਉਹ ਸਿਹਤ ਵਾਸਤੇ ਬਹੁਤ ਚੰਗਾ ਹੈ, ਨਸ਼ੇ ਦੇ ਖਿਲਾਫ, ਅਸੀਂ ਜਿਹੜੀ ਜੰਗ ਲੜ ਰਹੇ ਹਾਂ ਉਸ ਸਬੰਧੀ ਹੈਲਪ ਕਰੇਗਾ। ਜਿਹੜਾ ਪੀਣ ਵਾਲੇ ਪਾਣੀ ਦੀ ਸਾਨੂੰ ਮੁਸ਼ਕਿਲ ਆ ਰਹੀ ਹੈ, ਚੰਗਾ ਪਾਣੀ ਪੀਣ ਨੂੰ ਨਹੀਂ ਮਿਲ ਰਿਹਾ ਹੈ, ਉਹ ਵੀ ਮਿਲੇਗਾ। ਇਹੋ ਜਿਹੇ ਪ੍ਰਾਜੈਕਟ ਛੇਤੀ ਪੂਰੇ ਕੀਤੇ ਜਾਣ ਤਾਂਕਿ ਅੰਮ੍ਰਿਤਸਰ ਨਿਵਾਸੀਆਂ ਨੂੰ ਇਸ ਦਾ ਬਹੁਤ ਫਾਇਦਾ ਹੋ ਸਕੇ।

**1105/amandeep kaur/Monika sharma**

**1110/Tarlochan Singh**

**ਸਰਦਾਰ ਅਜੀਤ ਪਾਲ ਸਿੰਘ ਕੋਹਲੀ (ਪਟਿਆਲਾ)** : ਧੰਨਵਾਦ ਸਪੀਕਰ ਸਾਹਿਬ। ਸਰ, ਮੈਂ ਆਪ ਜੀ ਦੇ ਮਾਧਿਅਮ ਰਾਹੀਂ ਪੰਜਾਬ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ, ਖਾਸ ਕਰਕੇ ਸਥਾਨਕ ਸਰਕਾਰ ਮੰਤਰੀ, ਹਰਜੋਤ ਬੈਂਸ ਜੀ ਦੇ ਧਿਆਨ ਵਿੱਚ ਕਿ 2023 ਵਿੱਚ ਮੁੱਖ ਮੰਤਰੀ ਸਾਹਿਬ ਨੇ ਪਟਿਆਲਾ ਵਿੱਚ ਇੱਕ ਨਵਾਂ ਬੱਸ ਸਟੈਂਡ inaugurate ਕੀਤਾ ਸੀ but he ensured ਕਿ ਪੁਰਾਣੇ ਬੱਸ ਸਟੈਂਡ ਦਾ ਨਾਲ ਲੱਗਦਾ ਮਾਰਕੀਟ ਏਰੀਆ suffer

ਨਹੀਂ ਕਰੇਗਾ। ਹੁਣ ਪਟਿਆਲਾ ਸ਼ਹਿਰ ਵਿੱਚ ਇੱਕ eBus Service ਸ਼ੁਰੂ ਹੋਣ ਜਾ ਰਹੀ ਹੈ ਅਤੇ ਮਿਉਂਸਪਲ ਕਾਰਪੋਰੇਸ਼ਨ ਵੱਲੋਂ ਇੱਕ ਤੀਜਾ ਬੱਸ ਸਟੈਂਡ ਪੀ.ਐਮ.ਈ. ਬੱਸ ਸਟੈਂਡ ਬਣਨ ਜਾ ਰਿਹਾ ਹੈ, ਜਿੱਥੇ ਚਾਰਜਿੰਗ ਪੁਆਇੰਟ ਅਤੇ ਵਰਕ ਸ਼ਾਪ ਹੋਵੇਗੀ। ਪਰ ਮੇਰੀ ਬੇਨਤੀ ਹੈ ਕਿ ਪੰਜਾਬ ਸਰਕਾਰ ਇਹ ਇਸ਼ਿਉਰ ਕਰੇ ਕਿ ਜਿਹੜੀਆਂ ਸ਼ਹਿਰ ਵਿੱਚ ਨਵੀਆਂ ਲੋਕਲ 50 eBuses ਚੱਲਣੀਆਂ ਹਨ, ਉਹ ਪੁਰਾਣੇ ਬੱਸ ਅੱਡੇ ਤੋਂ ਹੀ ਚੱਲਣ ਨਾ ਕਿ ਕੋਈ ਤੀਜਾ spot ਬਣ ਜਾਵੇ ਜਿਸ ਨਾਲ commuters ਨੂੰ ਵੀ ਸਮੱਸਿਆ ਆਵੇਗਾ ਅਤੇ ਸਾਨੂੰ manage ਕਰਨ ਵਿੱਚ ਵੀ ਸਮੱਸਿਆ ਆਵੇਗੀ। ਇਸ ਤਰ੍ਹਾ ਸਾਨੂੰ ਤਿੰਨ ਅੱਡ ਅੱਡ ਥਾਵਾਂ ਤੇ ਮੈਨੇਜ ਕਰਨਾ ਪਵੇਗਾ। ਮੇਰੀ ਇਹੋ ਗੁਜ਼ਾਰਿਸ਼ ਹੈ ਜੀ, ਧੰਨਵਾਦ ਜੀ।

**ਸਰਦਾਰ ਜਗਦੀਪ ਸਿੰਘ ਕਾਕਾ ਬਰਾੜ (ਸ੍ਰੀ ਮੁਕਤਸਰ ਸਾਹਿਬ)** : ਧੰਨਵਾਦ ਸਪੀਕਰ ਸਾਹਿਬ। ਮੈਂ ਤੁਹਾਡੇ ਮਾਧਿਅਮ ਰਾਹੀਂ ਪੰਜਾਬ ਸਰਕਾਰ ਤੋਂ ਮੁਕਸਤਰ ਸਾਹਿਬ ਦੇ ਮਾਘੀ ਮੇਲੇ ਲਈ ਕੁਝ ਡਿਮਾਂਡ ਕਰਨਾ ਚਾਹੁੰਦਾ ਹਾਂ। ਇਹ ਬਹੁਤ ਵੱਡਾ ਮੇਲਾ ਹੈ ਅਤੇ ਉੱਥੇ ਘੋੜਿਆਂ ਦੀ ਵੀ ਬਹੁਤ ਵੱਡੀ ਮੰਡੀ ਲੱਗਦੀ ਹੈ ਅਤੇ ਇਸ ਮੰਡੀ ਲਈ ਹਰੇਕ ਸਾਲ ਜਗ੍ਹਾ ਦੀ ਪ੍ਰਾਬਲਮ ਆਉਂਦੀ ਹੈ। ਮੈਂ ਪੰਜਾਬ ਸਰਕਾਰ ਨੂੰ ਬੇਨਤੀ ਕਰਦਾ ਹਾਂ ਕਿ ਇਸ ਲਈ ਲੋੜੀਂਦੀ ਜਗ੍ਹਾ ਮੁਹੱਈਆ ਕਰਵਾਈ ਜਾਵੇ।

ਦੂਜੀ ਬੇਨਤੀ ਹੈ ਕਿ ਸ਼ਹਿਰ ਵਿੱਚ ਜਿਹੜੇ ਵਿਕਾਸ ਕਾਰਜ ਚੱਲ ਰਹੇ ਹਨ, ਮੇਲੇ ਨੂੰ ਧਿਆਨ ਵਿੱਚ ਰੱਖਦੇ ਹੋਏ ਲੋਕ ਨਿਰਮਾਣ ਮੰਤਰੀ ਜੀ ਅਤੇ ਜਲ ਸਪਲਾਈ ਅਤੇ ਸੈਨੀਟੇਸ਼ਨ ਮੰਤਰੀ ਜੀ ਨੂੰ ਬੇਨਤੀ ਹੈ ਕਿ ਇਨ੍ਹਾਂ ਵਿਕਾਸ ਕਾਰਜਾਂ ਨੂੰ ਜਲਦੀ ਪੂਰਾ ਕਰਵਾਇਆ ਜਾਵੇ ਤਾਂ ਕਿ ਮੇਲੇ ਵਿੱਚ ਕੋਈ ਦਿੱਕਤ ਨਾ ਆਵੇ। ਇਹ ਮੇਲਾ ਬਹੁਤ ਵੱਡਾ ਹੈ ਅਤੇ ਮੇਰਾ ਖਿਆਲ ਹੈ ਕਿ ਇਹ ਪੰਜਾਬ ਦੇ ਪਹਿਲੇ ਨੰਬਰ ਦੇ ਮੇਲਿਆਂ ਵਿੱਚ ਆਉਂਦਾ ਹੈ। ਇੱਥੇ ਲੱਖਾਂ ਦੀ ਗਿਣਤੀ ਵਿੱਚ ਸ਼ਰਧਾਲੂ ਆਉਂਦੇ ਹਨ ਅਤੇ ਮੱਥਾ ਟੇਕਦੇ ਹਨ। ਮੈਂ ਦੋਨਾਂ ਮੰਤਰੀ ਸਾਹਿਬਾਨਾਂ ਨੂੰ ਬੇਨਤੀ ਕਰਾਂਗਾ ਕਿ ਉਹ ਨਿੱਜੀ ਦਿਲਚਸਪੀ ਲੈ ਕੇ ਇਹ ਕਾਰਜ ਪੂਰੇ ਕਰਵਾਉਣ। ਧੰਨਵਾਦ ਜੀ।

**ਸ੍ਰੀ ਜਗਦੀਪ ਕੰਬੋਜ ਗੋਲਡੀ (ਜਲਾਲਾਬਾਦ)** : ਧੰਨਵਾਦ ਸਪੀਕਰ ਸਾਹਿਬ। ਸਪੀਕਰ ਸਾਹਿਬ, ਮੈਂ ਤੁਹਾਡੇ ਮਾਧਿਅਮ ਰਾਹੀਂ ਸਿੱਖਿਆ ਮੰਤਰੀ ਜੀ ਨੂੰ ਬੇਨਤੀ ਕਰਨੀ ਹੈ ਕਿ 5994 ਅਤੇ 2364 ਦੋ ਭਰਤੀਆਂ ਆਈਆਂ ਸਨ। ਮੈਂ ਜਿਸ ਹਲਕੇ ਤੋਂ ਆਉਂਦਾ ਹਾਂ, ਪੰਜਾਬ ਦੇ ਸਭ ਤੋਂ ਵੱਧ ਟੀਚਰ ਉਥੋਂ ਹੀ ਹਨ। ਇਸ ਵਿੱਚੋਂ ਤਕਰੀਬਨ 3000 ਪੋਸਟਾਂ ਕੰਪਲੀਟ ਹੋ ਗਈਆਂ ਸਨ ਅਤੇ ਲਗਭਗ 2800 ਪੋਸਟਾਂ ਹਾਲੇ ਪੈਂਡਿੰਗ ਹਨ। ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਮੰਤਰੀ ਸਾਹਿਬ ਨੂੰ ਜਲਦੀ ਕੰਪਲੀਟ ਕਰਵਾਉਣ ਦੀ ਸਿਫਾਰਸ਼ ਕਰ ਦਿਉ ਜੀ ਤਾਂ ਕਿ ਬੱਚੇ ਆਪਣੇ ਪੈਰਾਂ ਤੇ ਖੜ੍ਹੇ ਹੋ ਸਕਣ। ਉਹ ਬੱਚੇ ਹਰ ਰੋਜ਼ ਧਰਨਾ ਲਗਾਉਂਦੇ ਹਨ, ਹਰ ਰੋਜ਼ ਬੇਨਤੀ ਕਰਦੇ ਹਨ। ਮੇਰੀ ਤੁਹਾਨੂੰ ਬੇਨਤੀ ਹੈ ਕਿ ਤੁਸੀਂ ਮੰਤਰੀ ਸਾਹਿਬ ਨੂੰ ਕਹਿ ਦਿਉ ਕਿ ਇਹ ਪੋਸਟਾਂ ਕੰਪਲੀਟ ਕਰਵਾ ਦਿੱਤੀਆਂ ਜਾਣ ਜੀ।

ਦੂਜੀ ਬੇਨਤੀ ਬਿਜਲੀ ਬੋਰਡ ਦੇ 2600 ਬੱਚਿਆਂ ਦੀ ਅਪਰੈਂਟਿਸਸ਼ਿਪ ਦੀ ਹੈ। ਇਹ ਮੁਲਾਜ਼ਮ ਵੀ ਜ਼ਿਆਦਾਤਰ ਜਲਾਲਾਬਾਦ ਅਤੇ ਫਾਜ਼ਿਲਕਾ ਤੋ ਹਨ। ਬਿਜਲੀ ਮੰਤਰੀ ਸਾਹਿਬ ਬੈਠੇ ਹਨ, ਕਿਰਪਾ ਕਰਕੇ ਇਨ੍ਹਾਂ ਨੂੰ ਕਹੋ ਕਿ ਉਨ੍ਹਾਂ ਦਾ ਜਿਹੜਾ ਵੀ ਮਸਲਾ ਹੱਲ ਕਰਨਾ ਹੈ, ਜਿਹੜੇ ਅਪਰੈਂਟਿਸਸ਼ਿਪ ਕੰਪਲੀਟ ਕਰ ਚੁੱਕੇ ਹਨ, ਉਨ੍ਹਾ ਨੂੰ

ਕੰਸਿਡਰ ਕੀਤਾ ਜਾਵੇ ਜੀ। ਬੇਸ਼ੱਕ ਅੱਗੇ ਤੋਂ ਰੋਕ ਲਗਾ ਦਿਉ ਕਿ ਅਪਰੈਂਟਿਸਸ਼ਿਪ ਨਹੀਂ ਕਰਵਾਈ ਜਾਵੀ। ਜਿਨ੍ਹਾਂ ਦੀ ਅਪਰੈਂਟਿਸਸ਼ਿਪ ਕੰਪਲੀਟ ਹੋ ਗਈ ਹੈ, ਉਨ੍ਹਾਂ ਕੋਲ ਧਰਨੇ ਤੋਂ ਇਲਾਵਾ ਕੋਈ ਹੱਲ ਨਹੀਂ ਹੈ। ਪਿੱਛੇ ਜਿਹੇ ਵੀ ਬੱਚਿਆਂ ਦਾ ਇੱਕ ਧਰਨਾ ਲੱਗਾ ਸੀ। ਮੰਤਰੀ ਜੀ ਬੈਠੇ ਹਨ, ਸਪੀਕਰ ਸਾਹਿਬ, ਇਨ੍ਹਾਂ ਨੂੰ ਬੇਨਤੀ ਕਰਿਉ ਕਿ ਜਲਦੀ ਤੋਂ ਜਲਦੀ ਬਿਜਲੀ ਬੋਰਡ ਦੀਆਂ ਅਪਰੈਂਟਿਸਸ਼ਿਪ ਪੋਸਟਾਂ ਦਾ ਹੱਲ ਕੀਤਾ ਜਾਵੇ ਜੀ। ਧੰਨਵਾਦ ਜੀ।

**ਮਾਣਯੋਗ ਸਪੀਕਰ** : ਮੰਤਰੀ ਜੀ, ਮੀਟਰ ਰੀਡਰਾਂ ਦਾ ਵੀ ਕੋਈ ਨਾ ਕੋਈ ਹੱਲ ਕਰ ਦਿੱਤਾ ਜਾਵੇ ਜੀ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ** : ਧੰਨਵਾਦ ਸਪੀਕਰ ਸਾਹਿਬ, ਮੈਂ ਸਿਰਫ ਡੇਢ ਮਿੰਟ ਹੀ ਲਵਾਂਗਾ।

**ਮਾਣਯੋਗ ਸਪੀਕਰ** : ਇੱਕ ਮਿੰਟ ਜੀ, ਮੰਤਰੀ ਜੀ ਕੁਝ ਕਹਿਣਾ ਚਾਹੁੰਦੇ ਹਨ।

---

## MOTION FOR SUSPENSION OF SARDAR SUKHPAL SINGH KHAIRA FOR THE REMAINDER OF THE SESSION

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਸਪੀਕਰ ਸਾਹਿਬ ਬਹੁਤ-ਬਹੁਤ ਧੰਨਵਾਦ। ਸਾਰੇ ਹਾਊਸ ਨੇ ਦੇਖਿਆ, ਪੂਰੇ ਪੰਜਾਬ ਨੇ ਦੇਖਿਆ ਕਿ ਜਦੋਂ ਅੱਜ ਦੇ ਦਿਨ ਦੀ ਵਿਧਾਨ ਸਭਾ ਦੀ ਕਾਰਵਾਈ ਸ਼ੁਰੂ ਹੋਈ ਤਾਂ ਕਾਂਗਰਸ ਪਾਰਟੀ ਦੇ ਮੈਂਬਰ ਸਾਹਿਬਾਨ ਵੱਲੋਂ ਇਸ ਸਦਨ ਵਿੱਚ ਕਿਸ ਤਰ੍ਹਾਂ unparliamentary, ਮੰਦੀ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਗਿਆ। ਸੋ, ਮੈਂ ਉਨ੍ਹਾਂ ਲੋਕਾਂ ਦੇ ਖਿਲਾਫ ਇੱਕ ਪ੍ਰਸਤਾਵ ਲਿਆਉਣਾ ਚਾਹੁੰਦਾ ਹਾਂ, ਜਿਨ੍ਹਾਂ ਨੇ ਬਹੁਤ ਹੀ ਮਾੜੀ ਸ਼ਬਦਾਵਲੀ ਦਾ ਪ੍ਰਯੋਗ ਕੀਤਾ। ਸਭ ਤੋਂ ਪਹਿਲਾਂ ਮੈਂ ਪ੍ਰਸਤਾਵ ਪੇਸ਼ ਕਰਨਾ ਚਾਹੁੰਦਾ ਹਾਂ।

**Mr. Speaker** : Allowed.

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)** : ਮੈਂ ਪ੍ਰਸਤਾਵ ਕਰਦਾ ਹਾਂ -

> ਕਿ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 97(2) ਦੇ ਅਨੁਸਾਰ ਸਰਦਾਰ ਸੁਖਪਾਲ ਸਿੰਘ ਖਹਿਰਾ, ਮੈਂਬਰ ਨੇ ਚੇਅਰ ਦੇ ਵਾਰ-ਵਾਰ ਮਨ੍ਹਾਂ ਕਰਨ ਦੇ ਬਾਵਜੂਦ ਹਾਊਸ ਦੇ ਵੈੱਲ ਵਿੱਚ ਆਏ, ਚੇਅਰ ਦੇ ਖਿਲਾਫ਼ ਭੱਦੀ ਸ਼ਬਦਾਵਲੀ ਦਾ ਇਸਤੇਮਾਲ ਕੀਤਾ, ਸਦਨ ਦੇ ਕੀਮਤੀ ਸਮੇਂ ਨੂੰ ਜ਼ਾਇਆ ਕੀਤਾ ਅਤੇ ਚੇਅਰ ਦੇ ਹੁਕਮਾਂ ਦੀ ਪਰਵਾਹ ਨਹੀਂ ਕੀਤੀ। ਇਸ ਤਰ੍ਹਾਂ ਕਰਕੇ ਉਨ੍ਹਾਂ ਨੇ ਜਾਣ ਬੁੱਝ ਕੇ ਸਦਨ ਦੀ ਕਾਰਵਾਈ ਵਿੱਚ ਵਿਘਨ ਪਾਇਆ ਹੈ। ਇਸ ਲਈ ਸਰਦਾਰ ਸੁਖਪਾਲ ਸਿੰਘ ਖਹਿਰਾ, ਮੈਂਬਰ ਨੂੰ ਪੰਜਾਬ ਵਿਧਾਨ ਸਭਾ ਦੇ ਇਸ ਇਜਲਾਸ ਦੇ ਰਹਿੰਦੇ ਸਮੇਂ ਲਈ ਮੁਅੱਤਲ ਕੀਤਾ ਜਾਵੇ।

ਸਪੀਕਰ ਸਾਹਿਬ, ਮੈਂ ਮਤੇ ਤੇ ਬੋਲਣਾ ਹੈ।

**ਮਾਣਯੋਗ ਸਪੀਕਰ** : ਇੱਕ ਮਿੰਟ ਜੀ, ਮੈਨੂੰ ਪ੍ਰਸਤਾਵ ਪੇਸ਼ ਕਰ ਲੈਣ ਦਿਉ, ਫਿਰ ਬੋਲ ਲਿਉ ਜੀ।

**ਮਾਣਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 97(2) ਦੇ ਅਨੁਸਾਰ ਸਰਦਾਰ ਸੁਖਪਾਲ ਸਿੰਘ ਖਹਿਰਾ, ਮੈਂਬਰ ਨੇ ਚੇਅਰ ਦੇ ਵਾਰ-ਵਾਰ ਮਨ੍ਹਾਂ ਕਰਨ ਦੇ ਬਾਵਜੂਦ ਹਾਊਸ ਦੇ ਵੈੱਲ ਵਿੱਚ ਆਏ, ਚੇਅਰ ਦੇ ਖਿਲਾਫ਼ ਭੱਦੀ ਸ਼ਬਦਾਵਲੀ ਦਾ ਇਸਤੇਮਾਲ ਕੀਤਾ, ਸਦਨ ਦੇ ਕੀਮਤੀ ਸਮੇਂ ਨੂੰ ਜ਼ਾਇਆ ਕੀਤਾ ਅਤੇ ਚੇਅਰ ਦੇ ਹੁਕਮਾਂ ਦੀ ਪਰਵਾਹ ਨਹੀਂ ਕੀਤੀ। ਇਸ ਤਰ੍ਹਾਂ ਕਰਕੇ ਉਨ੍ਹਾਂ ਨੇ ਜਾਣ ਬੁੱਝ ਕੇ ਸਦਨ ਦੀ ਕਾਰਵਾਈ ਵਿੱਚ ਵਿਘਨ ਪਾਇਆ ਹੈ। ਇਸ ਲਈ ਸਰਦਾਰ ਸੁਖਪਾਲ ਸਿੰਘ ਖਹਿਰਾ, ਮੈਂਬਰ ਨੂੰ ਪੰਜਾਬ ਵਿਧਾਨ ਸਭਾ ਦੇ ਇਸ ਇਜਲਾਸ ਦੇ ਰਹਿੰਦੇ ਸਮੇਂ ਲਈ ਮੁਅੱਤਲ ਕੀਤਾ ਜਾਵੇ। (ਥੰਪਿੰਗ)

**1110/Tarlochan Singh/Shubham jain**

**1115/mehak**

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ):** ਮਾਣਯੋਗ ਸਪੀਕਰ ਸਾਹਿਬ, ਸਾਰੇ ਮੈਂਬਰ ਸਾਹਿਬਾਨ ਨੇ, ਸਾਰੇ ਹਾਊਸ ਨੇ ਨੋਟ ਕੀਤਾ ਕਿ ਕਦੇ ਉਹ ਕਿਸੇ ਨੂੰ ਕਹਿ ਰਹੇ ਸੀ- ***, **ਕਿਸੇ ਨੂੰ ਕਹਿ ਰਹੇ ਸੀ-** *** **।** ਮੈਂ ਸਮਝਦਾ ਹਾਂ ਕਿ ਇਹ ਪੰਜਾਬ ਦੇ ਲੱਖਾਂ ਮਜ਼ਦੂਰਾਂ ਦਾ ਅਪਮਾਨ ਕਰ ਰਹੇ ਸੀ। ਉਨ੍ਹਾਂ ਮਜ਼ਦੂਰਾਂ ਦਾ ਅਪਮਾਨ ਕਰ ਰਹੇ ਸੀ ਜਿਨ੍ਹਾਂ ਦੇ ਬੱਚੇ ਇਸ ਵਿਧਾਨ ਸਭਾ ਵਿੱਚ ਚੁਣ ਕੇ ਆਏ ਹਨ, ਉਨ੍ਹਾਂ ਮਜ਼ਦੂਰਾਂ ਦਾ ਅਪਮਾਨ ਕਰ ਰਹੇ ਸੀ ਜਿਹੜੇ ਆਪਣੀ ਹਰ ਰੋਜ਼ ਦੀ ਰੋਜ਼ੀ-ਰੋਟੀ ਲਈ ਮਜ਼ਦੂਰੀ ਕਰਦੇ ਹਨ। ਮੈਂ ਸਮਝਦਾ ਹਾਂ ਕਿ ਇੱਕ ਚੁਣਿਆ ਹੋਇਆ ਨੁਮਾਇੰਦਾ ਜਿਹੜਾ ਕਿ ਕਾਂਗਰਸ ਪਾਰਟੀ ਦਾ ਲੰਮੇ ਸਮੇਂ ਤੋਂ ਸਾਥੀ ਹੈ, ਉਹ ਸਮੁੱਚੇ ਪੰਜਾਬ ਦੇ ਦਲਿਤ ਭਾਈਚਾਰੇ, ਗਰੀਬ ਲੋਕ, ਐਸ.ਸੀ./ਐਸ.ਟੀ. ਲੋਕਾਂ ਦਾ ਅਪਮਾਨ ਕਰ ਰਿਹਾ ਹੈ । ਉਹ ਵਿਅਕਤੀ ਜਾਣਬੁਝ ਕੇ ਪੰਜਾਬ ਦੇ ਦਲਿਤਾਂ ਦੇ ਖਿਲਾਫ ਇੱਕ ਸਾਜ਼ਿਸ਼ ਰਚ ਰਿਹਾ ਹੈ ਤੇ ਉਨ੍ਹਾਂ ਦੇ ਖਿਲਾਫ ਨਵੇਂ ਸ਼ਬਦ ਸਮਾਜ ਵਿੱਚ ਪਰੋਸਣ ਦੀ ਪ੍ਰਕ੍ਰਿਆ ਅਡਾਪਟ ਕੀਤੀ ਹੋਈ ਹੈ। ਸਮਾਜ ਦੇ ਅੰਦਰ ਪਹਿਲਾਂ ਬਹੁਤ ਸਾਰੇ ਸ਼ਬਦ ਹੁੰਦੇ ਸਨ ਜਿਨ੍ਹਾਂ ਕਰਕੇ ਗਰੀਬ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾਂਦਾ ਸੀ ਪਰ ਹੌਲੀ ਹੌਲੀ ਐਸ.ਸੀ./ਐਸ.ਟੀ. ਐਟਰੋਸਿਟੀ ਐਕਟ ਆਇਆ ਤਾਂ ਜਿਹੜੀ ਬਹੁਤ ਵੱਡੇ ਪੱਧਰ ਤੇ ਦਲਿਤ ਸਮਾਜ ਦੇ ਲੋਕਾਂ ਨਾਲ, ਸ਼ਡਿਊਲਡ ਕਾਸਟ ਦੇ ਲੋਕਾਂ ਨਾਲ ਡਿਸਕ੍ਰਿਮੀਨੇਸ਼ਨ ਹੁੰਦੀ ਸੀ, ਉਸ ਦਾ ਵੱਡੇ ਪੱਧਰ ਤੇ ਹੱਲ ਹੋਇਆ ਅਤੇ ਉਹ ਡਿਸਕ੍ਰਿਮੀਨੇਸ਼ਨ ਖਤਮ ਹੋਈ। ਪਰ ਅੱਜ ਇਹ ਲੋਕ ਜਿਹੜੇ ਚੁਣ ਕੇ ਆਉਂਦੇ ਹਨ ਤੇ ਜਿਨ੍ਹਾਂ ਨੂੰ ਮੈਂ ਸਮਝਦਾ ਹਾਂ ਕਿ ਦਲਿਤ ਸਮਾਜ ਦੇ ਲੋਕ ਜਾਂ ਸ਼ਡਿਊਲਡ ਕਾਸਟ ਦੇ ਲੋਕ ਵੀ ਵੋਟ ਪਾਉਂਦੇ ਹਨ, ਅੱਜ ਉਹੀ ਨੁਮਾਇੰਦੇ ਜਿਹੜੇ ਉਸ ਕਲਾਸ ਨੂੰ ਰਿਪ੍ਰੈਜ਼ੈਂਟ ਕਰਦੇ ਹਨ, ਉਨ੍ਹਾਂ ਦੀ ਸੋਚੀ ਸਮਝੀ ਸਾਜ਼ਿਸ਼ ਦੇ ਤਹਿਤ ਕਾਂਗਰਸ ਪਾਰਟੀ ਨੇ ਇਸ ਨੂੰ ਮੋਹਰਾ ਬਣਾਇਆ ਹੋਇਆ ਹੈ, ਇਸ ਨੂੰ ਅੱਗੇ ਲਗਾਇਆ ਹੋਇਆ ਹੈ ਕਿ ਤੁਸੀਂ ਇਸ ਦਲਿਤ ਸਮਾਜ ਦੀ ਬੇਇੱਜ਼ਤੀ ਕਰਨੀ ਹੈ, ਨਵੇਂ ਸ਼ਬਦ ਘੜਨੇ ਹਨ ਤਾਂ ਕਿ ਸਮਾਜ ਦੇ ਅੰਦਰ ਉਨ੍ਹਾਂ ਲੋਕਾਂ ਨੂੰ ਜਿੰਨੇ ਐਮ.ਐਲ.ਏ. ਚੁਣੇ ਹੋਏ ਹਨ ਜਾਂ ਮਨਿਸਟਰ ਚੁਣੇ ਹੋਏ ਹਨ, ਉਨ੍ਹਾਂ ਸ਼ਬਦਾਂ ਨਾਲ ਜਿਹੜੇ ਇੱਕ-ਅੱਧਾ ਪਰਸੈਂਟ ਮਾੜੇ ਲੋਕ ਸਮਾਜ ਵਿੱਚ ਹੁੰਦੇ ਹਨ, ਉਹ ਸੰਬੋਧਨ ਕਰਨ। ਸੋ, ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੇ ਲੋਕਾਂ ਦਾ ਵਿਧਾਨ ਸਭਾ ਵਿੱਚ ਰਹਿਣਾ ਉਚਿਤ ਨਹੀਂ ਹੈ ਅਤੇ ਇਨ੍ਹਾਂ ਨੂੰ ਬਿਲਕੁਲ ਮੁਅੱਤਲ ਕਰਨਾ ਬਣਦਾ ਹੈ ਕਿਉਂਕਿ ਤੁਸੀਂ ਜਦੋਂ ਵੀ ਦੇਖੋਗੇ

ਕਿ ਇਨ੍ਹਾਂ ਦੀ ਕੋਈ ਵੀ ਭਾਵੇਂ ਪਬਲਿਕ ਵਿੱਚ ਸਪੀਚ ਹੈ ਜਾਂ ਪਬਲਿਕ ਨੂੰ ਸੰਬੋਧਨ ਕਰਦੇ ਹਨ ਜਾਂ ਵਿਧਾਨ ਸਭਾ ਵਿੱਚ ਬੋਲਦੇ ਹਨ ਤਾਂ ਹਮੇਸ਼ਾ ਹੀ ਇਨ੍ਹਾਂ ਦਾ ਰਵੱਈਆ ਐਸ.ਸੀ./ਐਸ.ਟੀ. ਦੇ ਖਿਲਾਫ ਰਿਹਾ ਹੈ, ਸ਼ਡਿਊਲਡ ਕਾਸਟ ਲੋਕਾਂ ਦੇ ਖਿਲਾਫ ਰਿਹਾ ਹੈ, ਦਲਿਤ ਲੋਕਾਂ ਦੇ ਖਿਲਾਫ ਹੈ, ਸੋ, ਮੈਂ ਤਾਂ ਇਨ੍ਹਾਂ ਦੇ ਖਿਲਾਫ, ਕਾਂਗਰਸ ਪਾਰਟੀ ਦੇ ਖਿਲਾਫ ਨਿੰਦਾ ਪ੍ਰਸਤਾਵ ਵੀ ਚਾਹੁੰਦਾ ਹਾਂ ਕਿ ਸਦਨ ਪਾਸ ਕਰੇ ਕਿਉਂਕਿ ਇਹ ਉਹ ਜਮਾਤ ਹੈ ਜਿਸ ਨੇ ਬੜਾ ਲੰਮਾ ਸਮਾਂ ਦਲਿਤਾਂ ਦੇ ਨਾਂ ਤੇ ਕਿ ਅਸੀਂ ਤੁਹਾਡੀ ਪੈਨਸ਼ਨ ਲਾਵਾਂਗੇ, ਇਹ ਕਰਾਂਗੇ, ਇਨ੍ਹਾਂ ਨੇ ਦਲਿਤਾਂ ਦੇ ਨਾਂ ਤੇ ਵੋਟਾਂ ਲੈ ਕੇ ਸੱਤਾ ਵਿੱਚ ਆਏ ਪਰ ਦਿੱਤਾ ਕੁਝ ਨਹੀਂ। ਦੂਜੇ ਪਾਸੇ, ਸਰਦਾਰ ਭਗਵੰਤ ਸਿੰਘ ਮਾਨ ਨੇ ਪੰਜਾਬ ਦੀਆਂ ਔਰਤਾਂ ਨਾਲ ਬੜਾ ਵੱਡਾ ਵਾਅਦਾ ਕੀਤਾ ਸੀ ਕਿ ਅਸੀਂ 1000/- ਰੁਪਿਆ ਪ੍ਰਤੀ ਮਹੀਨਾ ਦੇਵਾਂਗੇ ਪਰ ਮੈਂ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਬਹੁਤ ਸ਼ੁਕਰਗੁਜ਼ਾਰ ਹਾਂ ਤੇ ਮੈਂ ਇਨ੍ਹਾਂ ਦਾ ਧੰਨਵਾਦ ਕਰਨਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਦਲਿਤ ਔਰਤਾਂ ਜਿਹੜੀਆਂ ਸਮਾਜਿਕ, ਆਰਥਿਕ ਤੌਰ ਤੇ ਬਹੁਤ ਹੀ ਮਾੜੇ ਹਾਲਾਤਾਂ ਵਿੱਚ ਰਹਿੰਦੀਆਂ ਹਨ, ਉਨ੍ਹਾਂ ਲਈ 1500/- ਰੁਪਏ ਪ੍ਰਤੀ ਮਹੀਨਾ ਦੇਣ ਦਾ ਵੱਡਾ ਫੈਸਲਾ ਕੀਤਾ ਹੈ। ਮੇਰਾ ਮੰਨਣਾ ਹੈ ਕਿ ਅੱਜ ਸਮੁੱਚੀ ਕਾਂਗਰਸ ਪਾਰਟੀ ਸਾਡੀਆਂ ਦਲਿਤ ਮਾਵਾਂ ਭੈਣਾਂ ਜਿਹੜੀਆਂ ਮਜ਼ਦੂਰੀ ਕਰਦੀਆਂ ਹਨ ਜਾਂ ਜਿਹੜੇ ਸਾਡੇ ਭਰਾ ਮਜ਼ਦੂਰੀ ਕਰਦੇ ਹਨ, ਉਨ੍ਹਾਂ ਨੂੰ ਨਿਸ਼ਾਨਾ ਬਣਾ ਕੇ, ਉਨ੍ਹਾਂ ਨੂੰ ਟਾਰਗੇਟ ਕਰਕੇ ਬੇਇੱਜ਼ਤ ਕਰਨ ਦਾ ਕੰਮ ਕੀਤਾ ਜਾ ਰਿਹਾ ਹੈ। ਸੋ, ਮੈਂ ਜਿੱਥੇ ਇਹ ਪ੍ਰਸਤਾਵ ਪੇਸ਼ ਕਰਦਾ ਹਾਂ, ਇਸ ਦੇ ਨਾਲ ਹੀ ਮੈਂ ਨਿੰਦਾ ਪ੍ਰਸਤਾਵ ਵੀ ਇਸ ਹਾਊਸ ਦੇ ਅੰਦਰ ਰੱਖਣਾ ਚਾਹੁੰਦਾ ਹਾਂ। ਜੇ ਮੈਂਬਰ ਸਾਹਿਬਾਨ ਸਹਿਮਤ ਹੋਣਗੇ ਤਾਂ ਨਿੰਦਾ ਪ੍ਰਸਤਾਵ ਕਾਂਗਰਸ ਪਾਰਟੀ ਦੇ ਖਿਲਾਫ ਪਾਸ ਕੀਤਾ ਜਾਵੇ।

(ਇਸ ਸਮੇਂ ਸੈਰ-ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ ਸਰਦਾਰ ਤਰੁਨਪ੍ਰੀਤ ਸਿੰਘ ਸੌਂਦ ਆਪਣੀ ਸੀਟ ਤੇ ਬੈਠੇ ਹੋਏ ਬੋਲਣ ਦੀ ਆਗਿਆ ਮੰਗ ਰਹੇ ਸਨ।)

**ਮਾਣਯੋਗ ਸਪੀਕਰ**: ਸੌਂਦ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ?

**ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ (ਸਰਦਾਰ ਤਰੁਨਪ੍ਰੀਤ ਸਿੰਘ ਸੌਂਦ)** : ਮੈਂ ਇਨ੍ਹਾਂ ਬਾਰੇ (ਆਪੋਜ਼ੀਸ਼ਨ ਬੈਂਚਿਜ਼ ਵੱਲ ਇਸ਼ਾਰਾ) ਹੀ ਕਹਿਣਾ ਚਾਹੁੰਦਾ ਹਾਂ।

**ਮਾਣਯੋਗ ਸਪੀਕਰ:** ਮੇਰਾ ਖਿਆਲ ਹੈ ਕਿ ਚੀਮਾ ਸਾਹਿਬ ਨੇ ਸਾਰੀ ਗੱਲ ਕਰ ਹੀ ਦਿੱਤੀ ਹੈ।

**ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ**: ਸਰ, ਜੇ ਦੋ ਕੁ ਮਿੰਟ ਦੇ ਦਿਓ ਤਾਂ ਬੜੀ ਮਿਹਰਬਾਨੀ ਹੋਵੇਗੀ।

**ਮਾਣਯੋਗ ਸਪੀਕਰ**: ਲੈ ਲਓ ਜੀ। ਤੁਸੀਂ ਬੋਲਦੇ ਹੀ ਬੜੇ ਪਿਆਰ ਨਾਲ ਹੋ।

**ਸੈਰ ਸਪਾਟਾ ਅਤੇ ਸੱਭਿਆਚਾਰਕ ਮਾਮਲੇ ਮੰਤਰੀ :** ਸਰ, ਪਹਿਲਾਂ ਤਾਂ ਤੁਹਾਡਾ ਧੰਨਵਾਦ ਹੈ ਜੀ ਕਿ ਤੁਸੀਂ ਬੋਲਣ ਦਾ ਮੌਕਾ ਦਿੱਤਾ। ਗੱਲ ਇਸ ਤਰ੍ਹਾਂ ਹੈ ਜੀ ਕਿ ਇਹ ਇੰਨਾ ਪਵਿੱਤਰ ਸਦਨ ਪੰਜਾਬ ਦੇ ਬੜੇ ਅਹਿਮ ਤੇ ਇੰਪਾਰਟੈਂਟ ਮੁੱਦੇ ਚੁੱਕਣ ਲਈ ਬਣਿਆ ਹੋਇਆ ਹੈ। ਪਰ ਪਿਛਲੇ ਕਾਫੀ ਲੰਮੇ ਸਮੇਂ ਤੋਂ ਪਿਛਲੇ ਪੌਣੇ ਪੰਜ ਸਾਲ ਤੋਂ ਅਸੀਂ ਇੱਕ ਚੀਜ਼ ਦੇਖਦੇ ਆ ਰਹੇ ਹਾਂ ਕਿ ਜਦੋਂ ਵੀ ਸਦਨ ਦੀ ਕਾਰਵਾਈ ਸ਼ੁਰੂ ਹੁੰਦੀ ਹੈ ਤਾਂ ਜਿਹੜੀ ਵਿਰੋਧੀ ਧਿਰ ਵਿੱਚ ਕਾਂਗਰਸ

ਪਾਰਟੀ ਬੈਠੀ ਹੈ ਇਹ ਹਮੇਸ਼ਾ modus operandi ਇਨ੍ਹਾਂ ਦਾ ਇੱਕ ਤਰੀਕਾ ਹੈ ਕਿ ਕਲੇਸ਼ ਪਾਓ ਤੇ ਕਲੇਸ਼ ਪਾ ਕੇ ਹੂ-ਹੱਲਾ ਮਚਾ ਕੇ ਸਦਨ ਦਾ ਬਾਈਕਾਟ ਕਰਕੇ ਜਾਓ। ਬਾਹਰ ਡਾਇਸ ਦੇ ਉਤੇ ਜਾਓ ਤੇ ਉੱਥੇ ਪ੍ਰੈਸ ਬਾਇਟਸ ਦੇ ਕੇ ਗਾਇਬ ਹੋ ਜਾਓ ਤੇ ਆਪਣੇ ਆਲੀਸ਼ਾਨ ਮਹਿਲਾਂ ਵਰਗੇ ਕੋਠੀਆਂ ਜਾਂ ਆਪਣੇ ਕਮਰਿਆਂ ਜਾਂ ਦਫਤਰਾਂ ਵਿੱਚ ਜਾ ਕੇ ਬੈਠ ਜਾਓ। ਇਹ ਇੰਨਾ ਦਾ ਤਰੀਕਾ ਹੈ। ਜਿਸ ਤਰੀਕੇ ਨਾਲ ਇਹ ਗੱਲ ਕਰਦੇ ਹਨ। ਸਰ, ਬਹੁਤ ਇੰਪਾਰਟੈਂਟ ਮੁੱਦਾ ਚੱਲ ਰਿਹਾ ਸੀ ਕਿ ਪੂਰੇ ਪੰਜਾਬ ਅੰਦਰ ਗੱਲ ਚੱਲ ਰਹੀ ਸੀ।

**1115/mehak/Shubham jain**

**1120/Sukhpiar Singh**

**ਮਾਣਯੋਗ ਸਪੀਕਰ**: ਤੁਹਾਡੀ ਗੱਲ ਹੋ ਗਈ ਹੈ।

**ਸੈਰ ਸਪਾਟਾ ਤੇ ਸੱਭਿਆਚਾਰਕ ਮਾਮਲੇ ਮੰਤਰੀ**: ਸਰ, ਇੱਕ ਸੈਕਿੰਟ ਜੀ।

**ਮਾਣਯੋਗ ਸਪੀਕਰ**: ਆਪਾਂ ਬਾਅਦ ਵਿੱਚ ਕਰ ਲੈਂਦੇ ਹਾਂ, ਪਹਿਲਾਂ ਕੰਮ ਨਿਬੇੜ ਲਈਏ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ੍ਰੀਮਤੀ ਸਰਵਜੀਤ ਕੌਰ ਮਾਣੂਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਰੁਕ ਜਾਓ ਜੀ। ਡਾਕਟਰ ਸੁੱਖੀ ਜੀ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ** : ਸਰ, ਮੇਰਾ ਸਵਾਲ ਵਿੱਚ ਹੀ ਰਹਿ ਗਿਆ ਹੈ ਜੀ।

**ਮਾਣਯੋਗ ਸਪੀਕਰ**: ਠੀਕ ਹੈ ਜੀ, ਬੈਠੋ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ)** : ਸਰ, ਪਹਿਲਾਂ ਜ਼ੀਰੋ ਆਵਰ ਤੇ ਗੱਲ ਕਰ ਲਵਾਂ?

**ਮਾਣਯੋਗ ਸਪੀਕਰ**: ਨਹੀਂ ਜੀ, ਨਹੀਂ, ਜਿਹੜਾ ਮਤਾ ਚੀਮਾ ਸਾਹਿਬ ਲੈ ਕੇ ਆਏ ਹਨ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ)**: ਜਿਹੜਾ ਮਤਾ ਸਰਦਾਰ ਹਰਪਾਲ ਸਿੰਘ ਚੀਮਾ ਲੈ ਕੇ ਆਏ ਹਨ, ਮੈਂ ਉਸ ਨਾਲ ਆਪਣੀ ਸਹਿਮਤੀ ਪ੍ਰਗਟ ਕਰਦਾ ਹਾਂ ਕਿਉਂਕਿ ਅਕਸਰ ਦੇਖਿਆ ਹੈ, ਇਹ ਅੱਜ ਦੀ ਗੱਲ ਨਹੀਂ ਹੈ। ਜੇ ਅਸੀਂ ਕਾਂਗਰਸ ਦੀ ਹਿਸਟਰੀ ਦੇਖੀਏ ਤਾਂ ਸਦਾ ਹੀ ਇਹ ਇਵੇਂ ਕਰਦੇ ਹਨ, ਬੇਸ਼ੱਕ ਡਾਕਟਰ ਬਾਬਾ ਸਾਹਿਬ ਅੰਬੇਦਕਰ ਜੀ ਦੀ ਗੱਲ ਹੋਵੇ ਜਾਂ ਦਲਿਤ ਸਮਾਜ ਦੇ ਫਾਇਦੇ ਦੀ ਗੱਲ ਕੀਤੀ ਜਾਵੇ ਤਾਂ ਇਹ ਸਦਾ ਹੀ ਉਸ ਦਾ ਵਿਰੋਧ ਕਰਦੇ ਹਨ। ਸੋ, ਮੈਂ ਸਮਝਦਾ ਹਾਂ ਕਿ ਜਿਹੜਾ ਚੀਮਾ ਸਾਹਿਬ ਨਿੰਦਾ ਮਤਾ ਲੈ ਕੇ ਆਏ ਹਨ, ਉਹ ਬਿਲਕੁਲ ਸਹੀ ਹੈ ਔਰ ਇਨ੍ਹਾਂ ਦੀ ਨਿੰਦਿਆਂ ਇਕੱਲੇ ਸਾਨੂੰ ਨਹੀਂ ਕਰਨੀ ਚਾਹੀਦੀ, ਮੈਂ ਸਮਝਦਾ ਹਾਂ ਕਿ ਜਦੋਂ ਇਹ ਗੱਲ ਪੰਜਾਬ

ਵਿੱਚ ਜਾਵੇਗੀ ਤਾਂ ਉਹ ਲੋਕ ਵੀ ਕਰਨਗੇ। ਇਨ੍ਹਾਂ ਦਾ ਇੱਕ ਕਲਚਰ ਹੈ, ਕੱਲ੍ਹ ਹੀ ਇਨ੍ਹਾਂ ਦੇ ਸਾਬਕਾ ਪ੍ਰਧਾਨ ਰਾਜਾ ਵੜਿੰਗ ਜੀ ਨੇ ਕਿਹਾ ਹੈ ਕਿ ਜਿਹੜੀਆਂ ਗਰੀਬ ਲੋਕਾਂ ਨੂੰ ਸਹੂਲਤਾਂ ਮਿਲਦੀਆਂ ਹਨ, ਉਹ ਵੀ ਕਹਿੰਦੇ ਸੀ ਕਿ ਉਹ ਆਉਂਦੇ ਸਾਰ ਹੀ ਬੰਦ ਕਰਾਂਗੇ। ਸੋ, ਮੈਂ ਸਮਝਦਾ ਹਾਂ ਕਿ ਇਨ੍ਹਾਂ ਦੀ ਨੀਅਤ ਅਤੇ ਸੋਚਣੀ ਦਲਿਤ ਸਮਾਜ ਦੇ ਖਿਲਾਫ ਹੈ।

**ਮਾਣਯੋਗ ਸਪੀਕਰ:** ਧੰਨਵਾਦ ਜੀ।

(ਇਸ ਸਮੇਂ ਆਮ ਆਦਮੀ ਪਾਰਟੀ ਦੇ ਮੈਂਬਰ, ਸ੍ਰੀਮਤੀ ਸਰਵਜੀਤ ਕੌਰ ਮਾਣੂਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਸਪੀਕਰ:** ਇੱਕ ਮਿੰਟ ਜੀ।

ਪ੍ਰਸ਼ਨ ਹੈ-

"ਕਿ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 97 (2) ਅਨੁਸਾਰ ਸਰਦਾਰ ਸੁਖਪਾਲ ਸਿੰਘ ਖਹਿਰਾ, ਮੈਂਬਰ ਚੇਅਰ ਦੇ ਵਾਰ ਵਾਰ ਮਨ੍ਹਾ ਕਰਨ ਦੇ ਬਾਵਜੂਦ ਹਾਊਸ ਦੇ ਵੈੱਲ ਵਿੱਚ ਆਏ, ਚੇਅਰ ਦੇ ਖਿਲਾਫ ਭੱਦੀ ਸ਼ਬਦਾਵਲੀ ਦਾ ਇਸਤੇਮਾਲ ਕੀਤਾ, ਸਦਨ ਦੇ ਕੀਮਤੀ ਸਮੇਂ ਨੂੰ ਜਾਇਆ ਕੀਤਾ ਅਤੇ ਚੇਅਰ ਦੇ ਹੁਕਮਾਂ ਦੀ ਪ੍ਰਵਾਹ ਨਹੀਂ ਕੀਤੀ, ਇਸ ਤਰ੍ਹਾਂ ਕਰਕੇ ਉਨ੍ਹਾਂ ਨੇ ਜਾਣਬੁੱਝ ਕੇ ਸਦਨ ਦੀ ਕਾਰਵਾਈ ਵਿੱਚ ਵਿਘਨ ਪਾਇਆ, ਇਸ ਲਈ ਸਰਦਾਰ ਸੁਖਪਾਲ ਸਿੰਘ ਖਹਿਰਾ ਮੈਂਬਰ ਨੂੰ ਪੰਜਾਬ ਵਿਧਾਨ ਸਭਾ ਦੇ ਇਸ ਇਜਲਾਸ ਦੇ ਰਹਿੰਦੇ ਸਮੇਂ ਲਈ ਮੁਅੱਤਲ ਕੀਤਾ ਜਾਵੇ।"

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ। (ਥੰਪਿੰਗ)***

---

**ਮਾਣਯੋਗ ਸਪੀਕਰ:** ਹਾਂ ਜੀ, ਤੁਸੀਂ ਕੀ ਕਹਿਣਾ ਚਾਹੁੰਦੇ ਹੋ?

**ਸ੍ਰੀਮਤੀ ਸਰਵਜੀਤ ਕੌਰ ਮਾਣੂਕੇ (ਜਗਰਾਉਂ, ਐਸ.ਸੀ):** ਸਰ, ਵਿੱਤ ਮੰਤਰੀ ਸਾਹਿਬ ਦਾ ਬਹੁਤ ਬਹੁਤ ਧੰਨਵਾਦ ਕਿ ਇਹ ਮਤਾ ਲੈ ਕੇ ਆਏ ਹਨ। ਮੈਂ ਸਰਕਾਰ ਦੇ ਧਿਆਨ ਵਿੱਚ ਇੱਕ ਲਿਆਉਣਾ ਚਾਹੁੰਦੀ ਹਾਂ ਕਿ ਮਿਤੀ 08.10.2026 ਦੀ Statement of Condemnation ਵਿੱਚ, "Bhade de Tattau ne eh Sarkari Vakil " ਇਹ ਖਹਿਰਾ ਸਾਹਿਬ ਦੀ ਜ਼ੁਬਾਨ ਹੈ, ਇਹ ਨਿੰਦਾ ਪ੍ਰਸਤਾਵ ਇਕੱਲੇ ਆਪਾਂ ਹੀ ਨਹੀਂ ਪਾ ਰਹੇ, ਇਹ ਹਾਈ ਕੋਰਟ ਨੇ ਵੀ ਨਿੰਦਾ ਮਤਾ ਲਿਆਉਂਦਾ ਹੈ ਕਿਉਂਕਿ ਇਸ ਬੰਦੇ ਦੀ ਐਸੀ ਜ਼ੁਬਾਨ ਹੈ ਕਿ ਇਹ ਗਰੀਬਾਂ ਨੂੰ ਕਿਸੇ ਕੁਰਸੀ ਤੇ ਬੈਠਿਆਂ ਦੇਖਣਾ ਨਹੀਂ ਚਾਹੁੰਦਾ। ਜਦੋਂ ਕੋਈ ਗੱਲ ਕਰੇਗਾ, ਔਰਤਾਂ ਲਈ ਮੰਦੀ ਭਾਸ਼ਾ, ਉਨ੍ਹਾਂ ਨੇ ਨਾ ਸਿਰਫ ਇਨ੍ਹਾਂ ਤੇ ਨਿੰਦਾ ਮਤਾ ਹੀ ਪਾਇਆ ਸਪੈਸ਼ਲੀ ਲਿਖਿਆ ਹੈ ਕਿ ਸਰਦਾਰ ਸੁਖਪਾਲ ਸਿੰਘ ਖਹਿਰਾ, a senior leader of Indian National Congress,

has allegedly used derogatory and objectionable language against the Law Officer, ਇਹ ਸਾਰੇ WhatsApp and Facebook, and has also been reported in sections of the press. **Bar-360.** ਇਹ ਆਦਤ ਪਈ ਹੋਈ ਹੈ ਕਿ ਜਿਹੜੇ ਗਰੀਬ ਵਰਗ ਦੇ ਲੋਕ ਹਨ ਜਾਂ ਦਲਿਤ ਔਰਤਾਂ ਹਨ ਜਾਂ ਦਲਿਤ ਵਰਗ ਦੇ ਬੱਚੇ ਪੜ੍ਹ ਲਿਖ ਕੇ ਸਰਕਾਰੀ ਅਹੁਦਿਆਂ ਤੇ ਲੱਗਦੇ ਹਨ, ਇਨ੍ਹਾਂ ਨੂੰ ਲੱਗਦਾ ਹੈ ਕਿ ਦੁਨੀਆਂ ਮੇਰੇ ਪੈਰਾਂ ਥੱਲੇ ਹੈ ਪਰ ਹਾਈ ਕੋਰਟ ਨੇ ਵੀ ਨਿੰਦਾ ਮਤਾ ਪਾਇਆ ਹੈ। ਤੁਹਾਡਾ ਬਹੁਤ ਬਹੁਤ ਧੰਨਵਾਦ। ਘੱਟੋ ਘੱਟ ਇਸ ਨੂੰ ਇਹ ਤਾਂ ਪਤਾ ਲੱਗੇਗਾ ਕਿ ਬੰਦੂਆਂ ਮਜ਼ਦੂਰ ਕੀ ਹੁੰਦੇ ਹਨ ਜਾਂ ਸਾਡੇ ਤੇ ਤਰ੍ਹਾਂ ਤਰ੍ਹਾਂ ਦੇ ਇਲਜ਼ਾਮ ਲਗਾਉਣਾ ਇਨ੍ਹਾਂ ਦੀ ਆਦਤ ਬਣ ਚੁੱਕੀ ਹੈ। ਇਸ ਕਰਕੇ ਤੁਹਾਡਾ ਧੰਨਵਾਦ ਜੀ, ਮੈਂ ਮਤੇ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ।

**ਮਾਣਯੋਗ ਸਪੀਕਰ**: ਧੰਨਵਾਦ ਜੀ।

**ਸ੍ਰੀਮਤੀ ਸਰਵਜੀਤ ਕੌਰ ਮਾਣੂਕੇ**: ਸਰ, ਮੈਂ ਇਹ ਕਾਗਜ਼ ਟੇਬਲ ਤੇ ਰੱਖਣਾ ਚਾਹੁੰਦੀ ਹਾਂ।

**ਮਾਣਯੋਗ ਸਪੀਕਰ**: ਰੱਖੋ ਜੀ, ਅਲਾਊਡ।

---

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ**: ਕੈਲੀਫੋਰਨੀਆ ਪਬਲਿਕ ਸਕੂਲ, ਮੋਗਾ ਦੇ ਸਾਡੇ ਬੱਚੇ, ਵਿਦਿਆਰਥੀ ਅੱਜ ਇਸ ਅਜ਼ੀਮ ਸਦਨ ਦੀ ਕਾਰਵਾਈ ਨੂੰ ਵੇਖਣ ਲਈ ਆਏ ਹਨ। ਆਓ, ਉਨ੍ਹਾਂ ਸਾਰਿਆਂ ਨੂੰ ਜੀ ਆਇਆਂ ਕਹੀਏ। (ਥੰਪਿੰਗ)।

---

## MATTERS RAISED DURING ZERO HOUR AND STATMENTS MADE BY THE MINISTERS THEREON *(RESUMPTION)*

**ਸਰਦਾਰ ਕੁਲਵੰਤ ਸਿੰਘ ਸਿੱਧੂ (ਆਤਮਨਗਰ)**: ਧੰਨਵਾਦ ਜੀ, ਤੁਸੀਂ ਮੈਨੂੰ ਜ਼ੀਰੋ ਆਵਰ ਤੇ ਬੋਲਣ ਦਾ ਮੌਕਾ ਦਿੱਤਾ ਹੈ। ਮੈਂ ਆਪ ਜੀ ਦਾ ਧਿਆਨ ਮੇਰੇ ਹਲਕੇ ਵਿੱਚ ਦੋ ਗੰਭੀਰ ਮੁੱਦੇ ਹਨ ਜਿਹੜਾ ਮੁੱਦਾ ਕੁਐਸ਼ਚਨ ਆਵਰ ਵਿੱਚ ਵੀ ਆਇਆ ਸੀ, ਜਿਹੜੇ ਸੜਕਾਂ ਦੇ ਕੰਮ ਲੇਟ ਹੁੰਦੇ ਹਨ। ਗਿੱਲ ਸੜਕ ਦਾ ਕੰਮ ਲਗਭਗ ਇੱਕ ਸਾਲ ਦੀ ਦੇਰੀ ਨਾਲ ਚੱਲ ਰਿਹਾ ਹੈ ਜਿਸ ਕਾਰਨ ਮੇਰੇ ਇੰਡਸਟਰੀ ਏਰੀਏ ਦੇ ਲੋਕ suffer ਕਰ ਰਹੇ ਹਨ। ਸਰ, ਇੱਕ ਦੁੱਗਰੀ ਰੋਡ ਦਾ ਇਸ਼ੂ ਹੈ, ਦੋ ਠੇਕੇਦਾਰਾਂ ਦੇ ਆਪਸੀ ਕਲੇਸ਼ ਕਾਰਨ ਇੱਕ ਠੇਕੇਦਾਰ ਕੋਰਟ ਵਿੱਚ ਚਲਾ ਗਿਆ ਹੈ।

**1120/Sukhpiar Singh/Abhishek gautam**

**1125/Manika Rani**

ਉਸ ਕਾਰਨ ਜਿਹੜੀ ਦੁੱਗਰੀ ਰੋਡ ਹੈ, ਜੋ 200 ਫੁੱਟ ਤੋਂ ਲੈ ਕੇ ਆਤਮ ਵਰਗ ਚੌਂਕੀ ਤੱਕ ਆਉਂਦੀ ਹੈ, ਉਸ ਦਾ ਕੰਮ ਪਛੜਿਆ ਪਿਆ ਹੈ। ਮੈਂ ਆਪ ਜੀ ਦੇ ਮਾਧਿਅਮ ਰਾਹੀਂ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਉਸ ਇਸ਼ੂ ਦਾ ਜਲਦੀ ਹੱਲ ਕਰਵਾਇਆ ਜਾਵੇ ਤਾਂ ਜੋ ਸੜਕ ਦਾ ਕੰਮ ਜਲਦੀ ਸ਼ੁਰੂ ਕਰਵਾਇਆ ਜਾ ਸਕੇ ਕਿਉਂਕਿ ਦੋ ਠੇਕੇਦਾਰਾਂ ਦੀ ਵਜ੍ਹਾ ਕਰਕੇ ਮੇਰੇ ਹਲਕੇ ਦੀ ਪਬਲਿਕ ਕਿਉਂ ਸਫਰ ਕਰੇ? ਇੱਕ ਗਿੱਲ ਵਾਲਾ ਨਹਿਰ ਦੇ ਨਾਲ-ਨਾਲ Leisure vally ਬਣ ਰਹੀ ਹੈ, ਉਸ ਠੇਕੇਦਾਰ ਦਾ ਕੰਮ ਵੀ ਡੇਢ ਸਾਲ ਤੋਂ ਲੇਟ ਪਿਆ ਹੈ। ਮੈਂ ਸਮਝਦਾ ਹਾਂ ਕਿ ਤੁਸੀਂ ਇਸ ਗੰਭੀਰ ਮੁੱਦੇ ਨੂੰ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆ ਕੇ ਜ਼ਰੂਰ ਹੱਲ ਕਰਵਾਉਗੇ। ਸਪੀਕਰ ਸਾਹਿਬ, ਇੱਕ ਸਾਲ ਦੀ ਐਕਸਟੈਂਸ਼ਨ mixed land use ਹੋਈ ਹੈ ਔਰ ਤੁਸੀਂ ਵੀ ਉਸੇ ਭਾਈਚਾਰੇ ਨਾਲ ਸਬੰਧ ਰੱਖਦੇ ਹੋ। ਮੈਂ ਚਾਹੁੰਦਾ ਹਾਂ ਕਿ ਇੱਕ ਸਾਲ ਦਾ ਸਮਾਂ ਥੋੜ੍ਹਾ ਹੈ, ਉਹ ਸਮਾਂ ਪੰਜ ਸਾਲ ਦਾ ਕੀਤਾ ਜਾਵੇ। ਬਹੁਤ-ਬਹੁਤ ਧੰਨਵਾਦ ਜੀ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ (ਸਮਾਣਾ):** ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਜ਼ੀਰੋ ਆਵਰ ਵਿੱਚ ਬੋਲਣ ਲਈ ਸਮਾਂ ਦਿੱਤਾ ਹੈ।

(ਇਸ ਸਮੇਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ, ਡਾਕਟਰ ਬਲਬੀਰ ਸਿੰਘ ਸਦਨ ਵਿੱਚ ਜ਼ੀਰੋ ਆਵਰ ਦੌਰਾਨ ਬੋਲ ਰਹੇ ਮੈਂਬਰ, ਸਰਦਾਰ ਚੇਤਨ ਸਿੰਘ ਜੋੜਾਮਾਜਰਾ ਨੂੰ ਕਰਾਸ ਕਰ ਰਹੇ ਸਨ।)

**ਮਾਣਯੋਗ ਸਪੀਕਰ**: ਡਾਕਟਰ ਸਾਹਿਬ, ਡਾਕਟਰ ਸਾਹਿਬ।

**ਸਰਦਾਰ ਚੇਤਨ ਸਿੰਘ ਜੋੜਾਮਾਜਰਾ**: ਮੈਂ ਆਪ ਜੀ ਦੇ ਜ਼ਰੀਏ ਮੰਤਰੀ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਜੀ.ਆਰ.ਐਸ. ਹਨ ਜਾਂ ਮਗਨਰੇਗਾ ਸੈਕੇਟਰੀ ਹਨ, ਉਨ੍ਹਾਂ ਨੂੰ ਕਾਫੀ ਲੰਬਾ-ਲੰਬਾ ਸਮਾਂ ਜਾਂ ਛੇ-ਛੇ ਮਹੀਨੇ ਤਨਖਾਹ ਨਹੀਂ ਮਿਲਦੀ ਹੈ ਪਰੰਤੂ ਉਹ ਰੂਰਲ ਏਰੀਆ ਦੇ ਕਿੰਨੇ ਹੀ ਕੰਮ ਕਰਵਾਉਂਦੇ ਹਨ। ਸੋ, ਮੇਰੀ ਬੇਨਤੀ ਹੈ ਕਿ ਉਨ੍ਹਾਂ ਨੂੰ ਵੀ ਸਰਕਾਰ ਆਪਣੇ ਅਧੀਨ ਲਿਆਉਣ ਦੀ ਕ੍ਰਿਪਾਲਤਾ ਕਰੇ। ਇਸ ਤੋਂ ਇਲਾਵਾ ਮੈਂ ਇੱਕ ਹੋਰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਪੰਜਾਬ ਦੀਆਂ ਧੀਆਂ ਸਾਡਾ ਮਾਣ ਹਨ। ਮੈਂ ਸਿਰਫ 30 ਸੈਕਿੰਡ ਵਿੱਚ ਹੀ ਆਪਣੀ ਗੱਲ ਕੰਪਲੀਟ ਕਰ ਲਵਾਂਗਾ। ਮੈਂ ਤੁਹਾਡੇ ਰਾਹੀਂ ਪੰਜਾਬ ਦੀਆਂ ਲੱਖਾਂ ਮਾਵਾਂ-ਧੀਆਂ ਦੀ ਗੱਲ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਧੀਆਂ ਕੋਰਟ ਮੈਰਿਜ ਕਰਵਾ ਲੈਂਦੀਆਂ ਹਨ, ਉਨ੍ਹਾਂ ਦੇ ਮਾਪੇ ਬੜੇ ਦੁਖੀ ਹੁੰਦੇ ਹਨ ਕਿ ਸਾਡੀ ਧੀ ਸਾਨੂੰ ਮਿਲੀ ਵੀ ਨਹੀਂ ਹੈ ਅਤੇ ਉਹ ਤੜਫਦੇ ਰਹਿੰਦੇ ਹਨ। ਮੈਂ ਕਹਿਣਾ ਚਾਹੁੰਦਾ ਹਾਂ ਕਿ ਇਸ ਸਬੰਧੀ ਵਿਧਾਨ ਸਭਾ ਵਿੱਚ ਮਤਾ ਲਿਆਂਦਾ ਜਾਵੇ ਕਿ ਜਦੋਂ ਕੋਈ ਮੁੰਡਾ-ਕੁੜੀ ਕੋਰਟ ਮੈਰਿਜ ਕਰਵਾਉਂਦਾ ਹੈ ਤਾਂ ਉਸ ਵਿੱਚ ਦੋਨੋਂ ਧਿਰਾਂ ਦੇ ਮਾਪਿਆਂ ਦੀ ਰਜ਼ਾਮੰਦੀ ਜ਼ਰੂਰ ਹੋਵੇ ਕਿਉਂਕਿ ਜਿਹੜੇ ਮੁੰਡੇ ਵਾਲੇ ਹੁੰਦੇ ਹਨ, ਉਹ ਆਪਣੇ-ਆਪ ਵਿੱਚ ਬੜਾ ਮਾਣ ਮਹਿਸੂਸ ਕਰਦੇ ਹਨ ਕਿ ਸਾਡਾ ਤਾਂ ਮੁੰਡਾ ਹੈ ਪਰ ਇਹ ਗੱਲ ਠੀਕ ਨਹੀਂ ਹੈ। ਇੱਜ਼ਤ ਤਾਂ ਕੁੜੀ ਵਾਲਿਆਂ ਦੀ ਵੀ ਉੰਨੀ ਹੀ ਹੁੰਦੀ ਹੈ, ਜਿੰਨੀ ਮੁੰਡੇ ਵਾਲਿਆਂ ਦੀ ਹੁੰਦੀ ਹੈ। ਜਿਹੜੀਆਂ ਮਾਵਾਂ ਨੇ ਆਪਣੀਆਂ ਧੀਆਂ ਨੂੰ 20-20 ਜਾਂ 22-22 ਸਾਲ ਪਾਲਿਆ-ਪਲੋਸਿਆ ਹੁੰਦਾ ਹੈ ਅਤੇ ਪੜ੍ਹਾਇਆ ਹੁੰਦਾ ਹੈ। ਮੈਂ ਅੱਜ ਉਨ੍ਹਾਂ ਮਾਵਾਂ ਦੀ ਤਰਾਸਦੀ ਨੂੰ ਵਿਧਾਨ ਸਭਾ ਵਿੱਚ ਦੱਸ ਰਿਹਾ ਹਾਂ। ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਅਜਿਹਾ ਕੋਈ ਮਤਾ ਲਿਆਂਦੇ ਜਾਵੇ

ਕਿ ਜੋ ਵੀ ਮੁੰਡਾ-ਕੁੜੀ ਕੋਰਟ ਮੈਰਿਜ ਕਰਵਾਉਂਦਾ ਹੈ, ਉਸ ਵਿੱਚ ਦੋਨੋਂ ਧਿਰਾਂ ਦੇ ਮਾਪਿਆਂ ਦੀ ਰਜ਼ਾਮੰਦੀ/ਸਹਿਮਤੀ ਜ਼ਰੂਰ ਹੋਵੇ। ਧੰਨਵਾਦ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁਖੀ (ਬੰਗਾ, ਐਸ.ਸੀ.)**: ਮੈਂ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਹਲਕਾ ਬੰਗਾ ਵਿੱਚ ਸ੍ਰੀ ਨਾਭ ਕੰਵਲ ਰਾਜਾ ਸਾਹਿਬ ਦਾ ਡੇਰਾ ਹੈ ਅਤੇ ਦੁਨੀਆਂ ਭਰ ਵਿੱਚ ਉਨ੍ਹਾਂ ਦੀ ਬਹੁਤ ਮਾਨਤਾ ਹੈ। ਪਿਛਲੇ ਦਿਨੀਂ ਸਰਦਾਰ ਹਰਪਾਲ ਚੀਮਾ, ਵਿੱਤ ਮੰਤਰੀ ਸਾਹਿਬ ਅਤੇ ਸਰਦਾਰ ਹਰਜੋਤ ਬੈਂਸ, ਸਿੱਖਿਆ ਮੰਤਰੀ ਜੀ ਉਥੇ ਗਏ ਸਨ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਰਾਜਾ ਸਾਹਿਬ ਦੇ ਸਥਾਨ ਦੀ ਮਾਨਤਾ ਅਤੇ ਪਵਿੱਤਰਤਾ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਵੱਲੋਂ ਉਸ ਜਗ੍ਹਾ ਦੇ ਆਲੇ-ਦੁਆਲੇ ਦੇ ਸੁੰਦਰੀਕਰਨ ਵਿੱਚ ਯੋਗਦਾਨ ਪਾਉਣ ਲਈ ਕੋਈ ਉਪਰਾਲਾ ਕਰੇ ਕਿਉਂਕਿ ਬੰਗਾ ਤੋਂ ਸਿਰਫ ਚਾਰ ਕਿਲੋਮੀਟਰ ਦਾ ਡਿਸਟੈਂਸ ਹੈ ਪਰੰਤੂ ਉਥੇ ਪਹੁੰਚਣ ਲਈ ਘੱਟ ਤੋਂ ਘੱਟ ਦੋ ਘੰਟੇ ਦਾ ਸਮਾਂ ਲੱਗ ਜਾਂਦਾ ਹੈ। ਮੈਂ ਇਹ ਬੇਨਤੀ ਕਰਦਾ ਹਾਂ ਕਿ ਜਿੰਨੀਆਂ ਵੀ ਸੜਕਾਂ ਰਾਜਾ ਸਾਹਿਬ ਡੇਰੇ ਵਿਖੇ ਜਾਂਦੀਆਂ ਹਨ, ਉਨ੍ਹਾਂ ਨੂੰ ਬਣਾਇਆ ਜਾਵੇ ਅਤੇ ਉਸ ਜਗ੍ਹਾ ਦੇ ਆਲੇ-ਦੁਆਲੇ ਦੇ ਸੁੰਦਰੀਕਰਨ ਵਿੱਚ ਵਿਸ਼ੇਸ਼ ਉਪਰਾਲਾ ਕੀਤਾ ਜਾਵੇ। ਧੰਨਵਾਦ ਜੀ।

**ਸ੍ਰੀ ਅਸ਼ੋਕ ਕੁਮਾਰ ਪਰਾਸ਼ਰ (ਪੱਪੀ) (ਲੁਧਿਆਣਾ ਕੇਂਦਰੀ)**: ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਜੀ। ਸਪੀਕਰ ਸਾਹਿਬ, ਮੈਂ ਤੁਹਾਡੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਸਰਕਾਰ ਵੱਲੋਂ ਪਿੰਡਾਂ ਵਿੱਚ ਲਾਲ ਲਕੀਰ ਦੇ ਮਾਲਕਾਨਾ ਹੱਕ ਦੇਣ ਵਾਲੀ ਜੋ ਪਾਲਿਸੀ ਬਣਾਈ ਗਈ ਹੈ, ਉਹ ਬਹੁਤ ਹੀ ਵਧੀਆ ਉਪਰਾਲਾ ਹੈ। ਪਲੀਜ਼, ਤੁਸੀਂ ਸ਼ਹਿਰਾਂ ਲਈ ਵੀ ਕੁਝ ਕਰੋ ਕਿਉਂਕਿ ਮੇਰੇ ਹਲਕੇ ਵਿੱਚ ਬਹੁਤ ਵੱਡੀ ਗਿਣਤੀ ਵਿੱਚ ਗਰੀਬ ਲੋਕ ਜੋ ਕਿ ਸੰਨ 1947 ਤੋਂ ਰਹਿ ਰਹੇ ਹਨ, ਉਨ੍ਹਾਂ ਨੂੰ ਆਪਣੇ ਬੱਚੇ ਪੜ੍ਹਾਉਣੇ ਵੀ ਔਖੇ ਲੱਗਦੇ ਹਨ, ਉਨ੍ਹਾਂ ਨੂੰ ਵੀ ਮਾਲਕਾਨਾ ਹੱਕ ਦਿਵਾਉਣ ਲਈ ਜ਼ਰੂਰ ਕੋਈ ਪਾਲਿਸੀ ਲਿਆਂਦੀ ਜਾਵੇ। ਲੁਧਿਆਣਾ ਸ਼ਹਿਰ ਦੇ ਲੋਕਾਂ ਨੂੰ ਵੀ ਇਸ ਪਾਲਿਸੀ ਅੰਦਰ ਲਿਆ ਕੇ ਜ਼ਰੂਰ ਰਾਹਤ ਦਿੱਤੀ ਜਾਵੇ।

**ਮਾਣਯੋਗ ਸਪੀਕਰ**: ਵੈਸੇ ਇੱਕ ਗੱਲ ਤਾਂ ਬੜੀ ਕਮਾਲ ਦੀ ਹੋਈ ਹੈ। ਜਿਹੜੀ 'ਮੇਰਾ ਘਰ ਮੇਰੇ ਨਾਂ' ਸਕੀਮ ਹੈ, ਇਹ ਸਰਕਾਰ ਦਾ ਬਹੁਤ ਵਧੀਆ ਲੋਕਪੱਖੀ ਫੈਸਲਾ ਹੈ। (ਥੰਪਿੰਗ) ਤੁਸੀਂ ਆਪਣੀ ਜਗ੍ਹਾ ਦੇ ਮਾਲਕ ਹੋ ਅਤੇ ਤੁਹਾਨੂੰ ਡਾਕੂਮੈਂਟ ਹੁਣ ਮਿਲਿਆ ਹੈ। ਲਾਲ-ਲਕੀਰ ਦੇ ਅੰਦਰ ਹੁਣ ਕੋਈ ਕਬਜ਼ਾ ਨਹੀਂ ਕਰ ਸਕਦਾ ਕਿਉਂਕਿ ਪਹਿਲਾਂ ਤਾਂ ਕਬਜ਼ਾ ਹੋ ਜਾਂਦਾ ਸੀ ਅਤੇ ਫਿਰ ਕੋਰਟਾਂ ਵਿੱਚ ਜਾਣਾ ਪੈਂਦਾ ਸੀ। ਇਸ ਤੋਂ ਇਲਾਵਾ ਹੋਮ ਲੋਨ ਦੀ ਸਹੂਲਤ ਵੀ ਮਿਲ ਗਈ ਹੈ। ਜਿਹੜੇ ਪਿੰਡਾਂ ਵਿੱਚ ਗਰੀਬ ਲੋਕ ਲਾਲ-ਲਕੀਰ ਦੇ ਅੰਦਰ ਰਹਿੰਦੇ ਸਨ, ਉਨ੍ਹਾਂ ਲਈ ਲੋਨ ਲੈਣ ਦੇ ਰਸਤੇ ਖੁੱਲ੍ਹ ਗਏ ਹਨ। ਐਨ.ਆਰ.ਆਈਜ਼ ਲੋਕਾਂ ਦੀਆਂ ਜੋ ਪ੍ਰਾਪਰਟੀਜ਼ ਲਾਲ-ਲਕੀਰ ਦੇ ਅੰਦਰ ਆਉਂਦੀਆਂ ਸਨ, ਉਹ ਹੁਣ ਸੇਫ ਹੋ ਗਈਆਂ ਹਨ। ਚਲੋ, ਪ੍ਰਾਪਰਟੀ ਟਰਾਂਸਫਰ ਕਰਨੀ ਸੌਖੀ ਹੋ ਗਈ ਹੈ। ਸੋ, ਇਹ ਸਰਕਾਰ ਵੱਲੋਂ ਬਹੁਤ ਹੀ ਵਧੀਆ ਲੋਕਪੱਖੀ ਫੈਸਲਾ ਲਿਆ ਗਿਆ ਹੈ। ਹਾਂ ਜੀ, ਚੀਮਾ ਜੀ, ਤੁਸੀਂ ਇਸ ਬਾਰੇ ਕੁਝ ਕਹਿਣਾ ਚਾਹੁੰਦੇ ਹੋ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਮਾਣਯੋਗ ਸਪੀਕਰ ਸਾਹਿਬ, ਮੈਂ ਜਿਹੜਾ ਪਰਾਸ਼ਰ ਜੀ ਨੇ ਮੁੱਦਾ ਉਠਾਇਆ ਹੈ, ਉਸ ਬਾਰੇ ਗੱਲ ਕਹਿਣੀ ਚਾਹੁੰਦਾ ਹਾਂ ਕਿਉਂਕਿ ਇਹ ਬਹੁਤ ਹੀ ਇੰਪਾਰਟੈਂਟ ਇਸ਼ੂ ਹੈ।

**1125/Manika Rani/Abhishek gautam**

**1130/Gurpreet kaur**

ਜਿਵੇਂ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ "ਮੇਰਾ ਘਰ ਮੇਰੇ ਨਾਮ" ਸਕੀਮ ਸ਼ੁਰੂ ਕੀਤੀ ਹੈ, ਅੱਜ ਪੰਜਾਬ ਦੇ ਗਰੀਬ ਲੋਕ ਜਾਂ ਪਿੰਡਾਂ ਵਿੱਚ ਰਹਿਣ ਵਾਲੇ ਲੋਕ ਜਿਹੜੇ 70-75 ਸਾਲਾਂ ਤੋਂ ਘਰਾਂ ਵਿੱਚ ਰਹਿ ਰਹੇ ਸਨ, ਉਨ੍ਹਾਂ ਦੀਆਂ ਦੋ-ਦੋ ਪੀੜ੍ਹੀਆਂ ਵੀ ਉਸੇ ਘਰਾਂ ਵਿੱਚ ਰਹਿ ਚੁੱਕੀਆਂ ਹਨ, ਉਨ੍ਹਾ ਨੂੰ ਆਪਣੇ ਘਰਾਂ ਨਾਲ ਬਹੁਤ ਪਿਆਰ ਵੀ ਹੈ ਪਰ ਉਹ ਮਾਲਕ ਨਹੀਂ ਸਨ ਅਤੇ ਉਹ ਕਿਸੇ ਵੀ ਪ੍ਰਕਾਰ ਦੇ ਮਾਲਕ ਨਹੀਂ ਸਨ। ਕਈ ਵਾਰ ਅਜਿਹਾ ਵੀ ਹੁੰਦਾ ਸੀ ਕਿ ਕਿਸੇ ਫੈਮਿਲੀ ਦੇ ਅੰਦਰ ਛੋਟਾ-ਮੋਟਾ ਡਿਸਪਿਊਟ ਪੈ ਜਾਂਦਾ ਸੀ ਅਤੇ ਕੋਰਟਾਂ-ਕਚਿਹਰੀਆਂ ਵਿੱਚ ਚੱਕਰ ਕੱਟਦੇ ਉਨ੍ਹਾਂ ਨੂੰ ਕਈ ਸਾਲ ਲੱਗ ਜਾਂਦੇ ਸਨ। ਉਨ੍ਹਾਂ ਕੇਸਾਂ ਲਈ 10-20 ਸਾਲ ਦਾ ਸਮਾਂ ਵੀ ਲੱਗਦਾ ਸੀ ਪਰ ਜੋ ਫੈਸਲਾ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਕੀਤਾ ਹੈ, ਮੈਂ ਸਮਝਦਾ ਹਾਂ ਕਿ ਉਸ ਫੈਸਲੇ ਨਾਲ ਪੰਜਾਬ ਦੀ ਵੱਡੀ ਪਾਪੂਲੇਸ਼ਨ ਨੂੰ ਇੱਕ ਵੱਡਾ ਲਾਭ ਪਹੁੰਚਿਆ ਹੈ। ਜਿਵੇਂ ਤੁਸੀਂ ਦੱਸਿਆ ਹੈ ਕਿ ਉਹ ਆਪਣੇ ਘਰ ਦੇ ਕੰਮ-ਕਾਰ ਲਈ ਛੋਟਾ ਮੋਟਾ ਲੋਨ ਵੀ ਕਰਾ ਸਕਣਗੇ। ਜੇਕਰ ਕਿਸੇ ਨੇ ਆਪਣਾ ਘਰ ਸੇਲ ਵੀ ਕਰਨਾ ਹੈ, ਉਸ ਨੂੰ ਪਰਾਪਰ ਸੇਲ ਕੰਸਿਡਰੇਸ਼ਨ ਵੀ ਮਿਲੇਗੀ ਭਾਵ ਕਿ ਪੈਸੇ ਵੀ ਮਿਲਣਗੇ। ਪਹਿਲਾਂ ਇਹ ਹੁੰਦਾ ਸੀ ਕਿ ਉਹ ਕੋਰਟ ਚਲੇ ਜਾਂਦੇ ਸੀ ਅਤੇ ਇੱਕ ਛੋਟਾ ਮੋਟਾ ਐਫੀਡੈਵਿਟ ਬਣਾ ਕੇ ਉਸ ਨੂੰ ਲੈ ਕੇ ਹੀ ਘੁੰਮੀ ਜਾਂਦੇ ਸਨ। ਕਈ ਵਾਰ ਅਜਿਹਾ ਵੀ ਹੁੰਦਾ ਸੀ ਕਿ ਉਨ੍ਹਾਂ ਦੇ ਇਲੈਕਟ੍ਰਸਿਟੀ ਅਤੇ ਪਾਣੀ ਦੇ ਮੀਟਰ ਵੀ ਨਹੀਂ ਲੱਗਦੇ ਸਨ। ਉਨ੍ਹਾਂ ਨੂੰ ਕਿਸੇ ਹੋਰ ਦੇ ਨਾਮ ਤੇ ਮੀਟਰ ਲਗਵਾਉਣਾ ਪੈਂਦਾ ਸੀ। ਇਹ ਬਹੁਤ ਵੱਡਾ ਫੈਸਲਾ ਹੋਇਆ ਹੈ। ਇਸ ਨਾਲ ਪੰਜਾਬ ਦੀ ਜਨਤਾ ਨੂੰ ਬਹੁਤ ਵੱਡਾ ਫਾਇਦਾ ਹੋਇਆ ਹੈ। ਮੈਂ ਇਸ ਦੇ ਲਈ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਬਹੁਤ ਧੰਨਵਾਦ ਕਰਦਾ ਹਾਂ।

ਜਿਹੜਾ ਮੁੱਦਾ ਪਰਾਸ਼ਰ ਜੀ ਨੇ ਉਠਾਇਆ ਹੈ, ਮੈਂ ਇਸ ਸਬੰਧੀ ਲੋਕਲ ਬਾਡੀ ਮਨਿਸਟਰ ਸਾਹਿਬ ਨੂੰ ਕਹਾਂਗਾ ਕਿ ਉਹ ਪਰਪੋਜ਼ਲ ਬਣਾ ਕੇ ਰੱਖ ਲੈਣ। ਅਸੀਂ ਇਸ ਨੂੰ ਕੈਬਨਿਟ ਅੰਦਰ ਵਿਚਾਰ ਕਰਕੇ ਇਸ ਤੇ ਕੰਮ ਕਰਾਂਗੇ। ਧੰਨਵਾਦ ਜੀ।

**ਮਾਣਯੋਗ ਸਪੀਕਰ:** ਜਿਹੜੀਆਂ ਸ਼ਹਿਰਾਂ ਦੇ ਅੰਦਰ ਪੁਰਾਣੀਆਂ ਦੁਕਾਨਾਂ ਸੀ ਉਨ੍ਹਾਂ ਦਾ ਤਾਂ ਤੁਸੀਂ ਕਰ ਦਿੱਤਾ ਹੈ। ਉਸ ਦੇ ਲਈ ਵੀ ਮੈਂ ਪੰਜਾਬ ਸਰਕਾਰ ਦਾ ਬਹੁਤ ਧੰਨਵਾਦੀ ਹਾਂ ਕਿਉਂਕਿ ਉਹ ਤਾਂ ਰਿਪੇਅਰ ਵੀ ਨਹੀਂ ਕਰਵਾ ਸਕਦੇ ਸਨ। ਇਹ ਬਹੁਤ ਵਧੀਆ ਫੈਸਲਾ ਹੋਇਆ ਹੈ। ਇਸ ਦੇ ਲਈ ਸਾਰੇ ਜਣੇ ਪੰਜਾਬ ਸਰਕਾਰ ਦਾ ਧੰਨਵਾਦ ਕਰ ਦਿਓ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਇਸ ਦੇ ਲਈ ਮੈਂ ਵੀ ਪੰਜਾਬ ਸਰਕਾਰ ਦਾ ਬਹੁਤ ਧੰਨਵਾਦ ਕਰਦਾ ਹਾਂ। ਡਿਪਟੀ ਸਪੀਕਰ ਸਾਹਿਬ ਨੇ ਵੈਸੇ ਤਾਂ ਬੋਲਣਾ ਨਹੀਂ ਹੁੰਦਾ ਪਰ ਡਿਪਟੀ ਸਪੀਕਰ ਸਾਹਿਬ ਕੁਝ ਕਹਿਣਾ ਚਾਹੁੰਦੇ ਹਨ।

**ਮਾਣਯੋਗ ਡਿਪਟੀ ਸਪੀਕਰ (ਸਰਦਾਰ ਜੈ ਕ੍ਰਿਸ਼ਨ ਸਿੰਘ):** ਮੈਂ ਤਾਂ ਸਰਕਾਰ ਦਾ ਧੰਨਵਾਦ ਹੀ ਕਰਨਾ ਹੈ। ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦ ਕਰਦਾ ਹਾਂ ਕਿ ਆਪ ਜੀ ਨੇ ਮੈਨੂੰ ਬੋਲਣ ਦਾ ਮੌਕਾ ਦਿੱਤਾ। ਇਸ ਵਿੱਚ ਮੈਂ ਇੱਕ ਗੱਲ ਜ਼ਰੂਰ ਕਹਿਣੀ ਚਾਹੁੰਦਾ ਹਾਂ ਕਿ ਮੈਂ ਗੜ੍ਹਸ਼ੰਕਰ ਵਿਧਾਨ ਸਭਾ ਹਲਕੇ ਤੋਂ ਆਉਂਦਾ ਹਾਂ। ਗੜ੍ਹਸ਼ੰਕਰ ਵਿਖੇ ਮੋਗੋਵਾਲ ਪਿੰਡ

ਹੈ ਜਿੱਥੇ ਪੰਜਾਬ ਦੇ ਅੰਬੇਦਕਰ ਮੰਗੂਰਾਮ ਮੋਗੋਵਾਲ ਸਾਹਿਬ ਪੈਦਾ ਹੋਏ ਹਨ। ਉਹ ਆਪਣੀ ਪਾਰਟੀ ਤੋਂ ਜਿੱਥੇ ਇਲੈਕਸ਼ਨ ਲੜੇ ਉੱਥੇ ਨਾਲ ਹੀ ਉਨ੍ਹਾਂ ਦੇ ਆਪਣੇ ਵਿਧਾਇਕ ਸਾਹਿਬਾਨ ਵੀ ਉਨ੍ਹਾਂ ਨਾਲ ਚੁਣੇ ਗਏ। ਜਦੋਂ ਉਹ ਪਹਿਲੀ ਵਾਰ ਚੁਣ ਕੇ ਵਿਧਾਨ ਸਭਾ ਵਿੱਚ ਗਏ ਤਾਂ ਉਹ ਉੱਥੇ ਜਾ ਕੇ ਖੜ੍ਹੇ ਹੋ ਗਏ। ਜਦੋਂ ਉਹ ਖੜ੍ਹੇ ਹੋ ਗਏ ਤਾਂ ਸਪੀਕਰ ਸਾਹਿਬ ਨੇ ਕਿਹਾ ਕਿ ਤੁਸੀਂ ਬੈਠ ਜਾਓ। ਉਨ੍ਹਾਂ ਨੇ ਕਿਹਾ ਕਿ ਮੈਂ ਕਿੱਥੇ ਬੈਠਾਂ। ਜਦੋਂ ਉਨ੍ਹਾਂ ਨੇ ਪੁੱਛਿਆ ਕਿ ਮੈਂ ਕਿੱਥੇ ਬੈਠਾਂ ਤਾਂ ਸਪੀਕਰ ਸਾਹਿਬ ਨੇ ਕਿਹਾ ਕਿ ਕੁਰਸੀ ਹੈ ਇਸ ਤੇ ਬੈਠ ਜਾਓ। ਫਿਰ ਉਹ ਕਹਿੰਦੇ ਕਿ ਇਹ ਕੁਰਸੀ ਮੈਂ ਕਿੱਥੇ ਰੱਖਾਂ ਕਿਉਂਕਿ ਮੇਰੇ ਸਮਾਜ ਦੇ ਲੋਕਾਂ ਕੋਲ ਇੰਨੀ ਜਗ੍ਹਾ ਨਹੀਂ ਹੈ ਜਿੱਥੇ ਮੈਂ ਕੁਰਸੀ ਰੱਖ ਸਕਾਂ। ਜਿੰਨਾ ਕੁ ਮੈਂ ਸੁਣਿਆ, ਉਹ ਕਹਿੰਦੇ ਕਿ ਸਾਡੇ ਕਿਸੇ ਵੀ ਪਿੰਡ ਵਿੱਚ, ਪੂਰੇ ਪੰਜਾਬ ਵਿੱਚ, ਪੂਰੇ ਦੇਸ਼ ਵਿੱਚ ਸਾਡੇ ਸਮਾਜ ਕੋਲ ਘਰ ਨਹੀਂ ਹੈ। ਉਨ੍ਹਾਂ ਕੋਲ ਰਹਿਣ ਲਈ ਜਗ੍ਹਾ ਨਹੀਂ ਹੈ। ਉਸ ਸਮੇਂ ਉਸ ਵਿਧਾਨ ਸਭਾ ਵਿੱਚ ਲਾਲ ਡੋਰਾ,ਜਿਸ ਦੀ ਅੱਜ ਵੀ ਵਿਧਾਨ ਸਭਾ ਵਿੱਚ ਗੱਲ ਹੋ ਰਹੀ ਹੈ, ਮਾਲਕੀ ਹੱਕ ਦੀ ਗੱਲ ਚੱਲ ਰਹੀ ਹੈ, ਉਸ ਸਮੇਂ ਲਾਲ ਡੋਰਾ ਸਬੰਧੀ ਵਿਧਾਨ ਸਭਾ ਵਿੱਚ ਗੱਲ ਕਹੀ ਗਈ ਕਿ ਜਿੱਥੇ ਜਿੱਥੇ ਲੋਕ ਬੈਠੇ ਹਨ, ਉਹੀ ਉਨ੍ਹਾਂ ਦੀ ਮਾਲਕੀ ਹੈ। ਇਹ ਗੱਲ ਆਜ਼ਾਦੀ ਤੋਂ ਪਹਿਲਾਂ ਦੀ ਹੈ। ਦੇਸ਼ ਵੀ ਆਜ਼ਾਦ ਹੋ ਗਿਆ। ਕਈ ਸਰਕਾਰਾਂ ਆਈਆਂ ਅਤੇ ਕਈ ਸਰਕਾਰਾਂ ਗਈਆਂ ਪਰ ਜੇਕਰ ਬਾਬੂ ਮੰਗੂਰਾਮ ਮੋਗੋਵਾਲ ਸਾਹਿਬ ਦਾ ਫੈਸਲਾ, ਜੇਕਰ ਅੰਬੇਦਕਰ ਸਾਹਿਬ ਦੀ ਕਹੀ ਹੋਈ ਗੱਲ ਅਤੇ ਜੇਕਰ ਅੱਜ ਉਨ੍ਹਾਂ ਲਾਲ ਡੋਰਿਆਂ ਨੂੰ ਮਕਾਨ ਦੀ ਮਾਲਕੀ ਦਾ ਹੱਕ ਦਿੱਤਾ ਹੈ, ਜੇਕਰ ਰਜਿਸਟਰੀ ਉਨ੍ਹਾਂ ਦੇ ਹੱਥ ਵਿੱਚ ਆਈ ਹੈ, ਜੇਕਰ ਕੋਈ ਸਰਕਾਰੀ ਡਾਕੂਮੈਂਟ ਉਨ੍ਹਾਂ ਦੇ ਹੱਥ ਵਿੱਚ ਆਇਆ ਹੈ ਤਾਂ ਆਜ਼ਾਦੀ ਤੋਂ ਬਾਅਦ ਅੱਜ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਇਹ ਕੰਮ ਕੀਤਾ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਅੱਜ ਪੰਜਾਬ ਦੇ ਲੋਕ ਇਸ ਗੱਲ ਲਈ ਉਨ੍ਹਾਂ ਦਾ ਧੰਨਵਾਦ ਵੀ ਕਰਦੇ ਹਨ ਕਿ ਆਜ਼ਾਦੀ ਤੋਂ ਬਾਅਦ ਜਿੰਨੀਆਂ ਵੀ ਸਰਕਾਰਾਂ ਆਈਆਂ, ਕਿਸੇ ਵੀ ਸਰਕਾਰ ਨੇ ਇਸ ਮੁੱਦੇ ਵੱਲ ਕੰਮ ਕਰਨਾ ਤਾਂ ਦੂਰ ਦੀ ਗੱਲ ਕਿਸੇ ਨੇ ਉਂਨ੍ਹਾਂ ਗਰੀਬਾਂ ਬਾਰੇ ਸੋਚਿਆ ਵੀ ਨਹੀਂ ਪਰ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੇ ਇਹ ਕੰਮ ਸੋਚਿਆ ਹੀ ਨਹੀਂ ਬਲਕਿ ਕਰਕੇ ਵੀ ਦਿਖਾਇਆ ਹੈ। ਇਸ ਗੱਲ ਲਈ ਮੈਂ ਪੰਜਾਬ ਸਰਕਾਰ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਧੰਨਵਾਦ ਜੀ।

**1130/Gurpreet kaur/BS khokhar**

**1135/Rajneet Kaur**

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ :** ਮੈਂ ਵੇਖ ਰਿਹਾ ਹਾਂ ਕਿ ਮੈਨੂੰ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹਾਉਣ ਵਾਲੇ ਮੇਰੇ ਭਰਾ ਸਾਡੇ ਕੋਟਕਪੂਰੇ ਤੋਂ, ਫਰੀਦਕੋਟ ਤੋਂ, ਆਸੇ ਪਾਸੇ ਦੇ ਕਸਬਿਆਂ ਤੋਂ, ਪਿੰਡਾਂ ਤੋਂ ਅੱਜ ਇਸ ਅਜ਼ੀਮ ਸਦਨ ਦੀ ਕਾਰਵਾਈ ਵੇਖਣ ਲਈ ਪਧਾਰੇ ਹੋਏ ਹਨ, ਮੈਂ ਬੇਨਤੀ ਕਰਦਾ ਹਾਂ ਕਿ ਆਪਾਂ ਸਾਰੇ ਉਨ੍ਹਾਂ ਨੂੰ ਜੀ ਆਇਆਂ ਕਹੀਏ। (ਥੰਪਿੰਗ) ਬਹੁਤ ਬਹੁਤ ਧੰਨਵਾਦ।

----

**MATTERS RAISED DURING ZERO HOUR AND STATMENTS MADE BY THE MINISTERS THEREON** ***(Resumption)***

**ਡਾਕਟਰ ਵਿਜੈ ਸਿੰਗਲਾ (ਮਾਨਸਾ)** :ਧੰਨਵਾਦ, ਮਾਣਯੋਗ ਸਪੀਕਰ ਸਾਹਿਬ। ਮੈਂ ਤੁਹਾਡੇ ਰਾਹੀਂ ਪੰਜਾਬ ਸਰਕਾਰ, ਪੀ.ਡਬਲਿਊ.ਡੀ. ਮਨਿਸਟਰ ਸਾਹਿਬ ਦੇ ਧਿਆਨ ਵਿੱਚ ਲਿਆਉਣਾ ਚਾਹੁੰਦਾ ਹਾਂ ਕਿ ਜੋ ਬਠਿੰਡੇ ਤੋਂ ਵਾਇਆ ਮਾਨਸਾ, ਸੁਨਾਮ, ਭਵਾਨੀਗੜ੍ਹ ਤੱਕ ਰੋਡ ਆਉਂਦੀ ਹੈ, ਇਹ ਸਿੰਗਲ ਰੋਡ ਹੈ। ਇਸ ਸੜਕ ਤੇ ਬਹੁਤ ਜ਼ਿਆਦਾ ਟ੍ਰੈਫਿਕ ਹੈ। Even ਕਿ ਜੋ ਸੜਕ ਸਰਦੂਲਗੜ੍ਹ, ਮਾਨਸਾ, ਬਰਨਾਲਾ, ਲੁਧਿਆਣਾ ਜਾਂਦੀ ਹੈ, ਇਹ ਵੀ ਸਿੰਗਲ ਰੋਡ ਹੈ। ਇਸ ਤੇ ਬਹੁਤ ਜ਼ਿਆਦਾ ਟ੍ਰੈਫਿਕ ਰਹਿੰਦਾ ਹੈ। ਜਿਸ ਕਰਕੇ ਬਹੁਤ ਸਾਰੀਆਂ ਦੁਰਘਟਨਾਵਾਂ ਹੁੰਦੀਆਂ ਹਨ ਅਤੇ ਬਹੁਤ ਸਾਰੀਆਂ ਪ੍ਰਾਬਲਮਜ਼ ਆਉਂਦੀਆਂ ਹਨ। ਇਸ ਨੂੰ ਫੋਰ ਲੇਨ ਕੀਤਾ ਜਾਵੇ।

ਇਸ ਤੋਂ ਇਲਾਵਾ ਜਿਹੜਾ ਸਾਡੇ ਮਾਨਸਾ ਵਿੱਚ ਖਿਆਲਾ ਕਲਾਂ ਵਿਖੇ ਸੀ.ਐਚ.ਸੀ. ਹੈ, ਇਹ 9 ਏਕੜ ਵਿੱਚ ਹੈ,ਇਹ ਬਹੁਤ ਖੁੱਲ੍ਹੀ ਜਗ੍ਹਾ ਹੈ। ਅਸੀਂ ਚਾਹੁੰਦੇ ਹਾਂ ਕਿ ਉੱਥੇ ਟਰੌਮਾ ਸੈਂਟਰ ਬਣਾਇਆ ਜਾਵੇ ਤਾਂ ਜੋ ਜਿਹੜੇ ਐਕਸੀਡੈਂਟਸ ਹੁੰਦੇ ਹਨ ਉਨ੍ਹਾਂ ਕੇਸਾਂ ਵਿੱਚ ਮਦਦ ਮਿਲ ਸਕੇ। ਜਿਹੜਾ ਸਾਡਾ ਸਿਵਲ ਹਸਪਤਾਲ ਮਾਨਸਾ ਹੈ, ਇਹ ਅੰਦਰ ਵੱਲ ਹੈ, ਉੱਥੇ ਬਹੁਤ ਜ਼ਿਆਦਾ ਟ੍ਰੈਫਿਕ ਹੈ। ਐਮਰਜੰਸੀ ਵਿੱਚ ਸਾਨੂੰ ਮਰੀਜ਼ ਨੂੰ ਪਟਿਆਲਾ ਲੈ ਕੇ ਜਾਣਾ ਪੈਂਦਾ ਹੈ, ਬਠਿੰਡਾ ਬਹੁਤ ਦੂਰ ਹੈ। ਸੋ, ਇੱਥੇ ਟਰੌਮਾ ਸੈਂਟਰ ਬਣਾਇਆ ਜਾਵੇ ਤਾਂ ਜੋ ਇਸ ਤਰ੍ਹਾਂ ਦੇ ਜਿਹੜੇ ਮਰੀਜ਼ ਹਨ, ਜਿਹੜੀਆਂ ਦੁਰਘਟਨਾਵਾਂ ਦੇ ਮਰੀਜ਼ ਹਨ, ਉਨ੍ਹਾਂ ਨੂੰ ਬਚਾਇਆ ਜਾ ਸਕੇ। ਸੋ ਉੱਥੇ ਵਧੀਆ ਹਸਪਤਾਲ ਖੋਲ੍ਹਿਆ ਜਾਵੇ।

**ਮਾਣਯੋਗ ਸਪੀਕਰ** :ਥੈਂਕ ਯੂ। ਵੈਸੇ ਜਿਹੜੀ ਸੜਕਾਂ ਵਾਲੀ ਗੱਲ ਹੈ,ਮੈਂ ਪੰਜਾਬ ਵਿੱਚ ਹੋਰ ਵੀ ਬੜੀ ਜਗ੍ਹਾ ਤੇ ਜਾਂਦਾ ਹਾਂ, ਸੜਕਾਂ ਦਾ ਤਾਂ ਆਨੰਦ ਹੀ ਆ ਗਿਆ ਹੈ। ਮੇਰੇ ਹਲਕੇ ਦੇ ਤਾਂ ਲੋਕ ਕਹਿੰਦੇ ਹਨ ਕਿ ਪਿੰਡਾਂ ਦੀਆਂ ਸੜਕਾਂ ਵੀ ਫੋਰ ਲੇਨ ਵਰਗੀਆਂ ਹੀ ਬਣਾ ਦਿੱਤੀਆਂ ਹਨ। ਸੋ, ਬਹੁਤ ਵਧੀਆ ਲੱਗਿਆ, ਬਹੁਤ ਆਨੰਦ ਆਇਆ। ਸੋ, ਇਸ ਗੱਲ ਲਈ ਸਰਕਾਰ ਦਾ ਬਹੁਤ ਬਹੁਤ ਧੰਨਵਾਦ।

***11.37 ਵਜੇ ਪੂਰਵ ਦੁਪਹਿਰ (ਇਸ *ਸਮੇਂ ਮਾਣਯੋਗ ਡਿਪਟੀ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)**

**ਮਾਣਯੋਗ ਡਿਪਟੀ ਸਪੀਕਰ** : ਸਰਦਾਰ ਮਨਜੀਤ ਸਿੰਘ ਬਿਲਾਸਪੁਰ ਜੀ।

**ਸਰਦਾਰ ਮਨਜੀਤ ਸਿੰਘ ਬਿਲਾਸਪੁਰ (ਨਿਹਾਲ ਸਿੰਘ ਵਾਲਾ, ਐਸ.ਸੀ.)** : ਮਾਣਯੋਗ ਡਿਪਟੀ ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਸਭ ਤੋਂ ਪਹਿਲਾਂ ਸਾਡੇ ਬਹੁਤ ਹੀ ਸਤਿਕਾਰਯੋਗ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਬਹੁਤ ਬਹੁਤ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੇਰੇ ਹਲਕੇ ਦੀਆਂ ਬਹੁਤ ਸਾਰੀਆਂ ਸੜਕਾਂ ਜਿਹੜੀਆਂ ਕਿ ਬੜੀਆਂ ਖਰਾਬ ਸਨ, ਉਹ ਬਹੁਤ ਹੀ ਸ਼ਾਨਦਾਰ ਬਣਾ ਦਿੱਤੀਆਂ ਹਨ। ਕੱਚੇ ਰਸਤੇ ਵੀ ਪੱਕੇ ਕਰ ਦਿੱਤੇ ਹਨ ਪਰ ਥੋੜ੍ਹੀ ਜਿਹੀ ਕਮੀ ਰਹਿ ਗਈ ਹੈ, ਜਿਸ ਵਿੱਚ ਪਿੰਡ ਰਣੀਆਂ ਤੋਂ ਕੋਠੇ ਰਾਜੂ ਵਾਲਾ ਦੀ ਅੱਧੀ ਸੜਕ ਬਣ ਗਈ ਹੈ ਅਤੇ ਅੱਧੀ ਸੜਕ

ਰਹਿੰਦੀ ਹੈ। ਪਿੰਡ ਬਹੋਨਾ ਤੋਂ ਪਿੰਡ ਰਾਮੂਵਾਲਾ ਨਵਾਂ ਅਤੇ ਕਸਬਾ ਅਜੀਤ ਵਾਲਾ ਦੇ ਫਾਟਕਾਂ ਤੋਂ ਪਿੰਡ ਚੂਹੜ ਚੱਕ ਤੇ ਵੀ ਕਾਰਵਾਈ ਕੀਤੀ ਜਾਵੇ। ਇਸ ਸਬੰਧੀ ਸਬੰਧਿਤ ਅਧਿਕਾਰੀਆਂ ਨਾਲ ਗੱਲ ਕੀਤੀ ਹੈ ਪਰ ਗੱਲ ਪੂਰੀ ਸੁਣੀ ਨਹੀਂ ਜਾ ਰਹੀ। ਤੁਹਾਡਾ ਬਹੁਤ ਬਹੁਤ ਧੰਨਵਾਦ।

**ਮਾਣਯੋਗ ਡਿਪਟੀ ਸਪੀਕਰ** :ਧਿਆਨ ਦਿਵਾਊ ਨੋਟਿਸ।

(ਇਸ ਸਮੇਂ ਬਹੁਜਨ ਸਮਾਜ ਪਾਰਟੀ ਦੇ ਮੈਂਬਰ, ਡਾਕਟਰ ਨਛੱਤਰ ਪਾਲ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਣਯੋਗ ਡਿਪਟੀ ਸਪੀਕਰ** :ਹਾਂ ਜੀ, ਡਾਕਟਰ ਨਛੱਤਰ ਪਾਲ।

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ)** :ਧੰਨਵਾਦ, ਮਾਣਯੋਗ ਡਿਪਟੀ ਸਪੀਕਰ ਸਾਹਿਬ। ਦਾ ਨਵਾਂਸ਼ਹਿਰ ਕੋਆਪਰੇਟਿਵ ਸ਼ੂਗਰ ਮਿੱਲ ਲਿਮਟਿਡ ਨਵਾਂਸ਼ਹਿਰ ਦਾ ਕੋ ਜੈਨੇਰੇਸ਼ਨ ਪਲਾਂਟ ਸਾਲ 2017 ਵਿੱਚ ਕਿਸੇ ਵਿਅਕਤੀ ਵਿਸ਼ੇਸ਼ ਨੂੰ ਲਾਭ ਦੇਣ ਲਈ ਐਨ.ਪੀ.ਐਲ. ਕੰਪਨੀ ਨੂੰ ਠੇਕੇ ਤੇ ਦਿੱਤਾ ਸੀ। ਉਸ ਨੇ ਮਿੱਲ ਦੀ ਜ਼ਮੀਨ ਤੇ ਹੀ ਲੋਨ ਲੈ ਲਿਆ। ਇਸ ਤੇ ਪੀ.ਐਸ.ਪੀ.ਸੀ.ਐਲ. ਨਾਲ ਬਿਜਲੀ ਦੇ ਲੈਣ ਦੇਣ ਦਾ ਲਿਖਤੀ ਐਗਰੀਮੈਂਟ ਹੋਇਆ। ਪੀ.ਐਸ.ਪੀ.ਸੀ.ਐਲ. ਦਾ ਬਕਾਇਆ ਨਾ ਦੇਣ ਕਾਰਨ ਕੇਸ ਰੈਗੂਲੇਟਰੀ ਕਮਿਸ਼ਨ ਔਰ ਕੋਰਟ ਵਿੱਚ ਚਲਾ ਗਿਆ। ਜਿਸ ਕਾਰਨ ਬਿਜਲੀ ਲੈਣ ਦੇਣ ਦਾ ਕੁਨੈਕਸ਼ਨ ਬੰਦ ਹੋ ਗਿਆ। ਦਾ ਨਵਾਂਸ਼ਹਿਰ ਸ਼ੂਗਰ ਮਿੱਲ ਦੇ ਨਾਲ ਲਗਭਗ 2600 ਗੰਨਾ ਕਿਸਾਨਾਂ ਦੇ ਨਾਲ ਨਾਲ ਹਜ਼ਾਰਾਂ ਲੋਕਾਂ ਦਾ ਭਵਿੱਖ ਜੁੜਿਆ ਹੋਇਆ ਹੈ। 32 ਲੱਖ ਕੁਇੰਟਲ ਗੰਨੇ ਦਾ ਬੌਂਡ ਹੈ। ਪਿਛਲੇ ਸਾਲ ਵੀ ਗੰਨੇ ਦੀ ਪਿੜਾਈ ਦੇ ਸੀਜ਼ਨ ਦੇ ਦਿਨ ਘਟਣ ਕਾਰਨ ਕਿਸਾਨਾਂ ਨੂੰ ਆਪਣਾ ਗੰਨਾ ਬਾਹਰ ਦੀਆਂ ਮਿੱਲਾਂ ਵਿੱਚ ਲਿਜਾਣਾ ਪਿਆ ਸੀ। ਹੁਣ ਸਤਲੁਜ ਦਰਿਆ ਦਾ ਪੁਲ ਬੰਦ ਹੋਣ ਕਾਰਨ ਗੰਨਾ ਅਮਲੋਹ, ਧੂਰੀ, ਬੁੱਢੇਵਾਲ ਵੀ ਨਹੀਂ ਜਾ ਸਕਦਾ। ਜੇ ਸਾਨੂੰ ਬਿਜਲੀ ਲੈਣ ਦੇਣ ਦਾ ਕੁਨੈਕਸ਼ਨ ਮਿਲ ਜਾਵੇ ਤਾਂ ਅਸੀਂ 32 ਲੱਖ ਕੁਇੰਟਲ ਗੰਨਾ 130 ਦਿਨਾਂ ਦੇ ਅੰਦਰ ਪੀੜ ਸਕਾਂਗੇ ਨਹੀਂ ਤਾਂ 20 ਲੱਖ ਕੁਇੰਟਲ ਗੰਨਾ 110 ਦਿਨ ਹੀ ਚੱਲੇਗਾ। ਉਸ ਲਈ ਫਿਊਲ ਦੀ ਲਾਗਤ ਸੇਮ ਹੀ ਰਹੇਗੀ। ਔਸਤਨ ਪਿੜਾਈ ਪ੍ਰਤੀ ਦਿਨ 23000 ਕੁਇੰਟਲ ਰਹੇਗੀ ਨਹੀਂ ਤਾਂ 20,000 ਕੁਇੰਟਲ ਹੀ ਰਹਿ ਜਾਵੇਗੀ। 3000 ਕੁਇੰਟਲ ਗੰਨਾ ਘੱਟ ਪੀੜਿਆ ਜਾਵੇਗਾ। ਖੰਡ ਦਾ ਉਤਪਾਦਨ 2 ਲੱਖ 72 ਹਜ਼ਾਰ ਕੁਇੰਟਲ ਹੋਵੇਗਾ ਨਹੀਂ ਤਾਂ ਡੇਢ ਲੱਖ ਤੇ ਹੀ ਰਹਿ ਜਾਵੇਗੀ। ਸੀਰਾ, 1 ਲੱਖ 44 ਹਜ਼ਾਰ ਕੁਇੰਟਲ ਨਿਕਲੇਗਾ ਨਹੀਂ ਤਾਂ 90,000 ਕੁਇੰਟਲ ਤੇ ਰਹਿ ਜਾਵੇਗਾ। ਇਸ ਦੇ ਨਾਲ ਪੀ.ਐਸ.ਪੀ.ਸੀ.ਐਲ ਨੂੰ ਲਗਭਗ ਸਾਢੇ 7 ਕਰੋੜ ਰੁਪਏ ਦੀ ਬਿਜਲੀ ਦੀ ਸਪਲਾਈ ਦੇ ਸਕਦੇ ਹਾਂ ਉਸ ਵਿੱਚੋਂ ਉਹ ਆਪਣਾ ਬਕਾਇਆ ਵੀ ਕੱਟ ਸਕਦਾ ਹੈ।

**1135/Rajneet Kaur/BS khokhar**

**1140/Kuldeep kaur**

ਮਾਣਯੋਗ ਡਿਪਟੀ ਸਪੀਕਰ ਸਾਹਿਬ, 12 ਲੱਖ ਗੰਨੇ ਦੀ ਵਾਧੂ ਪਿੜਾਈ ਦੇ ਨਾਲ ਲਗਭਗ 42 ਕਰੋੜ ਰੁਪਿਆ ਗਰੀਬ ਕਿਸਾਨਾਂ ਨੂੰ ਜਾਵੇਗਾ, ਜਿਸ ਨਾਲ ਨਵਾਂ ਸ਼ਹਿਰ, ਸ਼ੂਗਰਮਿੱਲ ਨੂੰ ਲਗਭਗ 23 ਕਰੋੜ ਰੁਪਏ ਪ੍ਰਾਪਤ ਹੋਣਗੇ। ਮੇਰੀ

ਤੁਹਾਡੇ ਰਾਹੀਂ ਬੇਨਤੀ ਹੈ ਕਿਉਂਕਿ ਤੁਹਾਡਾ ਗੜ੍ਹਸ਼ੰਕਰ ਇਲਾਕੇ ਦੇ ਕਿਸਾਨ ਵੀ ਉਸ ਮਿੱਲ ਵਿੱਚ ਜਾਂਦੇ ਹਨ। ਮੇਰੀ ਅਪੀਲ ਹੈ ਕਿ ਆਪਾਂ ਮਾਣਯੋਗ ਮੰਤਰੀ ਸਾਹਿਬ, ਸ਼ੂਗਰਫੈੱਡ ਔਰ ਪੀ.ਐਸ.ਪੀ.ਸੀ.ਐਲ. ਦੇ ਵੱਡੇ ਅਧਿਕਾਰੀਆਂ ਨੂੰ ਬੁਲਾ ਕੇ ਇਸ ਮਸਲੇ ਦਾ ਜਲਦ ਤੋਂ ਜਲਦ ਹੱਲ ਕੀਤਾ ਜਾਵੇ ਤਾਂ ਜੋ ਗੰਨਾ ਕਿਸਾਨਾਂ ਨੂੰ ਅਤੇ ਸ਼ੂਗਰਮਿੱਲ ਨਵਾਂ ਸ਼ਹਿਰ ਨੂੰ ਬਚਾਇਆ ਜਾ ਸਕੇ। ਮੈਂ ਤੁਹਾਡਾ ਤਹਿ ਦਿਲੋਂ ਬਹੁਤ ਬਹੁਤ ਧੰਨਵਾਦ ਕਰਦਾ ਹਾਂ। ਮੇਰੀ ਬੇਨਤੀ ਹੈ ਕਿ ਇਸ ਮਾਮਲੇ ਨੂੰ ਜਲਦ ਤੋਂ ਜਲਦ ਹੱਲ ਕਰਵਾਇਆ ਜਾਵੇ। ਬਹੁਤ ਬਹੁਤ ਮਿਹਰਬਾਨੀ, ਜੈ ਭੀਮ, ਜੈ ਭਾਰਤ।

**ਮਾਣਯੋਗ ਡਿਪਟੀ ਸਪੀਕਰ**: ਬਹੁਤ ਧੰਨਵਾਦ ਜੀ। ਡਾਕਟਰ ਸੁਖਵਿੰਦਰ ਕੁਮਾਰ ਸੁੱਖੀ ਜੀ।

**ਡਾਕਟਰ ਸੁਖਵਿੰਦਰ ਕੁਮਾਰ ਸੁੱਖੀ (ਬੰਗਾ, ਐਸ.ਸੀ.)**: ਸਰ, ਜਿਹੜੀ ਡਾਕਟਰ ਨਛੱਤਰ ਪਾਲ ਜੀ ਨੇ ਸ਼ੂਗਰਮਿੱਲ ਨਵਾਂ ਸ਼ਹਿਰ ਦੀ ਗੱਲ ਕੀਤੀ ਹੈ, ਇਹ ਇਕੱਲੇ ਨਵਾਂ ਸ਼ਹਿਰ ਦੀ ਪ੍ਰਾਬਲਮ ਨਹੀਂ ਹੈ। ਬੰਗਾ, ਗੜ੍ਹਸ਼ੰਕਰ ਅਤੇ ਬਲਾਚੌਰ ਹਲਕੇ ਦੇ ਕਿਸਾਨ ਉੱਥੇ ਆਪਣਾ ਗੰਨਾ ਲੈ ਕੇ ਆਉਂਦੇ ਹਨ। ਇਹ ਇਨ੍ਹਾਂ ਸਾਰੇ ਕਿਸਾਨਾਂ ਦੀ ਪ੍ਰਾਬਲਮ ਹੈ। ਪਿਛਲੀ ਸਰਕਾਰ ਵਿੱਚ ਕੰਪਨੀ ਨੇ ਲੋਨ ਆਪਣੇ ਨਾਂ ਤੇ ਲੈਣਾ ਸੀ ਪਰ ਉੱਥੇ ਦੀ ਜ਼ਮੀਨ ਗਿਰਵੀ ਰੱਖ ਕੇ ਲੋਨ ਲੈ ਲਿਆ ਗਿਆ ਸੀ। ਉਸ ਵਿੱਚ ਦੋ ਪ੍ਰਾਬਲਮਾਂ ਹਨ। ਇੱਕ ਤਾਂ ਉਨ੍ਹਾਂ ਦਾ ਕੁਨੈਕਸ਼ਨ ਪੱਕਾ ਕਰਵਾਇਆ ਜਾਵੇ। ਉਹ ਜਿਹੜੀ ਬਿਜਲੀ ਸਰਕਾਰ ਨੂੰ ਦਿੰਦੇ ਹਨ, ਉਹ ਪਹਿਲਾਂ ਸਾਢੇ ਸੱਤ-ਅੱਠ ਰੁਪਏ ਪ੍ਰਤੀ ਯੂਨਿਟ ਦੇ ਹਿਸਾਬ ਨਾਲ ਹੁੰਦੀ ਸੀ ਪਰ ਹੁਣ ਉਹ ਤਿੰਨ, ਸਾਢੇ ਤਿੰਨ ਰੁਪਏ ਪ੍ਰਤੀ ਯੂਨਿਟ ਤੇ ਆ ਗਈ ਹੈ। ਉਸ ਦਾ ਰੇਟ ਵੀ ਪਹਿਲਾਂ ਜਿੰਨਾ ਹੀ ਕਰਵਾਇਆ ਜਾਵੇ। ਮੈਂ ਸਮਝਦਾ ਹਾਂ ਕਿ ਇਹ ਪੱਕਾ ਕੁਨੈਕਸ਼ਨ ਕਰਵਾਉਣ ਨਾਲ ਕਿਸਾਨਾਂ ਦਾ ਬਹੁਤ ਵੱਡਾ ਫਾਇਦਾ ਹੋਵੇਗਾ। ਧੰਨਵਾਦ ਜੀ।

--------

## CALL ATTENTION NOTICES UNDER RULE 66

**ਮਾਣਯੋਗ ਡਿਪਟੀ ਸਪੀਕਰ**: ਧਿਆਨ ਦਿਵਾਊ ਨੋਟਿਸ। ਸ਼੍ਰੀ ਰਜਨੀਸ਼ ਕੁਮਾਰ ਦਹੀਯਾ ਜੀ।

(ਇਸ ਸਮੇਂ ਸਬੰਧਤ ਮਾਣਯੋਗ ਮੈਂਬਰ ਸਦਨ ਵਿਚ ਹਾਜ਼ਰ ਨਹੀਂ ਸਨ। )

**ਮਾਣਯੋਗ ਡਿਪਟੀ ਸਪੀਕਰ**: ਅਗਲਾ ਧਿਆਨ ਦਿਵਾਊ ਨੋਟਿਸ। ਸ਼੍ਰੀ ਜਗਦੀਪ ਕੰਬੋਜ ਗੋਲਡੀ ਜੀ।

**(ਕ੍ਰਮ ਨੰ: 38)**

**ਸ਼੍ਰੀ ਜਗਦੀਪ ਕੰਬੋਜ ਗੋਲਡੀ**: ਸ਼੍ਰੀਮਾਨ ਜੀ, ਮੈਂ ਸਰਕਾਰ ਦਾ ਧਿਆਨ ਲੋਕ ਮਹੱਤਤਾ ਦੇ ਅਤਿ ਜ਼ਰੂਰੀ ਮਾਮਲੇ ਅਰਥਾਤ ਲੋਕ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਫਿਰੋਜ਼ਪੁਰ ਤੋਂ ਜਲਾਲਾਬਾਦ ਫਾਜ਼ਿਲਕਾ ਰੋਡ ਜੋ ਕੀ ਸਿਰਫ ਸਰਕਾਰੀ ਬੱਸ ਸਰਵਿਸ ਹੀ ਚਲਦੀ ਹੈ ਅਤੇ ਸਟੇਟ ਰੋਡ ਹੈ, ਵੱਲ ਦਿਵਾਉਣਾ ਚਾਹੁੰਦਾ ਹਾਂ। ਪ੍ਰਾਈਵੇਟ ਸਰਵਿਸ ਨਾ ਹੋਣ ਕਰਕੇ ਲੋਕਾਂ ਵਿੱਚ ਹਾਹਾਕਾਰ ਹੈ। ਜ਼ਿਆਦਾਤਰ ਲੋਕ ਆਪਣੇ ਛੋਟੇ ਵਹੀਕਲ ਤੇ ਆਉਂਦੇ ਜਾਂਦੇ ਹਨ ਤੇ ਕਈ ਵਾਰ ਐਕਸੀਡੈਂਟ ਹੋਣ

ਕਰਕੇ ਜਾਨੀ ਤੇ ਮਾਲੀ ਨੁਕਸਾਨ ਵੀ ਹੋਇਆ ਹੈ। ਸੋ, ਮੈਂ ਪੁਰਜ਼ੋਰ ਸਿਫਾਰਿਸ਼ ਕਰਦਾ ਹਾਂ ਕਿ ਇਸ ਰੋਡ ਤੇ ਜ਼ਿਆਦਾ ਤੋਂ ਜ਼ਿਆਦਾ ਸਰਕਾਰੀ ਸਰਵਿਸ ਦਿੱਤੀ ਜਾਵੇ ਜਾਂ ਪ੍ਰਾਈਵੇਟ ਸਰਵਿਸ ਨੂੰ ਰੂਟ ਦੇਣ ਦੀ ਕਿਰਪਾਲਤਾ ਕੀਤੀ ਜਾਵੇ।

ਇੱਥੇ ਟੋਟਲ 107 ਬੱਸਾਂ ਚੱਲ ਰਹੀਆਂ ਹਨ ਅਤੇ 175 ਬੱਸਾਂ ਦੀ ਜ਼ਰੂਰਤ ਹੈ। ਮੈਂ ਤੁਹਾਡੇ ਮਾਧਿਅਮ ਰਾਹੀਂ ਮਾਣਯੋਗ ਟਰਾਂਸਪੋਰਟ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਸਾਹਿਬ ਜੀ ਨੂੰ ਬੇਨਤੀ ਕਰਦਾ ਹਾਂ ਕਿ ਬਾਕੀ ਦੀਆਂ ਬੱਸਾਂ ਜਲਦੀ ਚਲਾ ਦੇਣ ਕਿਉਂਕਿ ਉੱਥੇ ਸਵਾਰੀਆਂ ਨੂੰ ਬੜੀ ਦਿੱਕਤ ਆਉਂਦੀ ਹੈ। ਬੱਸ ਨੂੰ ਬੱਸ ਸਟੈਂਡ ਤੋਂ 200 ਮੀਟਰ ਪਿੱਛੇ ਰੋਕਦੇ ਹਨ ਅਤੇ ਲੋਕ ਭੱਜ ਕੇ ਬੱਸ ਚੜ੍ਹਦੇ ਹਨ। ਪ੍ਰਾਈਵੇਟ ਬੱਸਾਂ ਉੱਥੇ ਨਹੀਂ ਹਨ ਅਤੇ ਤੁਹਾਨੂੰ ਸਰਕਾਰੀ ਬੱਸਾਂ ਦੇ ਹਾਲਾਤਾਂ ਬਾਰੇ ਪਤਾ ਹੀ ਹੈ। ਸੋ, ਮੇਰੀ ਤੁਹਾਡੇ ਮਾਧਿਅਮ ਰਾਹੀਂ ਚੀਮਾ ਸਾਹਿਬ ਨੂੰ ਬੇਨਤੀ ਹੈ ਕਿ ਜਲਦੀ ਤੋਂ ਜਲਦੀ ਬੱਸਾਂ ਨਵੀਆਂ ਪ੍ਰੋਵਾਈਡ ਕਰਵਾ ਦੇਣ ਤਾਂ ਕਿ ਜਿਹੜੇ ਗਰੀਬ ਤਬਕੇ ਦੇ ਪਿੰਡਾਂ ਦੇ ਲੋਕ ਹਨ, ਜਿਨ੍ਹਾਂ ਨੇ ਬੱਸ ਤੇ ਸਫਰ ਕਰਨਾ ਹੈ, ਉਨ੍ਹਾਂ ਨੂੰ ਸੁਖਾਵਾਂ ਹੋ ਸਕੇ।

ਮਾਮਲੇ ਦੀ ਪ੍ਰਤੱਖ ਅਤੇ ਅਤਿਅੰਤ ਮਹੱਤਤਾ ਦੇ ਮੱਦੇਨਜ਼ਰ ਸਬੰਧਿਤ ਮੰਤਰੀ ਜੀ ਸਦਨ ਵਿੱਚ ਬਿਆਨ ਦੇਣ ਦੀ ਕਿਰਪਾਲਤਾ ਕਰਨ।

**ਟਰਾਂਸਪੋਰਟ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਧੰਨਵਾਦ ਜੀ। ਸਰ, ਜਿਹੜਾ ਫਿਰੋਜ਼ਪੁਰ-ਜਲਾਲਾਬਾਦ-ਫਾਜ਼ਿਲਕਾ ਰੂਟ ਹੈ, ਇਹ ਮਨੋਪਲੀ ਰੂਟ ਹੈ। ਇਸ ਉੱਤੇ 52 ਬੱਸਾਂ ਇਸ ਸਮੇਂ ਚੱਲ ਰਹੀਆਂ ਹਨ ਅਤੇ ਇੱਥੇ 10-10 ਮਿੰਟਾਂ ਬਾਅਦ ਬੱਸਾਂ ਆਉਂਦੀਆਂ ਹਨ। ਪਹਿਲੀ ਬੱਸ, ਫਿਰੋਜ਼ਪੁਰ ਤੋਂ ਫਾਜ਼ਿਲਕਾ ਦਾ ਪਹਿਲਾ ਟਾਈਮ 5:50 ਵਜੇ ਹੈ, ਫਾਜ਼ਿਲਕਾ ਤੋਂ ਫਿਰੋਜ਼ਪੁਰ ਦਾ ਆਖਰੀ ਸਮਾਂ 7:40 ਵਜੇ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਹਾਊਸ ਦੇ ਸਾਰੇ ਮੈਂਬਰ ਸਾਹਿਬਾਨ ਨੂੰ ਦੱਸਣਾ ਚਾਹੁੰਦਾ ਹਾਂ ਕਿ ਲਗਭਗ 100 ਦੇ ਕਰੀਬ ਮਿੰਨੀ ਬੱਸਾਂ ਪਹੁੰਚ ਚੁੱਕੀਆਂ ਹਨ। ਉਨ੍ਹਾਂ ਦੀ ਪਹਿਲੀ ਫਲੀਟ 55 ਬੱਸਾਂ ਆ ਗਈਆਂ ਹਨ ਅਤੇ ਉਹ ਅਸੀਂ ਇੱਕ ਦੋ ਦਿਨਾਂ ਵਿੱਚ ਚਾਲੂ ਕਰ ਦੇਵਾਂਗੇ। 45 ਬੱਸਾਂ ਪੰਜ ਸੱਤ ਦਿਨਾਂ ਵਿੱਚ ਆ ਜਾਣਗੀਆਂ। ਇਸ ਤੋਂ ਬਿਨਾਂ 900 ਵੱਡੀਆਂ ਬੱਸਾਂ ਦੀ ਆਮਦ ਅਗਲੇ ਮਹੀਨੇ ਦੇ ਪਹਿਲੇ ਹਫਤੇ ਸਟਾਰਟ ਹੋ ਜਾਵੇਗੀ ਅਤੇ ਇੱਕ ਮਹੀਨੇ ਵਿੱਚ ਯਾਨੀ ਕਿ ਦਸੰਬਰ ਤੱਕ ਸਾਰੀਆਂ ਬੱਸਾਂ ਪੰਜਾਬ ਦੀਆਂ ਸੜਕਾਂ ਤੇ ਦੌੜਣਗੀਆਂ ਔਰ ਉਸ ਤੋਂ ਬਾਅਦ ਬੱਸਾਂ ਦੀ ਕੋਈ ਕਮੀ ਨਹੀਂ ਰਹੇਗੀ। ਸੋ, 100 ਬੱਸਾਂ ਲਗਭਗ ਆ ਚੁੱਕੀਆਂ ਹਨ ਔਰ 900 ਬੱਸਾਂ ਅਗਲੇ ਮਹੀਨੇ ਵਿੱਚ ਆਉਣਗੀਆਂ। ਸੋ, ਜਿੰਨੇ ਵੀ ਮੈਂਬਰ ਸਾਹਿਬਾਨ ਕਹਿਣਗੇ ਉਨੀਆਂ ਬੱਸਾਂ ਹੋਰ ਚਲਾ ਦੇਵਾਂਗੇ। ਹੁਣ ਵੀ ਇਨ੍ਹਾਂ ਦੇ ਰੂਟ ਦੇ ਉੱਤੇ ਬਹੁਤ ਸਾਰੀਆਂ ਬੱਸਾਂ ਚੱਲ ਰਹੀਆਂ ਹਨ।

**ਸ਼੍ਰੀ ਜਗਦੀਪ ਕੰਬੋਜ ਗੋਲਡੀ**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੇਰੀ ਸਿਰਫ ਇੱਕ ਹੀ ਬੇਨਤੀ ਹੈ ਕਿ ਬਾਕੀ ਪੰਜਾਬ ਵਿੱਚ ਪ੍ਰਾਈਵੇਟ ਬੱਸਾਂ ਕਾਰਨ ਰੂਟ ਚੱਲ ਜਾਂਦਾ ਹੈ। ਇੱਥੇ ਸਿਰਫ ਸਰਕਾਰੀ ਰੂਟ ਹੈ, ਸੋ, ਜਿੰਨੀਆਂ ਵੱਧ ਤੋਂ ਵੱਧ ਬੱਸਾਂ ਪ੍ਰੋਵਾਈਡ ਕਰਵਾ ਸਕਦੇ ਹੋ ਤਾਂ ਸਾਨੂੰ ਦੱਸ ਦੇਵੋ ਤਾਂ ਕਿ ਸਾਨੂੰ ਆਈਡੀਆ ਹੋ ਜਾਵੇ ਕਿ ਕਿੰਨੀਆਂ ਬੱਸਾਂ ਹੋ ਜਾਣਗੀਆਂ। ਬਾਰਡਰ ਏਰੀਏ ਕਰਕੇ ਕਈ ਨਾਲ ਦੇ ਪਿੰਡ ਲਗਦੇ ਹਨ। ਕਈ ਤਾਂ ਬੱਸ ਸਟੈਂਡ ਇਹੋ ਜਿਹੇ ਹਨ, ਜਿੱਥੇ

ਬੱਸਾਂ ਰੁਕਦੀਆਂ ਨਹੀਂ। ਇਹ ਵੀ ਸੁਖਾਵਾਂ ਕੀਤਾ ਜਾਵੇ ਕਿ ਜਿਹੜੇ ਬੱਸ ਸਟੈਂਡ ਰਿਕਾਰਡ ਦੇ ਵਿੱਚ ਹਨ, ਉਨ੍ਹਾਂ ਤੇ ਬੱਸਾਂ ਰੁਕਣੀਆਂ ਚਾਹੀਦੀਆਂ ਹਨ।

**ਮਾਣਯੋਗ ਡਿਪਟੀ ਸਪੀਕਰ**: ਚੀਮਾ ਸਾਹਿਬ, ਤੁਸੀਂ ਬੱਸਾਂ ਦੀ ਗਿਣਤੀ ਬਾਰੇ ਦੱਸ ਸਕਦੇ ਹੋ?

**ਟਰਾਂਸਪੋਰਟ ਮੰਤਰੀ**: ਆਨਰੇਬਲ ਡਿਪਟੀ ਸਪੀਕਰ ਸਾਹਿਬ, ਜਿਹੜੇ ਰੂਟ ਖਾਲੀ ਰਹਿਣਗੇ ਉਨ੍ਹਾਂ ਤੇ ਹੀ ਨਵੀਆਂ ਬੱਸਾਂ ਚਲਾਈਆਂ ਜਾ ਸਕਦੀਆਂ ਹਨ। ਅਸੀਂ ਨਵੇਂ ਰੂਟਾਂ ਬਾਰੇ ਵੀ ਸਰਵੇ ਕਰਵਾ ਲਵਾਂਗੇ, ਜਿਹੜੇ ਨਵੇਂ ਰੂਟ ਹੋਣਗੇ ਉਨ੍ਹਾਂ ਤੇ ਵੀ ਬੱਸਾਂ ਚਲਾ ਦੇਵਾਂਗੇ। ਜਿਹੜੀ ਗੱਲ ਮੈਂਬਰ ਸਾਹਿਬਾਨ ਕਹਿ ਰਹੇ ਹਨ ਕਿ ਕਈ ਪਿੰਡਾਂ ਵਿੱਚ ਬੱਸਾਂ ਨਹੀਂ ਰੁਕਦੀਆਂ। ਇਸ ਸਬੰਧ ਵਿੱਚ ਮੇਰੀ ਮੈਂਬਰ ਸਾਹਿਬਾਨ ਨੂੰ ਬੇਨਤੀ ਹੈ ਕਿ ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਦੇ ਰੈਜ਼ੋਲਿਊਸ਼ਨ ਪਾ ਕੇ ਭੇਜ ਦੇਵੋ ਕਿ ਸਾਡੇ ਪਿੰਡ ਦੀ ਪਾਪੂਲੇਸ਼ਨ ਵੱਧ ਗਈ ਹੈ ਤਾਂ ਅਸੀਂ ਇਸ ਸਬੰਧੀ ਵਿਚਾਰ ਕਰਕੇ ਨਵੇਂ ਬੱਸ ਸਟਾਪ ਡਿਕਲੇਅਰ ਕਰ ਦੇਵਾਂਗੇ ਤਾਂ ਉਸ ਤੋਂ ਬਾਅਦ ਉੱਥੇ ਸਾਰੀਆਂ ਬੱਸਾਂ ਰੁਕਣ ਲੱਗ ਜਾਣਗੀਆਂ। ਥੈਂਕ ਯੂ ਜੀ।

**ਸ੍ਰੀ ਜਗਦੀਪ ਕੰਬੋਜ ਗੋਲਡੀ**: ਮੰਤਰੀ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ।

**1140/Kuldeep kaur/Rajneesh kumar**

**1145/Pawan sharma**

**ਮਾਣਯੋਗ ਡਿਪਟੀ ਸਪੀਕਰ**: ਦਹੀਯਾ ਸਾਹਿਬ, ਤੁਸੀਂ ਕਿੱਥੇ ਚੱਲੇ ਗਏ ਸੀ? ਮੈਂ ਆਪ ਜੀ ਦਾ ਨਾਂ ਲਿਆ ਸੀ।

**ਸ੍ਰੀ ਰਜਨੀਸ਼ ਕੁਮਾਰ ਦਹੀਯਾ**: ਧੰਨਵਾਦ ਡਿਪਟੀ ਸਪੀਕਰ ਸਾਹਿਬ, ਥੈਂਕ ਯੂ।

**ਮਾਣਯੋਗ ਡਿਪਟੀ ਸਪੀਕਰ**: ਪਹਿਲਾ ਤੁਸੀਂ ਦੱਸੋ। ਮੈਂ ਤੁਹਾਡਾ ਨਾਂਅ ਲਿਆ ਸੀ, ਤੁਸੀਂ 02 ਮਿੰਟ ਬਾਅਦ ਹੀ ਗ਼ਾਇਬ ਹੋ ਗਏ ਸੀ।

**ਸ੍ਰੀ ਰਜਨੀਸ਼ ਕੁਮਾਰ ਦਹੀਯਾ**: ਸਰ, ਜ਼ੀਰੋ ਆਵਰ 12 ਵਜੇ ਤੱਕ ਚੱਲਣਾ ਸੀ, ਇਸ ਲਈ ਮੈਂ ਚਲਾ ਗਿਆ ਸੀ।

**ਮਾਣਯੋਗ ਡਿਪਟੀ ਸਪੀਕਰ**: ਨਹੀਂ ਨਹੀਂ ਜੀ, ਜ਼ੀਰੋ ਆਵਰ ਦਾ ਕੋਈ ਟਾਈਮ ਨਹੀਂ ਹੁੰਦਾ ਕਿ ਇਹ 12 ਵਜੇ ਤੱਕ ਚੱਲੇਗਾ।

**ਸ੍ਰੀ ਰਜਨੀਸ਼ ਕੁਮਾਰ ਦਹੀਯਾ**: ਠੀਕ ਹੈ ਸਰ।ਸਰ, ਮੁਆਫ਼ੀ ਚਾਹੁੰਦੇ ਹਾਂ।

---

**(ਕ੍ਰਮ ਨੰ. 33)**

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ**: ਸ਼੍ਰੀਮਾਨ ਜੀ, ਮੈਂ ਸਦਨ ਦੇ ਰਾਹੀਂ ਲੋਕ ਮਹੱਤਤਾ ਤੇ ਅਧਾਰਿਤ ਇੱਕ ਜ਼ਰੂਰੀ ਮਾਮਲਾ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਹਜ਼ਾਰਾ ਸਿੰਘ ਵਾਲਾ ਮਮਦੋਟ ਫ਼ਿਰੋਜ਼ਪੁਰ ਦਿਹਾਤੀ ਵਿੱਚ ਪੜ੍ਹਦੇ ਬੱਚਿਆਂ ਦੀ ਸਿਹਤ ਅਤੇ ਉਨ੍ਹਾਂ ਦੀ ਸੁਰੱਖਿਆ ਨਾਲ ਸਬੰਧਿਤ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ। ਇਸ ਸਕੂਲ ਦੇ ਅੱਗੇ ਇੱਕ ਸੜਕ ਲੰਘਦੀ ਹੈ ਜੋ ਪੀ.ਡਬਲਊ.ਡੀ. ਡਿਪਾਰਟਮੈਂਟ ਅਧੀਨ ਹੈ। ਇਸ ਸੜਕ ਦੀ ਹਾਲਤ ਪਿਛਲੇ ਦੋ ਤਿੰਨ ਸਾਲਾਂ ਤੋਂ ਬਹੁਤ ਖ਼ਰਾਬ ਹੈ, ਇਹ ਸੜਕ ਪਿੰਡ ਦੀ ਫਿਰਨੀ ਹੈ। ਇਸ ਸਕੂਲ ਵਿੱਚ ਹਜ਼ਾਰਾ ਸਿੰਘ ਵਾਲਾ ਤੋਂ ਇਲਾਵਾ ਹੋਰ ਵੀ ਕਈ ਪਿੰਡਾਂ ਦੇ ਬੱਚੇ ਇਸ ਸੜਕ ਰਾਹੀਂ ਲੰਘ ਕੇ ਸਕੂਲ ਆਉਂਦੇ ਹਨ। ਇਸ ਸੜਕ ਨੂੰ ਬਣਾਉਣ ਖ਼ਾਤਰ ਮਹਿਕਮੇ ਵੱਲੋਂ ਮੌਕੇ ਦਾ ਨਿਰੀਖਣ ਕੀਤਾ ਗਿਆ ਪਰ ਜ਼ਮੀਨੀ ਪੱਧਰ ਤੇ ਇਸ ਦਾ ਕੋਈ ਕੰਮ ਸ਼ੁਰੂ ਨਾ ਹੋਣ, ਸੜਕ ਦੀ ਖਸਤਾ ਹਾਲਤ ਹੋਣ ਕਰਕੇ ਬਰਸਾਤੀ ਦਿਨਾਂ ਵਿੱਚ ਬੱਚਿਆਂ ਦੀ ਗਿਣਤੀ ਸਕੂਲ ਵਿੱਚ ਘੱਟ ਜਾਂਦੀ ਹੈ ਅਤੇ ਕਈ ਵਾਰ ਹਾਦਸੇ ਵੀ ਵਾਪਰ ਚੁੱਕੇ ਹਨ। ਕੀ ਮਾਣਯੋਗ ਲੋਕ ਨਿਰਮਾਣ ਮੰਤਰੀ ਜੀ ਲੋਕ ਮਹੱਤਤਾ ਨਾਲ ਜੁੜੇ ਇਸ ਮੁੱਦੇ ਦੀ ਮੌਜੂਦਾ ਸਥਿਤੀ ਅਤੇ ਇਸ ਦੇ ਸਮਾਧਾਨ ਨੂੰ ਲੈ ਕੇ ਜਾਣਕਾਰੀ ਮੌਜੂਦਾ ਸਦਨ ਵਿੱਚ ਰੱਖਣ ਦੀ ਕਿਰਪਾਲਤਾ ਕਰਨਗੇ। ਇਸ ਸਬੰਧੀ ਵਿਭਾਗ ਦੀ ਅਗਲੀ ਤਜਵੀਜ਼ ਵੀ ਸਦਨ ਵਿੱਚ ਪੇਸ਼ ਕਰਨ ਦੀ ਕਿਰਪਾਲਤਾ ਕਰਨਗੇ।

**ਲੋਕ ਨਿਰਮਾਣ ਮੰਤਰੀ (ਸਰਦਾਰ ਹਰਭਜਨ ਸਿੰਘ)**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਮਮਦੋਟ ਗਜਨੀ ਵਾਲਾ ਸੜਕ ਤੋਂ ਸਰਕਾਰੀ ਸਕੂਲ ਪਿੰਡ ਹਜ਼ਾਰਾ ਸਿੰਘ ਵਾਲਾ ਨੂੰ ਮੌਜੂਦਾ ਪਹੁੰਚ ਇੱਕ ਕੱਚੇ ਰਸਤੇ ਰਾਹੀਂ ਹੈ, ਜਿਸ ਦੀ ਲੰਬਾਈ 420 ਮੀਟਰ ਹੈ। ਮਈ, 2026 ਵਿੱਚ ਪਿੰਡ ਦੀ ਗ੍ਰਾਮ ਪੰਚਾਇਤ ਵੱਲੋਂ ਇਸ ਵਿਭਾਗ ਦੇ ਧਿਆਨ ਵਿੱਚ ਲਿਆਂਦਾ ਗਿਆ ਹੈ ਕਿ ਇਸ ਉੱਪਰ ਸੀਵਰੇਜ ਓਵਰ ਫਲੋਅ ਹੋਣ ਕਾਰਨ ਸੀਵਰੇਜ ਦਾ ਪਾਣੀ ਰਸਤੇ ਵਿੱਚ ਆਉਣ ਕਾਰਨ ਇਸ ਰਸਤੇ ਦੀ ਹਾਲਤ ਕਾਫ਼ੀ ਖਸਤਾ ਹੋ ਚੁੱਕੀ ਹੈ। ਲੋਕਾਂ ਦੀ ਮੰਗ ਨੂੰ ਮੁੱਖ ਰੱਖਦੇ ਹੋਏ, ਰਸਤੇ ਵਿੱਚ ਸੀ.ਸੀ. ਫਲੋਰਿੰਗ ਵਿਛਾ ਕੇ ਪੱਕਾ ਕਰਨ ਦੀ ਤਜਵੀਜ਼ Vibrant Village Programme-2 ਤਹਿਤ ਕਾਰਜਕਾਰੀ ਇੰਜੀਨੀਅਰ ਪ੍ਰਾਂਤਕ ਮੰਡਲ ਸ਼ਾਖਾ ਫ਼ਿਰੋਜ਼ਪੁਰ ਦੇ ਦਫ਼ਤਰ ਪੱਤਰ ਰਾਹੀਂ ਉਪ ਅਰਥ ਤੇ ਅੰਕੜਾ ਸਲਾਹਕਾਰ ਫ਼ਿਰੋਜ਼ਪੁਰ ਨੂੰ ਅਨੁਮਾਨ 53 ਲੱਖ 26 ਹਜ਼ਾਰ ਰੁਪਏ ਸਮੇਤ ਪ੍ਰਸ਼ਾਸਕੀ ਪ੍ਰਵਾਨਗੀ ਰਾਹੀਂ ਫੰਡਾਂ ਦੇ ਪ੍ਰਬੰਧ ਵਾਸਤੇ ਭੇਜ ਦਿੱਤਾ ਗਿਆ ਹੈ, ਜੋ ਕਿ ਡਿਪਟੀ ਕਮਿਸ਼ਨਰ ਫ਼ਿਰੋਜ਼ਪੁਰ ਰਾਹੀਂ ਜ਼ਿਲ੍ਹਾ ਫ਼ਿਰੋਜ਼ਪੁਰ ਦੀ ਮੁਕੰਮਲ ਤਜਵੀਜ਼ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ ਯੋਜਨਾਬੰਦੀ ਵਿਭਾਗ, ਚੰਡੀਗੜ੍ਹ ਨੂੰ ਭੇਜੀ ਜਾ ਚੁੱਕੀ ਹੈ। ਸਰ, ਜਦੋਂ ਇਸ ਦੀ ਪ੍ਰਸ਼ਾਸਕੀ ਪ੍ਰਵਾਨਗੀ ਮਿਲਦੀ ਹੈ ਤਾਂ ਉਸ ਉਪਰੰਤ ਸਿਰਫ਼ ਦੋ ਮਹੀਨੇ ਦੇ ਵਿੱਚ ਵਿੱਚ ਇਹ ਕੰਮ ਕਰ ਦਿੱਤਾ ਜਾਵੇਗਾ।

**ਸ਼੍ਰੀ ਰਜਨੀਸ਼ ਕੁਮਾਰ ਦਹੀਯਾ:** ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮੰਤਰੀ ਸਾਹਿਬ ਤੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰ, ਕਿਉਂਕਿ ਪਹਿਲਾਂ ਵੀ ਮੌਕੇ ਤੇ spot inspections ਹੋਈਆਂ ਹਨ ਔਰ ਇੱਕ ਦੋ ਵਾਰੀ ਵੀ ਮੈਂ ਨਿੱਜੀ ਤੌਰ ਤੇ ਮਾਣਯੋਗ ਮੰਤਰੀ ਸਾਹਿਬ ਜੀ ਦੇ ਧਿਆਨ ਵਿੱਚ ਇਹ ਗੱਲ ਲੈ ਕੇ ਆਇਆ ਹਾਂ। ਸਰ, ਕਿਉਂਕਿ ਇਹ ਸੜਕ ਕਾਫੀ ਇੰਪਾਰਟੈਂਟ ਹੈ ਕਿਉਂਕਿ ਉੱਥੇ ਬੱਚੇ ਪੜ੍ਹਦੇ ਹਨ ਅਤੇ ਉੱਥੇ ਛੋਟੇ ਮੋਟੇ ਹਾਦਸੇ ਵੀ ਹੋਏ

ਹਨ, ਮੈਂ ਮੰਤਰੀ ਸਾਹਿਬ ਤੋਂ ਇਹ assurance ਚਾਹੁੰਦਾ ਹਾਂ ਕਿ ਇੱਕ ਤਾਂ ਇਸ ਕੰਮ ਨੂੰ ਸਮਾਂਬੱਧ ਕਰ ਦਿੱਤਾ ਜਾਵੇ ਕਿ ਕਿੰਨੇ ਸਮੇਂ ਵਿੱਚ ਇਹ ਬਣ ਕੇ ਤਿਆਰ ਹੋ ਜਾਵੇਗੀ।

**ਲੋਕ ਨਿਰਮਾਣ ਮੰਤਰੀ**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਮੈਂ ਪਹਿਲਾਂ ਹੀ ਕਹਿ ਚੁੱਕਿਆ ਹਾਂ ਕਿ ਅਸੀਂ ਇਸ ਦੀ ਮੁਕੰਮਲ ਤਜਵੀਜ਼ 53 ਲੱਖ 26 ਹਜ਼ਾਰ ਰੁਪਏ ਤਿਆਰ ਕਰ ਲਈ ਹੈ ਅਤੇ ਅਸੀਂ ਪ੍ਰਸ਼ਾਸਕੀ ਪ੍ਰਵਾਨਗੀ ਸਬੰਧੀ ਅਗਲੇਰ ਪ੍ਰੋਸੀਜ਼ਰ ਅਡਾਪਟ ਕੀਤਾ ਹੋਇਆ ਹੈ। ਜਿਸ ਦਿਨ ਇਸ ਦੀ ਪ੍ਰਸ਼ਾਸਕੀ ਪ੍ਰਵਾਨਗੀ ਮਿਲ ਜਾਂਦੀ ਹੈ ਤਾਂ 02 ਮਹੀਨੇ ਦੇ ਵਿੱਚ ਵਿੱਚ ਇਹ ਸੜਕ ਕੰਪਲੀਟ ਕਰ ਦਿੱਤੀ ਜਾਵੇਗੀ ਕਿਉਂਕਿ ਇਹ ਬਹੁਤ ਅਹਿਮ ਮਸਲਾ ਹੈ, ਖਾਸ ਤੌਰ ਤੇ ਬੱਚਿਆਂ ਨਾਲ ਸਬੰਧਿਤ ਹੈ ਕਿਉਂਕਿ ਉਸ ਰੋਡ ਦੇ ਉੱਤੇ ਸਕੂਲ ਹੈ। ਸਕੂਲ ਦੀ ਤਾਂ ਵੈਸੇ ਹੀ priority ਹੁੰਦੀ ਹੈ। ਸੋ, ਬਹੁਤ ਜਲਦ ਇਸ ਕੰਮ ਨੂੰ ਕੰਪਲੀਟ ਕਰ ਦਿੱਤਾ ਜਾਵੇਗਾ।

**1145/Pawan sharma/Rajneesh kumar**

**1150/Beant kaur**

**ਮਾਣਯੋਗ ਡਿਪਟੀ ਸਪੀਕਰ** : ਮੈਂਬਰ ਸਾਹਿਬ ਦਾ ਇਹੀ ਕਹਿਣਾ ਹੈ ਕਿ ਜਿਹੜੀ ਤੁਸੀਂ ਪ੍ਰਸ਼ਾਸਕੀ ਪ੍ਰਵਾਨਗੀ ਬਾਰੇ ਕਹਿ ਰਹੇ ਹੋ, ਉਹ ਲੈ ਕੇ ਕੰਮ ਕਰਵਾ ਦੇਈਏ।

**ਲੋਕ ਨਿਰਮਾਣ ਮੰਤਰੀ** : ਡਿਪਟੀ ਸਪੀਕਰ ਸਾਹਿਬ, ਅਸੀਂ ਇਸ ਕੰਮ ਵਾਸਤੇ ਬਹੁਤ ਫਾਸਟ ਲੱਗੇ ਹੋਏ ਹਾਂ। ਬਹੁਤ ਜਲਦ ਇਸ ਨੂੰ ਕੰਪਲੀਟ ਕਰਵਾ ਦੇਵਾਂਗੇ।

**ਮਾਣਯੋਗ ਡਿਪਟੀ ਸਪੀਕਰ** : ਮੈਂਬਰ ਸਾਹਿਬ, ਧੰਨਵਾਦ ਕਰਨਾ ਚਾਹੁੰਦੇ ਹੋ?

**ਸ੍ਰੀ ਰਜਨੀਸ਼ ਕੁਮਾਰ ਦਹੀਯਾ** : ਮੈਂ ਧੰਨਵਾਦ ਕਰ ਦਿੰਦਾ ਹਾਂ ਪਰ ਇਹ ਮੈਨੂੰ ਕੋਈ ਤਰੀਕ ਦੱਸ ਦੇਣ ਕਿ 30 ਨਵੰਬਰ ਤੱਕ ਕਰਵਾ ਦੇਣਗੇ। ਪਹਿਲਾਂ ਵੀ ਮੇਰੇ ਹਲਕੇ ਵਿੱਚ ਕੁਝ ਸੜਕਾਂ ਬਾਰੇ ਮੈਂ ਲਾਸਟ ਵਿਧਾਨ ਸਭਾ ਵਿੱਚ ਗੱਲ ਕੀਤੀ ਸੀ, ਜਿਸ ਵਾਸਤੇ ਮਾਣਯੋਗ ਮੰਤਰੀ ਸਾਹਿਬ ਨੇ ਕਿਹਾ ਸੀ ਕਿ 31 ਅਕਤੂਬਰ ਤੱਕ ਉਹ ਸੜਕਾਂ ਬਣਵਾ ਦੇਵਾਂਗੇ। ਚਲੋ, ਧੰਨਵਾਦੀ ਹਾਂ। ਉਸ ਵਿੱਚ ਕਈ ਸੜਕਾਂ ਤੇ ਕੰਮ ਸ਼ੁਰੂ ਹੋ ਗਿਆ ਹੈ। ਮਮਦੋਟ ਦੇ ਬਾਰਡਰ ਤੱਕ, ਸੇਠਾਂ ਵਾਲੇ ਤੱਕ ਮੇਰੀਆਂ ਸੜਕਾਂ ਜਾ ਰਹੀਆਂ ਸਨ, ਉਨ੍ਹਾਂ ਦਾ ਨੀਂਹ ਪੱਥਰ ਰੱਖ ਦਿੱਤਾ ਹੈ ਅਤੇ ਮੰਤਰੀ ਸਾਹਿਬ ਨੇ ਉਸ ਵਿੱਚ ਦਿਲਚਸਪੀ ਦਿਖਾ ਕੇ ਕੰਮ ਨੂੰ ਅੱਗੇ ਤੋਰਿਆ ਹੈ। ਮੇਰੀ ਇਹੀ ਰਿਕੁਐਸਟ ਹੈ ਕਿ ਹਜ਼ਾਰਾ ਸਿੰਘ ਵਾਲਾ ਸਕੂਲ ਦੀ ਸੜਕ ਵਿੱਚ ਵੀ ਥੋੜ੍ਹੀ ਜਿਹੀ ਦਿਲਚਸਪੀ ਵਧਾ ਦੇਣ ਅਤੇ ਇਕ ਡੈੱਡਲਾਈਨ ਦੇ ਦੇਣ ਕਿ ਇੰਨੀ ਤਰੀਕ ਨੂੰ ਇਹ ਸੜਕ ਅਸੀਂ ਬਣਾ ਦੇਵਾਂਗੇ। ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ** : ਮੈਂਬਰ ਸਾਹਿਬ, ਤੁਸੀਂ ਧੰਨਵਾਦ ਕਰ ਦਿੱਤਾ ਪਰ ਨਾਲ ਹੀ ਤੁਸੀਂ ਕਹਿ ਦਿੱਤਾ ਕਿ ਚਲੋ, ਧੰਨਵਾਦ। ਚਲੋ ਧੰਨਵਾਦ ਨਾ ਕਹੋ। ਇਕ ਦਿਨ ਮੰਤਰੀ ਸਾਹਿਬ ਮੇਰੇ ਨਾਲ ਗੱਲ ਕਰ ਰਹੇ ਸੀ ਅਤੇ ਇਨ੍ਹਾਂ ਦੀ

ਗੱਲ ਸੱਚੀ ਸੀ ਕਿ ਉੱਪਰ ਦੇਖਦੇ ਹਾਂ ਤਾਂ ਤਾਰਾਂ ਹਨ ਤੇ ਹੇਠਾਂ ਦੇਖਦੇ ਹਾਂ ਤਾਂ ਟੋਏ ਹਨ। ਪੰਜਾਬ ਵਿੱਚ ਜਿੰਨਾ ਕੰਮ ਹੋਇਆ ਹੈ, ਇਸ ਦੀ ਪ੍ਰਸੰਸਾ ਕਰਨੀ ਬਣਦੀ ਹੈ। ਚਲੋ ਧੰਨਵਾਦ ਨਹੀਂ, ਪੱਕਾ ਧੰਨਵਾਦ ਕਰਿਆ ਕਰੋ।(ਥੰਪਿੰਗ)

---

**(ਕ੍ਰਮ ਨੰ.40)**

**ਸਰਦਾਰ ਕੁਲਜੀਤ ਸਿੰਘ ਰੰਧਾਵਾ** : ਸ਼੍ਰੀਮਾਨ ਜੀ, ਮੈਂ ਤੁਹਾਡੇ ਮਾਧਿਅਮ ਰਾਹੀਂ ਜਲ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਦੇ ਮੰਤਰੀ ਜੀ ਦਾ ਧਿਆਨ ਇਸ ਗੰਭੀਰ ਅਤੇ ਲੋਕ ਮਹੱਤਤਾ ਦੇ ਮੁੱਦੇ ਵੱਲ ਦਿਵਾਉਣਾ ਚਾਹੁੰਦਾ ਹਾਂ ਕਿ ਹਲਕਾ ਡੇਰਾਬਸੀ ਦੇ ਲੋਕ ਲੰਬੇ ਸਮੇਂ ਤੋਂ ਪੀਣ ਵਾਲੇ ਪਾਣੀ ਲਈ ਨਹਿਰੀ ਪਾਣੀ ਦੀ ਸਹੂਲਤ ਤੋਂ ਵਾਂਝੇ ਹਨ। ਰਾਜ ਦੇ ਹੋਰ ਹਲਕਿਆਂ ਵਿੱਚ ਨਹਿਰੀ ਪਾਣੀ ਦੀ ਸਪਲਾਈ ਉਪਲਬਧ ਹੈ ਪਰ ਡੇਰਾਬਸੀ ਹਲਕੇ ਲਈ ਅਜੇ ਤੱਕ ਇਸ ਸਬੰਧ ਕੋਈ ਠੋਸ ਕਾਰਵਾਈ ਸ਼ੁਰੂ ਨਹੀਂ ਕੀਤੀ ਗਈ। ਇਸ ਕਾਰਨ ਕਿਸਾਨਾਂ ਨੂੰ ਸਿੰਜਾਈ ਲਈ ਟਿਊਬਵੈੱਲਾਂ ਅਤੇ ਭੂ-ਜਲ ਤੇ ਨਿਰਭਰ ਰਹਿਣਾ ਪੈਂਦਾ ਹੈ, ਜਿਸ ਨਾਲ ਉਨ੍ਹਾਂ ਤੇ ਵਾਧੂ ਆਰਥਿਕ ਬੋਝ ਪੈ ਰਿਹਾ ਹੈ ਅਤੇ ਭੂ-ਜਲ ਪੱਧਰ ਵੀ ਲਗਾਤਾਰ ਹੇਠਾਂ ਜਾ ਰਿਹਾ ਹੈ। ਇਸ ਲਈ ਮਾਣਯੋਗ ਮੰਤਰੀ ਜੀ ਕਿਰਪਾ ਕਰਕੇ ਇਸ ਸਬੰਧੀ ਸਰਕਾਰ ਵਲੋਂ ਹੁਣ ਤੱਕ ਕੀਤੀ ਗਈ ਕਾਰਵਾਈ, ਭਵਿੱਖੀ ਯੋਜਨਾ ਅਤੇ ਹਲਕਾ ਡੇਰਾਬਸੀ ਨੂੰ ਨਹਿਰੀ ਪਾਣੀ ਦੀ ਸਹੂਲਤ ਕਦੋਂ ਤੱਕ ਮੁਹੱਈਆ ਕਰਵਾਏ ਜਾਣ ਦੀ ਸੰਭਾਵਿਤ ਸਮਾਂ-ਸੀਮਾ ਬਾਰੇ ਸਦਨ ਨੂੰ ਜਾਣੂੰ ਕਰਵਾਉਣ।

ਡਿਪਟੀ ਸਪੀਕਰ ਸਾਹਿਬ, ਜਿੱਥੇ ਸਰਦਾਰ ਭਗਵੰਤ ਮਾਨ ਜੀ ਨੂੰ ਲੋਕ ਜਲ ਦੇਵਤਾ ਕਹਿੰਦੇ ਹਨ, ਅਸੀਂ ਹਾਲੇ ਵੀ ਪੀਣ ਵਾਲੇ ਪਾਣੀ, ਨਹਿਰੀ ਪਾਣੀ ਤੋਂ ਵਿਰਵੇ ਹਾਂ। ਡੇਰਾਬਸੀ, ਪੁਆਧ ਦਾ ਹਲਕਾ ਪੰਜਾਬ ਵਿੱਚ ਸਭ ਤੋਂ ਵੱਡਾ ਹੈ। ਸਾਲ 2025 ਦੇ ਵਿਧਾਨ ਸਭਾ ਸੈਸ਼ਨ ਵਿੱਚ ਮੈਂ ਮੰਤਰੀ ਸਾਹਿਬ ਨੂੰ ਕਿਹਾ ਸੀ ਕਿ ਤੁਸੀਂ ਸਾਨੂੰ ਪਾਣੀ ਦਾ ਕੋਈ ਪ੍ਰਬੰਧ ਕਰਵਾ ਦਿਓ। ਮੰਤਰੀ ਸਾਹਿਬ ਨੇ ਕਿਹਾ ਸੀ ਕਿ 4 ਮਹੀਨਿਆਂ ਵਿੱਚ ਕੰਮ ਸ਼ੁਰੂ ਕਰਵਾ ਦੇਵਾਂਗੇ ਪਰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅੱਜ ਮੌਕੇ ਤੇ ਕੰਮ ਸ਼ੁਰੂ ਨਹੀਂ ਹੋਇਆ, ਸਿਰਫ਼ ਕਾਗਜ਼ੀ ਕਾਰਵਾਈ ਚਲਦੀ ਪਈ ਹੈ। ਜਿਸ ਕਾਰਨ ਹਲਕੇ ਦੇ ਲੋਕ ਅਤੇ ਕਿਸਾਨ ਪੀਣ ਵਾਲੇ ਪਾਣੀ ਕਾਰਨ ਮੁਸ਼ਕਿਲਾਂ ਦਾ ਸਾਮ੍ਹਣਾ ਕਰ ਰਹੇ ਹਨ। ਡਿਪਟੀ ਸਪੀਕਰ ਸਾਹਿਬ, 19 ਮਹੀਨੇ ਨਿਕਲ ਗਏ ਹਨ। ਮੇਰੇ ਹੱਥ ਵਿੱਚ ਇਕ ਚਿੱਠੀ ਹੈ, ਮੈਂ ਤੁਹਾਡੇ ਜ਼ਰੀਏ ਸਿਰਫ਼ ਇਹ ਪੁੱਛਣਾ ਚਾਹੁੰਦਾ ਹਾਂ ਕਿ ਜੇਕਰ ਟੇਲਾਂ ਤੱਕ ਪਾਣੀ ਜਾ ਸਕਦਾ ਹੈ, ਨਹਿਰਾਂ ਨੂੰ ਪਾਣੀ ਮਿਲ ਸਕਦਾ ਹੈ ਤਾਂ ਡੇਰਾਬਸੀ, ਜਿਹੜਾ ਪੁਆਧ ਦਾ ਹਲਕਾ ਹੈ ਅਤੇ ਹਰਿਆਣਾ ਬਾਰਡਰ ਨਾਲ ਲਗਦਾ ਹੈ, ਸਾਡੇ ਕੋਲ ਪੀਣ ਵਾਲਾ ਪਾਣੀ ਕਿਉਂ ਨਹੀਂ ਹੈ? ਅੱਜ ਸਾਡੇ ਇਲਾਕੇ ਵਿੱਚ 1500 ਫੁਟ ਡੂੰਘਾ ਬੋਰ ਹੁੰਦਾ ਹੈ, ਜਿਨ੍ਹਾਂ ਕਿਸਾਨਾਂ ਕੋਲ 15 ਹਾਰਸ ਪਾਵਰ ਦੀ ਮੋਟਰ ਸੀ, ਉਨ੍ਹਾਂ ਦੀ ਜੇਬ ਅਲਾਓ ਨਹੀਂ ਕਰਦੀ ਪਰ ਉਹ 30 ਹਾਰਸ ਪਾਵਰ ਦੀਆਂ ਮੋਟਰਾਂ ਲਗਾ ਕੇ ਪਾਣੀ ਲੈਂਦੇ ਹਨ। ਇੱਥੇ ਗੱਲ ਕੀਤੀ ਗਈ ਸੀ ਕਿ ਜ਼ੀਰਕਪੁਰ ਦੀ 6 ਲੱਖ ਦੀ ਅਬਾਦੀ ਹੈ, ਨਹਿਰੀ ਪਾਣੀ ਬੜੀ ਜਲਦੀ ਦੇਵਾਂਗੇ। ਡੇਰਾਬਸੀ-ਲਾਲੜੂ-ਹੰਡੇਸਰਾ ਅਤੇ 100 ਦੇ ਕਰੀਬ ਮੇਰੇ ਪਿੰਡ ਹਨ, ਜਿਸ ਨੂੰ ਪੀਣ ਵਾਲੇ ਪਾਣੀ, ਨਹਿਰੀ ਪਾਣੀ ਦੀ ਸਮੱਸਿਆ ਹੈ। ਮੈਂ ਆਸ ਕਰਾਂਗਾ ਕਿ ਮੰਤਰੀ ਜੀ ਇਸ ਵਾਸਤੇ ਢੁਕਵਾਂ ਜਵਾਬ ਦੇਣਗੇ ਕਿਉਂਕਿ 4 ਮਹੀਨਿਆਂ ਦੀ ਗੱਲ

ਕਰਕੇ 19 ਮਹੀਨੇ ਬੀਤ ਗਏ ਹਨ। ਮੰਤਰੀ ਸਾਹਿਬ, ਥੋਨੇ ਕਰਿਆ ਤਾਂ ਕੁਛ ਹੈ ਨਹੀਂ, ਬਾਕੀ ਦਾ ਕਿਆ ਕਰੋਂਗੇ, ਘੋ ਮੈਨੂੰ ਬਤਾ ਦਿਓ।

**ਜਲ ਸਰੋਤ ਮੰਤਰੀ (ਸ੍ਰੀ ਬਰਿੰਦਰ ਕੁਮਾਰ ਗੋਇਲ)** : ਸ੍ਰੀਮਾਨ ਜੀ, ਕੇਂਦਰੀ ਗਰਾਊਂਡ ਵਾਟਰ ਬੋਰਡ ਦੀ ਰਿਪੋਰਟ ਅਨੁਸਾਰ ਪੰਜਾਬ ਵਿੱਚ ਜ਼ਮੀਨੀ ਪਾਣੀ ਦੀ ਖਪਤ ਵਿੱਚ ਕਮੀ ਆਈ ਹੈ ਜੋ ਕਿ 165% (2022) ਤੋਂ ਘੱਟ ਕੇ 152% (2026) ਹੋ ਗਿਆ ਹੈ। ਅਧਿਐਨ ਕੀਤ ਗਏ 153 ਬਲਾਕਾਂ ਵਿਚੋਂ 109 ਬਲਾਕਾਂ (ਲਗਭਗ 71%) ਵਿੱਚ ਗਰਾਊਂਡ ਵਾਟਰ ਵਿਕਾਸ ਦੀ ਸਥਿਤੀ ਵਿੱਚ ਸੁਧਾਰ ਦਰਜ ਕੀਤਾ ਗਿਆ।

ਇਹ ਗੱਲ ਸਹੀ ਹੈ ਕਿ ਐਸ.ਏ.ਐਸ ਨਗਰ ਦੇ ਡੇਰਾਬਸੀ ਖੇਤਰ ਵਿੱਚ ਕੋਈ ਨਹਿਰੀ ਨੈਟਵਰਕ ਮੌਜੂਦ ਨਹੀਂ ਹੈ। ਜਿਸ ਕਾਰਨ ਧਰਤੀ ਹੇਠੋਂ ਪਾਣੀ ਕੱਢਿਆ ਜਾ ਰਿਹਾ ਹੈ। ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਰਕਾਰ ਦੀ ਪਹਿਲ ਹੈ ਕਿ ਗਰਾਊਂਡ ਵਾਟਰ ਬਚਾਇਆ ਜਾਵੇ। ਇਸ ਵਾਸਤੇ ਪਿਛਲੇ ਸਮੇਂ ਵਿੱਚ ਜੋ ਕੰਮ ਹੋਏ ਹਨ, ਉਸ ਤਹਿਤ ਗਰਾਊਂਡ ਵਾਟਰ ਬਚਾ ਕੇ ਅਸੀਂ ਪੰਜਾਬ ਨੂੰ ਬਚਾਇਆ ਹੈ। ਸਾਰੀਆਂ ਏਜੰਸੀਆਂ ਨੇ ਕਹਿ ਦਿੱਤਾ ਸੀ ਕਿ 2037 ਤੱਕ ਧਰਤੀ ਹੇਠਲਾ ਪਾਣੀ ਖ਼ਤਮ ਹੋ ਜਾਵੇਗਾ ਅਤੇ ਪੰਜਾਬ ਰੇਗਿਸਤਾਨ ਬਣ ਜਾਵੇਗਾ। ਮੈਂ ਮੈਂਬਰ ਸਾਹਿਬ ਨੂੰ ਕਹਿਣਾ ਚਾਹੁੰਦਾ ਹਾਂ ਕਿ ਅਫਸੋਸ ਕਰਨ ਦੀ ਲੋੜ ਨਹੀਂ ਹੈ, ਜੋ ਗੱਲ ਕਹੀ ਸੀ, ਉਸ ਮੁਤਾਬਿਕ ਸਾਰਾ ਕੰਮ ਸਹੀ ਚੱਲ ਰਿਹਾ ਹੈ।

**1150/Beant kaur/Monika sharma**

**1155/Karamjit kaur**

ਹੁਣ ਵਿਭਾਗ ਵੱਲੋਂ ਰੂਪਨਗਰ (ਰੋਪੜ), ਸ੍ਰੀ ਫਤਿਹਗੜ੍ਹ ਸਾਹਿਬ ਅਤੇ ਮੋਹਾਲੀ ਜ਼ਿਲ੍ਹਿਆਂ ਦੇ ਸਾਰੇ ਖੇਤਰ ਨੂੰ ਸਿੰਚਾਈ ਦੀਆਂ ਸਹੂਲਤਾਂ ਪ੍ਰਦਾਨ ਕਰਨ ਦਾ ਜਿਹੜਾ ਕੰਮ ਹੈ, ਉਹ ਪੂਰੇ ਜ਼ੋਰ-ਸ਼ੋਰ ਦੇ ਨਾਲ ਚੱਲ ਰਿਹਾ ਹੈ। ਇਸ ਨੂੰ ਨਹਿਰੀ ਪਾਣੀ ਹੇਠ ਲਿਆਉਣ ਦੇ ਲਈ ਇੱਕ ਵੱਡਾ ਪ੍ਰੋਜੈਕਟ ਉਲੀਕਿਆ ਗਿਆ ਹੈ, ਇਹ ਵਿਚਾਰ ਅਧੀਨ ਹੈ ਅਤੇ ਉਸ ਪ੍ਰੋਜੈਕਟ ਉੱਤੇ ਕੰਮ ਹੋ ਰਿਹਾ ਹੈ। ਸੋਸ਼ਲ ਇੰਪੈਕਟ ਅਸੈਸਟਮੈਂਟ (SIA) ਦੀ ਰਿਪੋਰਟ ਪਹਿਲਾਂ ਬਣ ਕੇ ਉਥੇ ਚਲੀ ਗਈ ਹੈ। ਇਸ ਰਿਪੋਰਟ ਦੇ ਅਨੁਸਾਰ ਜੋ ਅਸੀਂ ਨਹਿਰ ਤਜਵੀਜ਼ ਕੀਤੀ ਹੈ, ਉਸ ਨਹਿਰ ਦੀ ਅਲਾਈਨਮੈਂਟ ਵਿੱਚ ਤਬਦੀਲੀ ਕਰਨ ਦੀ ਲੋੜ ਹੈ। ਸੋ, ਉਸ ਤਬਦੀਲੀ ਦਾ ਕੰਮ ਬਾਕਾਇਦਾ ਜਾਰੀ ਹੈ। ਤਬਦੀਲੀ ਦਾ ਕੰਮ ਪੂਰਾ ਹੋ ਕੇ ਜ਼ਮੀਨ ਐਕਵਾਇਰ ਕਰਨ ਦੀ ਪ੍ਰਕਿਰਿਆ ਸ਼ੁਰੂ ਹੋਣੀ ਹੈ। ਕਿਉਂਕਿ ਸਰਦਾਰ ਭਗਵੰਤ ਸਿੰਘ ਮਾਨ, ਮੁੱਖ ਮੰਤਰੀ ਸਾਹਿਬ ਨੇ ਗੱਲ ਹੀ ਇਹ ਕਹੀ ਸੀ ਕਿ ਅਸੀਂ ਪਾਣੀ ਟੇਲਾਂ ਉੱਤੇ ਪਹੁੰਚਾਵਾਂਗੇ ਅਤੇ ਧਰਤੀ ਹੇਠਲਾ ਪਾਣੀ ਬਚਾਵਾਂਗੇ। ਸੋ, ਅਸੀਂ ਉਸੇ ਉੱਤੇ ਕੰਮ ਕਰ ਰਹੇ ਹਾਂ ਅਤੇ ਹੁਣ ਜ਼ਮੀਨ ਐਕਵਾਇਰ ਕਰਕੇ ਇਸ ਸਾਰੇ ਏਰੀਏ ਨੂੰ ਨਹਿਰੀ ਨੈੱਟਵਰਕ ਦੇ ਨਾਲ ਆਉਣ ਵਾਲੇ ਸਮੇਂ ਦੇ ਵਿੱਚ ਜੋੜ ਦਿੱਤਾ ਜਾਵੇਗਾ। ਮੈਂ ਮੈਂਬਰ ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਕੋਈ ਅਫ਼ਸੋਸ ਜਮਾਂ ਨਾ ਕਰਿਆ ਕਰੋ, ਅਫ਼ਸੋਸ ਦੀ ਗੱਲ ਨਹੀਂ ਹੈ, ਇੱਥੇ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਅਗਵਾਈ ਦੇ ਵਿੱਚ ਨਹਿਰੀ ਪਾਣੀ ਪੰਜਾਬ ਦੇ ਹਰ ਖੇਤ ਨੂੰ ਪਹੁੰਚਾਉਣਾ ਹੈ ਅਤੇ ਪੀਣ ਵਾਲਾ ਪਾਣੀ ਹਰ ਸ਼ਹਿਰ ਨੂੰ

ਪਹੁੰਚਾਉਣਾ ਹੈ। ਇਹ ਪੰਜਾਬ ਸਰਕਾਰ ਦਾ ਟੀਚਾ ਹੈ। ਅਸੀਂ ਆਪਣਾ ਟੀਚਾ 80 ਪਰਸੈਂਟ ਪੂਰਾ ਕਰ ਲਿਆ ਹੈ ਅਤੇ 100 ਪਰਸੈਂਟ ਟੀਚਾ ਆਉਣ ਵਾਲੇ ਸਮੇਂ ਵਿੱਚ ਪੂਰਾ ਕਰਾਂਗੇ। ਥੈਂਕ ਯੂ।

**ਮਾਣਯੋਗ ਡਿਪਟੀ ਸਪੀਕਰ**: ਹਾਂ ਜੀ, ਮੁੱਖ ਮੰਤਰੀ ਸਾਹਿਬ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ)**: ਮੈਂ ਮੰਤਰੀ ਸਾਹਿਬ ਦੇ ਜਵਾਬ ਦੇ ਵਿੱਚ ਥੋੜ੍ਹਾ ਜਿਹਾ ਐਡ ਕਰ ਦਿੰਦਾ ਹਾਂ ਕਿ ਪੰਜਾਬ ਸਰਕਾਰ ਕੋਲ 2-3 ਅੰਕੜੇ ਆਏ ਹਨ। ਇਹ ਬੜੇ ਪੌਜੇਟਿਵ ਹਨ, ਖੁਸ਼ਨੁਮਾ ਹਨ। ਇਸ ਵਕਤ ਝੋਨੇ ਦੇ ਸੀਜ਼ਨ ਦੇ ਵਿੱਚ ਬਾਰਸ਼ ਵੀ ਘੱਟ ਹੋਈ ਹੈ, ਲੋਕਾਂ ਤੱਕ ਬਹੁਤ ਜ਼ਿਆਦਾ ਨਹਿਰੀ ਪਾਣੀ ਪਹੁੰਚਿਆ ਹੈ। ਜਿਹੜਾ ਨਹਿਰੀ ਪਾਣੀ ਹੈ, ਇਹ ਲਾਲ ਰੰਗ ਦਾ ਹੈ, ਜਿਸ ਦੇ ਵਿੱਚ ਪਹਾੜਾਂ ਤੋਂ ਮਿੱਟੀ ਵੀ ਆਉਂਦੀ ਹੈ ਅਤੇ ਹੋਰ ਮਿਨਰਲਜ਼ ਵੀ ਆਉਂਦੇ ਹਨ, ਉਹ ਪਾਣੀ ਖੇਤਾਂ ਤੱਕ ਪਹੁੰਚਿਆ ਹੈ। ਯਾਨੀ ਕਿ ਖੇਤਾਂ ਨੂੰ ਦੇਸੀ ਘਿਓ ਵਰਗਾ ਪਾਣੀ ਮਿਲਿਆ ਹੈ। ਜਿਸ ਦੇ ਕਰਕੇ ਇਸ ਵਾਰ ਫ਼ਸਲਾਂ ਦਾ ਝਾੜ ਵਧਿਆ ਹੈ ਜੀ। (ਥੰਪਿੰਗ) ਝੋਨੇ ਦੀ ਖਰੀਦ ਚੱਲ ਰਹੀ ਹੈ, ਲੱਗਭਗ 90 ਮਣ ਪ੍ਰਤੀ ਏਕੜ ਦੇ ਕਰੀਬ ਸਾਡਾ ਝੋਨੇ ਦਾ ਝਾੜ ਇਸ ਵਾਰੀ ਜਾ ਪਹੁੰਚਿਆ ਹੈ।

ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਧਰਤੀ ਵਿੱਚੋਂ ਪਾਣੀ ਘੱਟ ਵਰਤਿਆ ਗਿਆ ਹੈ, ਮੀਂਹ ਵੀ ਘੱਟ ਪਿਆ ਹੈ ਪ੍ਰੰਤੂ ਫਿਰ ਵੀ ਧਰਤੀ ਵਿੱਚੋਂ ਪਾਣੀ ਘੱਟ ਵਰਤਿਆ ਗਿਆ ਹੈ। ਤਕਰੀਬਨ 18000 ਕਿਊਸਿਕ ਲੀਟਰ ਪਾਣੀ ਮੋਘਿਆਂ ਰਾਹੀਂ ਕੱਢ ਕੇ ਪੰਜਾਬ ਦੇ ਵੱਖ-ਵੱਖ ਏਰੀਆਜ਼ ਵਿੱਚ ਕੱਸੀਆਂ ਰਾਹੀਂ ਖੇਤਾਂ ਨੂੰ ਦੇ ਦਿੱਤਾ ਹੈ। ਡਿਪਟੀ ਸਪੀਕਰ ਸਾਹਿਬ, 18000 ਕਿਊਸਿਕ ਲੀਟਰ ਪਾਣੀ ਭਾਖੜਾ ਨਹਿਰ ਵਿੱਚ ਚੱਲਦਾ ਹੈ। ਯਾਨੀ ਕਿ ਇੱਕ ਭਾਖੜਾ ਨਹਿਰ ਵੱਖ-ਵੱਖ ਮੋਘਿਆਂ ਰਾਹੀਂ ਕੱਢ ਕੇ ਪੰਜਾਬ ਦੇ ਖੇਤਾਂ ਵਿੱਚ ਵਿਛਾ ਦਿੱਤੀ ਹੈ। (ਥੰਪਿੰਗ) ਸੋ, ਇਹ ਬਹੁਤ ਖੁਸ਼ਨੁਮਾ ਅੰਕੜੇ ਹਨ। ਇਹ ਭਾਰਤ ਸਰਕਾਰ ਦੇ ਅੰਕੜੇ ਹਨ। ਇਹ ਭੂ-ਜਲ ਬੋਰਡ, ਭਾਰਤ ਸਰਕਾਰ ਦੇ ਅੰਕੜੇ ਹਨ। ਇਸ ਕਰਕੇ ਬੜੀ ਖੁਸ਼ੀ ਦੀ ਗੱਲ ਹੈ ਕਿ ਸਾਡੇ ਬਹੁਤ ਸਾਰੇ ਡਾਰਕ ਜ਼ੋਨ ਸੇਫ ਜ਼ੋਨ ਵਿੱਚ ਆ ਗਏ ਹਨ। ਪੰਜਾਬ ਦੇ ਪਾਣੀ ਦਾ ਪੱਧਰ ਇੱਕ ਮੀਟਰ ਤੋਂ ਪੰਜ ਮੀਟਰ ਤੱਕ ਉੱਪਰ ਆ ਗਿਆ ਹੈ। (ਥੰਪਿੰਗ) ਜਿਹੜਾ ਕਿ ਅਸੀਂ ਸੋਚਿਆ ਸੀ ਕਿ ਪੰਜਾਬ ਰੇਗਿਸਤਾਨ ਨਹੀਂ ਬਣਨ ਦੇਣਾ, ਅਸੀਂ ਪੰਜਾਬ ਦਾ ਪਾਣੀ ਬਚਾਉਣਾ ਹੈ। 'ਪੰਜ-ਆਬ', ਸਾਡੇ ਸੂਬੇ ਦਾ ਨਾਮ ਪਾਣੀਆਂ 'ਤੇ ਹੈ। ਇਸ ਕਰਕੇ ਮੰਤਰੀ ਸਾਹਿਬ ਨੇ ਜਿਹੜਾ ਇਹ ਜਵਾਬ ਦਿੱਤਾ ਹੈ, ਇਹ ਬਿਲਕੁਲ ਸਹੀ ਹੈ। ਮੈਂ ਇਸ ਦਾ ਤਾਈਦ ਕਰਦਾ ਹਾਂ। ਜਿੱਥੇ ਜਿੱਥੇ ਵੀ ਰਹਿ ਗਿਆ, ਅਸੀਂ 14000 ਕਿਲੋਮੀਟਰ ਪਾਈਪ ਲਾਈਨਾਂ ਵਿਛਾ ਦਿੱਤੀਆਂ ਹਨ। 14000 ਕਿਲੋਮੀਟਰ ਦਿੱਲੀ ਤੋਂ ਕੈਨੇਡਾ ਬਣਦਾ ਹੈ। ਅਸੀਂ 14000 ਕਿਲੋਮੀਟਰ ਪਾਈਪ ਲਾਈਨਾਂ ਵਿਛਾ ਦਿੱਤੀਆਂ ਹਨ ਅਤੇ ਹੁਣ ਅੱਗੇ 6000 ਕਿਲੋਮੀਟਰ ਵਿਛਾਉਣੀਆਂ ਹਨ। ਸੋ, ਜਦੋਂ ਹੀ ਥੋੜ੍ਹਾ ਜਿਹਾ ਸਮਾਂ ਮਿਲਿਆ, ਫ਼ਸਲ ਕੱਟਣ ਤੋਂ ਬਾਅਦ, ਅਸੀਂ ਫੇਰ ਅੰਡਰ-ਗਰਾਊਂਡ ਪਾਈਪਾਂ ਅਤੇ ਕੱਸੀਆਂ, ਜਿੱਥੇ ਕਦੇ ਪਿਛਲੇ 40-50 ਸਾਲ ਤੋਂ ਪਾਣੀ ਨਹੀਂ ਵੀ ਪਹੁੰਚਿਆ ਸੀ, ਉੱਥੇ ਤੱਕ ਪਹੁੰਚਾ ਦਿੱਤੀਆਂ ਹਨ। (ਥੰਪਿੰਗ)

**ਮਾਣਯੋਗ ਡਿਪਟੀ ਸਪੀਕਰ**: ਸੀ.ਐਮ. ਸਾਹਿਬ, ਤੁਹਾਡੀ ਗੱਲ ਬਿਲਕੁਲ ਠੀਕ ਹੈ। ਮੈਂਬਰ ਸਾਹਿਬ ਨੇ ਮਾਣਯੋਗ ਮੁੱਖ ਮੰਤਰੀ ਸਾਹਿਬ ਨੂੰ ਅੱਜ ਜਲ ਦੇਵਤਾ ਕਿਹਾ ਹੈ। ਇਹ ਸੱਚੀ ਗੱਲ ਹੈ ਕਿਉਂਕਿ ਜੇਕਰ ਆਪਾਂ ਗੜ੍ਹਸ਼ੰਕਰ ਦੀ ਗੱਲ ਕਰੀਏ ਤਾਂ ਸਾਡਾ ਇਹ ਏਰੀਆ ਡਾਰਕ ਜ਼ੋਨ ਵਿੱਚ ਆਉਂਦਾ ਸੀ। ਹੁਣ ਮੁੱਖ ਮੰਤਰੀ ਸਾਹਿਬ ਨੇ ਜਿਹੜੀ ਭੂ-ਜਲ

ਯੋਜਨਾ ਦੀ ਗੱਲ ਕੀਤੀ ਹੈ, ਇਹ ਉਹੀ ਅਟਲ ਭੂ-ਜਲ ਯੋਜਨਾ ਹੈ, ਜਿਹੜੀ ਵਾਸਤੇ ਕਿ ਕੇਂਦਰ ਸਰਕਾਰ ਨੇ 6000 ਕਰੋੜ ਦਾ ਪ੍ਰੋਜੈਕਟ ਰੱਖਿਆ ਸੀ, ਪੰਜਾਬ ਨੂੰ ਇੱਕ ਰੁਪਿਆ ਨਹੀਂ ਦਿੱਤਾ ਸੀ, ਉਸ ਦੇ ਵਿੱਚ ਨਹੀਂ ਰੱਖਿਆ ਸੀ। ਪਰ ਫੇਰ ਵੀ ਪੰਜਾਬ ਸਰਕਾਰ ਦੀ ਆਪਣੀ ਹਿੰਮਤ ਸਦਕਾ, ਮੈਂ ਆਪਣੇ ਘਰ ਦੀ ਗੱਲ ਕਰਦਾ ਹਾਂ, ਸਾਡੇ ਘਰ ਵਿੱਚ ਪੀਣ ਵਾਲੇ ਪਾਣੀ ਲਈ ਸਬਮਰਸੀਬਲ ਬੋਰ ਹੈ,

**1200/harpreet singh**

ਹਰ ਸਾਲ ਅਸੀਂ 20 ਫੁੱਟ ਦਾ ਟੋਟਾ ਪਾਉਂਦੇ ਹੁੰਦੇ ਸੀ ਪਰ ਪਿਛਲੇ ਚਾਰ ਸਾਲਾਂ ਦੌਰਾਨ ਸਾਨੂੰ ਇਕ ਵਾਰ ਵੀ ਉਹ 20 ਫੁੱਟ ਦਾ ਟੋਟਾ ਪਾਉਣ ਦੀ ਜ਼ਰੂਰਤ ਨਹੀਂ ਪਈ। (ਥੰਪਿੰਗ) ਸੋ, ਪਾਣੀ ਦਾ ਪੱਧਰ ਉੱਚਾ ਹੋਇਆ ਹੈ। ਮੈਂ ਖੁਦ ਮੰਡੀਆਂ ਵਿਚ ਜਾ ਕੇ ਆਇਆ ਹਾਂ। ਜਿਹੜੇ ਝੋਨੇ ਦੇ ਦਾਣੇ ਵੇਖੇ ਤਾਂ ਜਿਵੇਂ ਮੁੱਖ ਮੰਤਰੀ ਸਾਹਿਬ ਨੇ ਦੇਸੀ ਘਿਓ ਵਾਲੀ ਗੱਲ ਕਹੀ ਹੈ, ਉਹ ਬਿਲਕੁਲ ਠੀਕ ਹੈ। ਮੈਂ ਮੰਡੀ ਵਿਚ ਗਿਆ ਤਾਂ ਮੈਂ ਕਿਹਾ ਅਸੀਂ ਨਹੀਂ ਬੋਲਣਾ, ਕਿਸਾਨਾਂ ਨੂੰ ਪੁੱਛੀਏ ਕਿ ਤੁਹਾਡਾ ਝਾੜ ਕਿੰਞ ਵਧਿਆ ਹੈ ਤਾਂ ਕਿਸਾਨਾਂ ਨੇ ਆਪ ਬੋਲਿਆ ਕਿ ਕੰਢੀ ਕਨਾਲ ਬਿਸਤ ਦੁਆਬ ਨਹਿਰ ਦੇ ਨਾਲ ਖੇਤਾਂ ਦੀ ਸਿੰਚਾਈ ਕਰਨ ਨਾਲ ਸਾਡਾ ਝਾੜ ਵਧਿਆ ਹੈ। ਸੋ, ਮਾਣਯੋਗ ਮੁੱਖ ਮੰਤਰੀ ਜੀ, ਅਸੀਂ ਸਾਰੇ ਤੁਹਾਡਾ ਬਹੁਤ ਬਹੁਤ ਧੰਨਵਾਦ ਕਰਦੇ ਹਾਂ। (ਥੰਪਿੰਗ) ਜੀ, ਮੈਂਬਰ ਸਾਹਿਬ, ਤੁਹਾਡੀ ਕੋਈ ਗੱਲ ਰਹਿ ਗਈ ਹੈ।

**ਸਰਦਾਰ ਕੁਲਜੀਤ ਸਿੰਘ ਰੰਧਾਵਾ** : ਮੈਂ ਸਭ ਤੋਂ ਪਹਿਲਾਂ ਮਾਣਯੋਗ ਮੁੱਖ ਮੰਤਰੀ ਜੀ ਦਾ ਧੰਨਵਾਦ ਕਰਦਾ ਹਾਂ ਕਿ ਪੰਜਾਬ ਦੇ ਲੋਕ ਤੁਹਾਨੂੰ ਜਲ ਦੇਵਤਾ ਕਹਿੰਦੇ ਹਨ। ਮੰਤਰੀ ਸਾਹਿਬ ਨੇ ਮੈਨੂੰ ਭਰੋਸਾ ਦਿਵਾਇਆ ਹੈ। ਹੁਣ ਮੁੱਖ ਮੰਤਰੀ ਸਾਹਿਬ ਤੋਂ ਬਾਅਦ ਮੇਰੇ ਕੋਲ ਬੋਲਣ ਲਈ ਕੁਝ ਨਹੀਂ ਬਚਿਆ ਹੈ। ਮੁੱਖ ਮੰਤਰੀ ਜੀ, ਬੱਸ ਮੇਰੇ ਹਲਕੇ ਡੇਰਾਬੱਸੀ ਵੱਲ ਧਿਆਨ ਜ਼ਰੂਰ ਕਰਿਓ। ਬਹੁਤ ਬਹੁਤ ਧੰਨਵਾਦ।

---

## PAPERS LAID ON THE TABLE OF THE HOUSE

**ਮਾਣਯੋਗ ਡਿਪਟੀ ਸਪੀਕਰ**: ਸੰਸਦੀ ਮਾਮਲੇ ਮੰਤਰੀ ਜੀ, ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ ਪੇਸ਼ ਕਰਨ।

**ਸੰਸਦੀ ਮਾਮਲੇ ਮੰਤਰੀ (ਡਕਾਟਰ ਰਵਜੋਤ ਸਿੰਘ):** ਸ਼੍ਰੀਮਾਨ ਜੀ, ਮੈਂ ਅੱਜ ਦੀ ਕਾਰਜ ਸੂਚੀ ਵਿੱਚ ਮੱਦ ਨੰ. 3 ਅਧੀਨ ਦਰਸਾਏ ਗਏ ਲੜੀ ਨੰ. 1 ਤੋਂ 11 ਤੱਕ ਦੇ ਕਾਗਜ਼-ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

1. ਸਾਲ 2021-22 ਲਈ ਪੰਜਾਬ ਰਾਜ ਵੇਅਰਹਾਊਸਿੰਗ ਕਾਰਪੋਰੇਸ਼ਨ ਦੀ 55ਵੀਂ ਸਾਲਾਨਾ ਰਿਪੋਰਟ ਸਦਨ ਦੀ ਮੇਜ਼ 'ਤੇ ਰੱਖਣਗੇ, ਜਿਵੇਂ ਕਿ ਵੇਅਰਹਾਊਸਿੰਗ ਕਾਰਪੋਰੇਸ਼ਨਜ਼ ਐਕਟ, 1962 ਦੀ ਧਾਰਾ 31(11) ਅਧੀਨ ਲੋੜੀਂਦਾ ਹੈ।

2. ਸਾਲ 2017-18 ਲਈ ਪੈਪਸੂ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਦੇ ਸਾਲਾਨਾ ਲੇਖੇ ਸਦਨ ਦੀ ਮੇਜ਼ 'ਤੇ ਰੱਖਣਗੇ, ਜਿਵੇਂ ਕਿ ਰੋਡ ਟਰਾਂਸਪੋਰਟ ਕਾਰਪੋਰੇਸ਼ਨ ਐਕਟ, 1950 ਦੀ ਧਾਰਾ 33(4) ਅਧੀਨ ਲੋੜੀਂਦਾ ਹੈ।

3. ਸਾਲ 2018-19 ਲਈ ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਟਿਡ ਦੀ 16ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ 'ਤੇ ਰੱਖਣਗੇ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619(3)(ੳ) ਅਧੀਨ ਲੋੜੀਂਦਾ ਹੈ।

4. ਸਾਲ 2020-21 ਲਈ ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਦੇ ਲੇਖਿਆਂ ਦਾ ਸਾਲਾਨਾ ਵਿਵਰਣ ਸਦਨ ਦੀ ਮੇਜ਼ 'ਤੇ ਰੱਖਣਗੇ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ) ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

5. ਸਾਲ 2021-22 ਲਈ ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਦੇ ਲੇਖਿਆਂ ਦਾ ਸਾਲਾਨਾ ਵਿਵਰਣ ਸਦਨ ਦੀ ਮੇਜ਼ 'ਤੇ ਰੱਖਣਗੇ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ) ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

6. ਸਾਲ 2022-23 ਲਈ ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ ਦੇ ਲੇਖਿਆਂ ਦਾ ਸਾਲਾਨਾ ਵਿਵਰਣ ਸਦਨ ਦੀ ਮੇਜ਼ 'ਤੇ ਰੱਖਣਗੇ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ) ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

7. ਸਾਲ 2022-23 ਲਈ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ ਦੇ ਲੇਖਿਆਂ ਦਾ ਸਾਲਾਨਾ ਵਿਵਰਣ ਸਦਨ ਦੀ ਮੇਜ਼ 'ਤੇ ਰੱਖਣਗੇ, ਜਿਵੇਂ ਕਿ ਪੰਜਾਬ ਖੇਤਰੀ ਅਤੇ ਟਾਊਨ ਪਲਾਨਿੰਗ ਅਤੇ ਵਿਕਾਸ (ਪੀ.ਆਰ.ਟੀ.ਪੀ.ਡੀ) ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

8. ਸਾਲ 2022-23 ਲਈ ਅੰਮ੍ਰਿਤਸਰ ਹੋਟਲ ਲਿਮਟਿਡ ਦੀ 20ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ 'ਤੇ ਰੱਖਣਗੇ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 394 ਅਧੀਨ ਲੋੜੀਂਦਾ ਹੈ।

9. ਸਾਲ 2022-23 ਲਈ ਨੀਮ ਚਮੇਲੀ ਟੂਰਿਸਟ ਕੰਪਲੈਕਸ ਲਿਮਟਿਡ ਦੀ 20ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 394 ਅਧੀਨ ਲੋੜੀਂਦਾ ਹੈ।

10. ਸਾਲ 2019-20 ਲਈ ਪੰਜਾਬ ਸੈਰ ਸਪਾਟਾ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੀ 41ਵੀਂ ਸਾਲਾਨਾ ਰਿਪੋਰਟ ਅਤੇ ਲੇਖੇ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਕੰਪਨੀਜ਼ ਐਕਟ, 2013 ਦੀ ਧਾਰਾ 394 ਅਧੀਨ ਲੋੜੀਂਦਾ ਹੈ।

11. ਸਾਲ 2024-25 ਲਈ ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ ਦੀ ਸਾਲਾਨਾ ਰਿਪੋਰਟ ਸਦਨ ਦੀ ਮੇਜ਼ ਤੇ ਰੱਖਣਗੇ, ਜਿਵੇਂ ਕਿ ਪੰਜਾਬ ਸਿਹਤ ਸਿਸਟਮਜ਼ ਕਾਰਪੋਰੇਸ਼ਨ ਐਕਟ, 1996 ਦੀ ਧਾਰਾ 21(4) ਅਧੀਨ ਲੋੜੀਂਦਾ ਹੈ।

----

**OFFICIAL RESOLUTION REGARDING PROTECTION OF VOTING RIGHTS, ALLEGED ELECTORAL IRREGULARITIES AND ACCOUNTABILITY OF THE ELECTION COMMISSION OF INDIA**

**ਮਾਣਯੋਗ ਡਿਪਟੀ ਸਪੀਕਰ**: ਸਰਕਾਰੀ ਮਤਾ। ਸਰਦਾਰ ਹਰਪਾਲ ਸਿੰਘ ਚੀਮਾ ਜੀ, ਵਿੱਤ ਮੰਤਰੀ ਜੀ, ਸਰਕਾਰੀ ਮਤਾ ਪੇਸ਼ ਕਰਨ।

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਸ੍ਰੀਮਾਨ ਜੀ, ਮੈਂ ਇਹ ਪ੍ਰਸਤਾਵ ਕਰਦਾ ਹਾਂ ਕਿ -

"ਜਦੋਂ ਕਿ, ਭਾਰਤ ਦਾ ਲੋਕਤੰਤਰ ਸੰਵਿਧਾਨ ਵਿੱਚ ਦਰਜ ਸਮਾਨਤਾ, ਨਿਆਂ ਅਤੇ ਲੋਕਾਂ ਦੀ ਸਰਬਉੱਚਤਾ ਦੇ ਸਿਧਾਂਤਾਂ ’ਤੇ ਆਧਾਰਿਤ ਹੈ ਅਤੇ ਵੋਟ ਦਾ ਅਧਿਕਾਰ ਲੋਕਤੰਤਰੀ ਪ੍ਰਣਾਲੀ ਦੀ ਬੁਨਿਆਦ ਹੈ;

ਅਤੇ ਜਦੋਂ ਕਿ, ਭਾਰਤੀ ਸੰਵਿਧਾਨ ਦੀਆਂ ਧਾਰਾਵਾਂ 324, 325 ਅਤੇ 326 ਚੋਣ ਪ੍ਰਕਿਰਿਆ ਦੀ ਨਿਗਰਾਨੀ, ਵੋਟਰ ਸੂਚੀਆਂ ਵਿੱਚ ਭੇਦਭਾਵ ਤੋਂ ਸੁਰੱਖਿਆ ਅਤੇ ਬਾਲਗ ਮਤਾਧਿਕਾਰ ਦੇ ਸਿਧਾਂਤਾਂ ਨੂੰ ਯਕੀਨੀ ਬਣਾਉਂਦੀਆਂ ਹਨ;

ਅਤੇ ਜਦੋਂ ਕਿ, ਦੇਸ਼ ਭਰ ਵਿੱਚ ਵੱਡੀ ਗਿਣਤੀ ਵਿੱਚ ਨਾਗਰਿਕਾਂ ਦੇ ਨਾਂ ਵੋਟਰ ਸੂਚੀਆਂ ਵਿੱਚੋਂ ਹਟਾਏ ਜਾਣ ਅਤੇ ਯੋਗ ਵੋਟਰਾਂ ਦੇ ਵੋਟ ਦੇ ਅਧਿਕਾਰ ਤੋਂ ਵਾਂਝੇ ਹੋਣ ਸਬੰਧੀ ਗੰਭੀਰ ਇਤਰਾਜ਼ ਅਤੇ ਸ਼ਿਕਾਇਤਾਂ ਸਾਹਮਣੇ ਆਈਆਂ ਹਨ, ਜਿਸ ਨਾਲ ਚੋਣ ਪ੍ਰਕਿਰਿਆ ਦੀ ਪਾਰਦਰਸ਼ਤਾ, ਨਿਰਪੱਖਤਾ ਅਤੇ ਚੋਣ ਕਮਿਸ਼ਨ ਦੀ ਜਵਾਬਦੇਹੀ ਬਾਰੇ ਸਵਾਲ ਉੱਠੇ ਹਨ;

ਅਤੇ ਜਦੋਂ ਕਿ, ਮੁੱਖ ਚੋਣ ਕਮਿਸ਼ਨਰ ਸ੍ਰੀ ਗਿਆਨੇਸ਼ ਕੁਮਾਰ ਦੀ ਅਗਵਾਈ ਹੇਠ ਚੋਣ ਕਮਿਸ਼ਨ ਦੇ ਕੰਮਕਾਜ ਅਤੇ ਵੋਟਰ ਸੂਚੀਆਂ ਨਾਲ ਸਬੰਧਤ ਫ਼ੈਸਲਿਆਂ ਬਾਰੇ ਉੱਠੇ ਇਤਰਾਜ਼ਾਂ ਦੀ ਨਿਰਪੱਖ ਜਾਂਚ ਅਤੇ ਜਵਾਬਦੇਹੀ ਤੈਅ ਕਰਨਾ ਲੋਕਤੰਤਰ ਦੇ ਹਿੱਤ ਵਿੱਚ ਜ਼ਰੂਰੀ ਹੈ ।

ਇਸ ਲਈ, ਪੰਜਾਬ ਵਿਧਾਨ ਸਭਾ ਇਹ ਮਤਾ ਪਾਸ ਕਰਦੀ ਹੈ ਕਿ:

1. ਇਹ ਸਦਨ ਨਾਗਰਿਕਾਂ ਨੂੰ ਉਨ੍ਹਾਂ ਦੇ ਵੋਟ ਦੇ ਅਧਿਕਾਰ ਤੋਂ ਕਥਿਤ ਤੌਰ ’ਤੇ ਵਾਂਝਾ ਕੀਤੇ ਜਾਣ ਦੀਆਂ ਘਟਨਾਵਾਂ ’ਤੇ ਗੰਭੀਰ ਚਿੰਤਾ ਪ੍ਰਗਟ ਕਰਦਾ ਹੈ ਅਤੇ ਮੰਗ ਕਰਦਾ ਹੈ ਕਿ ਸਾਰੇ ਯੋਗ ਨਾਗਰਿਕਾਂ ਦੇ ਵੋਟ ਦੇ ਅਧਿਕਾਰ ਦੀ ਸੰਵਿਧਾਨਕ ਸੁਰੱਖਿਆ ਯਕੀਨੀ ਬਣਾਈ ਜਾਵੇ।

2. ਇਹ ਸਦਨ ਮੁੱਖ ਚੋਣ ਕਮਿਸ਼ਨਰ ਸ੍ਰੀ ਗਿਆਨੇਸ਼ ਕੁਮਾਰ ਦੀ ਅਗਵਾਈ ਹੇਠ ਚੋਣ ਪ੍ਰਕਿਰਿਆ ਅਤੇ ਵੋਟਰ ਸੂਚੀਆਂ ਨਾਲ ਸਬੰਧਤ ਕਥਿਤ ਬੇਨਿਯਮੀਆਂ ਦੀ ਜਾਂਚ ਲਈ ਇੱਕ ਸੁਤੰਤਰ, ਨਿਰਪੱਖ ਅਤੇ

ਭਰੋਸੇਯੋਗ ਜਾਂਚ ਤੰਤਰ ਸਥਾਪਤ ਕਰਨ ਦੀ ਮੰਗ ਕਰਦਾ ਹੈ, ਤਾਂ ਜੋ ਸੱਚਾਈ ਸਾਹਮਣੇ ਆ ਸਕੇ ਅਤੇ ਜਵਾਬਦੇਹੀ ਤੈਅ ਹੋ ਸਕੇ।

3. ਇਹ ਸਦਨ ਮੰਗ ਕਰਦਾ ਹੈ ਕਿ ਜੇਕਰ ਜਾਂਚ ਦੌਰਾਨ ਕਿਸੇ ਵੀ ਵਿਅਕਤੀ ਵਿਰੁੱਧ ਅਪਰਾਧਿਕ ਉਲੰਘਣਾ ਦੇ ਪੁਖ਼ਤਾ ਸਬੂਤ ਸਾਹਮਣੇ ਆਉਂਦੇ ਹਨ, ਤਾਂ ਉਸ ਵਿਰੁੱਧ ਲਾਗੂ ਕਾਨੂੰਨ ਅਨੁਸਾਰ ਅਪਰਾਧਿਕ ਕਾਰਵਾਈ ਸ਼ੁਰੂ ਕੀਤੀ ਜਾਵੇ।

4. ਇਹ ਸਦਨ ਕੇਂਦਰ ਸਰਕਾਰ ਅਤੇ ਸਬੰਧਤ ਸੰਵਿਧਾਨਕ ਅਥਾਰਟੀਆਂ ਨੂੰ ਅਪੀਲ ਕਰਦਾ ਹੈ ਕਿ ਚੋਣ ਕਮਿਸ਼ਨ ਦੀ ਆਜ਼ਾਦੀ, ਨਿਰਪੱਖਤਾ ਅਤੇ ਜਵਾਬਦੇਹੀ ਯਕੀਨੀ ਬਣਾਈ ਜਾਵੇ ਅਤੇ ਇਸ ਮਤੇ ਦੀ ਕਾਪੀ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਮੁੱਖ ਚੋਣ ਕਮਿਸ਼ਨਰ ਨੂੰ ਅਗਲੀ ਢੁੱਕਵੀਂ ਕਾਰਵਾਈ ਲਈ ਭੇਜੀ ਜਾਵੇ।

5. ਬਾਬਾ ਸਾਹਿਬ ਅੰਬੇਦਕਰ ਨੇ ਸੰਵਿਧਾਨ ਰਾਹੀਂ ਭਾਰਤ ਦੇ ਹਰ ਨਾਗਰਿਕ ਨੂੰ ਵੋਟ ਕਰਨ ਦਾ ਬਰਾਬਰਤਾ ਦਾ ਅਧਿਕਾਰ ਦਿੱਤਾ ਸੀ ਪਰ ਗਿਆਨੇਸ਼ ਕੁਮਾਰ ਨੇ ਸੰਵਿਧਾਨ ਦੀਆਂ ਧੱਜੀਆਂ ਉਡਾਉਂਦੇ ਹੋਏ ਭਾਰਤ ਦੇ ਨਾਗਰਿਕਾਂ ਤੋਂ ਇਹ ਅਧਿਕਾਰ ਖੋਹਣ ਦਾ ਕੰਮ ਕੀਤਾ ਹੈ।

ਇਹ ਸਦਨ ਦ੍ਰਿੜ੍ਹਤਾ ਨਾਲ ਦੁਹਰਾਉਂਦਾ ਹੈ ਕਿ ਲੋਕਤੰਤਰ ਵਿੱਚ ਹਰੇਕ ਯੋਗ ਨਾਗਰਿਕ ਦੀ ਵੋਟ ਕੀਮਤੀ ਹੈ। ਕਿਸੇ ਵੀ ਨਾਗਰਿਕ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਵੋਟ ਦੇ ਅਧਿਕਾਰ ਤੋਂ ਵਾਂਝਾ ਕਰਨਾ ਸੰਵਿਧਾਨਕ ਲੋਕਤੰਤਰ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਦੇ ਵਿਰੁੱਧ ਹੈ। ਲੋਕਾਂ ਦੇ ਵੋਟ ਦੇ ਅਧਿਕਾਰ ਦੀ ਰਾਖੀ ਅਤੇ ਚੋਣ ਸੰਸਥਾਵਾਂ ਦੀ ਜਵਾਬਦੇਹੀ ਯਕੀਨੀ ਬਣਾਉਣਾ ਦੇਸ਼ ਦੇ ਲੋਕਤੰਤਰ ਦੀ ਰਾਖੀ ਲਈ ਲਾਜ਼ਮੀ ਹੈ।’’

**ਮਾਣਯੋਗ ਡਿਪਟੀ ਸਪੀਕਰ**: ਪ੍ਰਸਤਾਵ ਕੀਤਾ ਕਿ -

"ਜਦੋਂ ਕਿ, ਭਾਰਤ ਦਾ ਲੋਕਤੰਤਰ ਸੰਵਿਧਾਨ ਵਿੱਚ ਦਰਜ ਸਮਾਨਤਾ, ਨਿਆਂ ਅਤੇ ਲੋਕਾਂ ਦੀ ਸਰਬਉੱਚਤਾ ਦੇ ਸਿਧਾਂਤਾਂ ’ਤੇ ਆਧਾਰਿਤ ਹੈ ਅਤੇ ਵੋਟ ਦਾ ਅਧਿਕਾਰ ਲੋਕਤੰਤਰੀ ਪ੍ਰਣਾਲੀ ਦੀ ਬੁਨਿਆਦ ਹੈ;

ਅਤੇ ਜਦੋਂ ਕਿ, ਭਾਰਤੀ ਸੰਵਿਧਾਨ ਦੀਆਂ ਧਾਰਾਵਾਂ 324, 325 ਅਤੇ 326 ਚੋਣ ਪ੍ਰਕਿਰਿਆ ਦੀ ਨਿਗਰਾਨੀ, ਵੋਟਰ ਸੂਚੀਆਂ ਵਿੱਚ ਭੇਦਭਾਵ ਤੋਂ ਸੁਰੱਖਿਆ ਅਤੇ ਬਾਲਗ ਮਤਾਧਿਕਾਰ ਦੇ ਸਿਧਾਂਤਾਂ ਨੂੰ ਯਕੀਨੀ ਬਣਾਉਂਦੀਆਂ ਹਨ;

ਅਤੇ ਜਦੋਂ ਕਿ, ਦੇਸ਼ ਭਰ ਵਿੱਚ ਵੱਡੀ ਗਿਣਤੀ ਵਿੱਚ ਨਾਗਰਿਕਾਂ ਦੇ ਨਾਂ ਵੋਟਰ ਸੂਚੀਆਂ ਵਿੱਚੋਂ ਹਟਾਏ ਜਾਣ ਅਤੇ ਯੋਗ ਵੋਟਰਾਂ ਦੇ ਵੋਟ ਦੇ ਅਧਿਕਾਰ ਤੋਂ ਵਾਂਝੇ ਹੋਣ ਸਬੰਧੀ ਗੰਭੀਰ ਇਤਰਾਜ਼ ਅਤੇ ਸ਼ਿਕਾਇਤਾਂ ਸਾਹਮਣੇ

ਆਈਆਂ ਹਨ, ਜਿਸ ਨਾਲ ਚੋਣ ਪ੍ਰਕਿਰਿਆ ਦੀ ਪਾਰਦਰਸ਼ਤਾ, ਨਿਰਪੱਖਤਾ ਅਤੇ ਚੋਣ ਕਮਿਸ਼ਨ ਦੀ ਜਵਾਬਦੇਹੀ ਬਾਰੇ ਸਵਾਲ ਉੱਠੇ ਹਨ;

ਅਤੇ ਜਦੋਂ ਕਿ, ਮੁੱਖ ਚੋਣ ਕਮਿਸ਼ਨਰ ਸ੍ਰੀ ਗਿਆਨੇਸ਼ ਕੁਮਾਰ ਦੀ ਅਗਵਾਈ ਹੇਠ ਚੋਣ ਕਮਿਸ਼ਨ ਦੇ ਕੰਮਕਾਜ ਅਤੇ ਵੋਟਰ ਸੂਚੀਆਂ ਨਾਲ ਸਬੰਧਤ ਫ਼ੈਸਲਿਆਂ ਬਾਰੇ ਉੱਠੇ ਇਤਰਾਜ਼ਾਂ ਦੀ ਨਿਰਪੱਖ ਜਾਂਚ ਅਤੇ ਜਵਾਬਦੇਹੀ ਤੈਅ ਕਰਨਾ ਲੋਕਤੰਤਰ ਦੇ ਹਿੱਤ ਵਿੱਚ ਜ਼ਰੂਰੀ ਹੈ।

ਇਸ ਲਈ, ਪੰਜਾਬ ਵਿਧਾਨ ਸਭਾ ਇਹ ਮਤਾ ਪਾਸ ਕਰਦੀ ਹੈ ਕਿ:

1. ਇਹ ਸਦਨ ਨਾਗਰਿਕਾਂ ਨੂੰ ਉਨ੍ਹਾਂ ਦੇ ਵੋਟ ਦੇ ਅਧਿਕਾਰ ਤੋਂ ਕਥਿਤ ਤੌਰ ’ਤੇ ਵਾਂਝਾ ਕੀਤੇ ਜਾਣ ਦੀਆਂ ਘਟਨਾਵਾਂ ’ਤੇ ਗੰਭੀਰ ਚਿੰਤਾ ਪ੍ਰਗਟ ਕਰਦਾ ਹੈ ਅਤੇ ਮੰਗ ਕਰਦਾ ਹੈ ਕਿ ਸਾਰੇ ਯੋਗ ਨਾਗਰਿਕਾਂ ਦੇ ਵੋਟ ਦੇ ਅਧਿਕਾਰ ਦੀ ਸੰਵਿਧਾਨਕ ਸੁਰੱਖਿਆ ਯਕੀਨੀ ਬਣਾਈ ਜਾਵੇ।

2. ਇਹ ਸਦਨ ਮੁੱਖ ਚੋਣ ਕਮਿਸ਼ਨਰ ਸ੍ਰੀ ਗਿਆਨੇਸ਼ ਕੁਮਾਰ ਦੀ ਅਗਵਾਈ ਹੇਠ ਚੋਣ ਪ੍ਰਕਿਰਿਆ ਅਤੇ ਵੋਟਰ ਸੂਚੀਆਂ ਨਾਲ ਸਬੰਧਤ ਕਥਿਤ ਬੇਨਿਯਮੀਆਂ ਦੀ ਜਾਂਚ ਲਈ ਇੱਕ ਸੁਤੰਤਰ, ਨਿਰਪੱਖ ਅਤੇ ਭਰੋਸੇਯੋਗ ਜਾਂਚ ਤੰਤਰ ਸਥਾਪਤ ਕਰਨ ਦੀ ਮੰਗ ਕਰਦਾ ਹੈ, ਤਾਂ ਜੋ ਸੱਚਾਈ ਸਾਹਮਣੇ ਆ ਸਕੇ ਅਤੇ ਜਵਾਬਦੇਹੀ ਤੈਅ ਹੋ ਸਕੇ।

3. ਇਹ ਸਦਨ ਮੰਗ ਕਰਦਾ ਹੈ ਕਿ ਜੇਕਰ ਜਾਂਚ ਦੌਰਾਨ ਕਿਸੇ ਵੀ ਵਿਅਕਤੀ ਵਿਰੁੱਧ ਅਪਰਾਧਿਕ ਉਲੰਘਣਾ ਦੇ ਪੁਖ਼ਤਾ ਸਬੂਤ ਸਾਹਮਣੇ ਆਉਂਦੇ ਹਨ, ਤਾਂ ਉਸ ਵਿਰੁੱਧ ਲਾਗੂ ਕਾਨੂੰਨ ਅਨੁਸਾਰ ਅਪਰਾਧਿਕ ਕਾਰਵਾਈ ਸ਼ੁਰੂ ਕੀਤੀ ਜਾਵੇ।

4. ਇਹ ਸਦਨ ਕੇਂਦਰ ਸਰਕਾਰ ਅਤੇ ਸਬੰਧਤ ਸੰਵਿਧਾਨਕ ਅਥਾਰਟੀਆਂ ਨੂੰ ਅਪੀਲ ਕਰਦਾ ਹੈ ਕਿ ਚੋਣ ਕਮਿਸ਼ਨ ਦੀ ਆਜ਼ਾਦੀ, ਨਿਰਪੱਖਤਾ ਅਤੇ ਜਵਾਬਦੇਹੀ ਯਕੀਨੀ ਬਣਾਈ ਜਾਵੇ ਅਤੇ ਇਸ ਮਤੇ ਦੀ ਕਾਪੀ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਮੁੱਖ ਚੋਣ ਕਮਿਸ਼ਨਰ ਨੂੰ ਅਗਲੀ ਢੁੱਕਵੀਂ ਕਾਰਵਾਈ ਲਈ ਭੇਜੀ ਜਾਵੇ।

5. ਬਾਬਾ ਸਾਹਿਬ ਅੰਬੇਦਕਰ ਨੇ ਸੰਵਿਧਾਨ ਰਾਹੀਂ ਭਾਰਤ ਦੇ ਹਰ ਨਾਗਰਿਕ ਨੂੰ ਵੋਟ ਕਰਨ ਦਾ ਬਰਾਬਰਤਾ ਦਾ ਅਧਿਕਾਰ ਦਿੱਤਾ ਸੀ ਪਰ ਗਿਆਨੇਸ਼ ਕੁਮਾਰ ਨੇ ਸੰਵਿਧਾਨ ਦੀਆਂ ਧੱਜੀਆਂ ਉਡਾਉਂਦੇ ਹੋਏ ਭਾਰਤ ਦੇ ਨਾਗਰਿਕਾਂ ਤੋਂ ਇਹ ਅਧਿਕਾਰ ਖੋਹਣ ਦਾ ਕੰਮ ਕੀਤਾ ਹੈ।

ਇਹ ਸਦਨ ਦ੍ਰਿੜ੍ਹਤਾ ਨਾਲ ਦੁਹਰਾਉਂਦਾ ਹੈ ਕਿ ਲੋਕਤੰਤਰ ਵਿੱਚ ਹਰੇਕ ਯੋਗ ਨਾਗਰਿਕ ਦੀ ਵੋਟ ਕੀਮਤੀ ਹੈ। ਕਿਸੇ ਵੀ ਨਾਗਰਿਕ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਵੋਟ ਦੇ ਅਧਿਕਾਰ ਤੋਂ ਵਾਂਝਾ ਕਰਨਾ ਸੰਵਿਧਾਨਕ

ਲੋਕਤੰਤਰ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਦੇ ਵਿਰੁੱਧ ਹੈ। ਲੋਕਾਂ ਦੇ ਵੋਟ ਦੇ ਅਧਿਕਾਰ ਦੀ ਰਾਖੀ ਅਤੇ ਚੋਣ ਸੰਸਥਾਵਾਂ ਦੀ ਜਵਾਬਦੇਹੀ ਯਕੀਨੀ ਬਣਾਉਣਾ ਦੇਸ਼ ਦੇ ਲੋਕਤੰਤਰ ਦੀ ਰਾਖੀ ਲਈ ਲਾਜ਼ਮੀ ਹੈ।''

**1205/amandeep kaur**

**ਵਿੱਤ ਮੰਤਰੀ (ਸਰਦਾਰ ਹਰਪਾਲ ਸਿੰਘ ਚੀਮਾ)**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਇਸ ਦੇਸ਼ ਦੇ ਆਜ਼ਾਦ ਹੋਣ ਤੋਂ ਪਹਿਲਾਂ ਜੇਕਰ ਮੈਂ ਸਾਲ 1935 ਦੀ ਗੱਲ ਕਰਾਂ ਤਾਂ ਉਸ ਸਮੇਂ ਸਮਾਜ ਦੇ ਕੁਝ ਚੁਣਵੇਂ ਲੋਕਾਂ ਨੂੰ ਵੋਟ ਪਾਉਣ ਦਾ ਅਧਿਕਾਰ ਹੁੰਦਾ ਸੀ। ਜਿਨ੍ਹਾਂ ਵਿੱਚ ਵਕੀਲ, ਡਾਕਟਰ ਜਾਂ ਹੋਰ ਬੜੇ ਬੜੇ ਲੋਕ, ਰਾਜੇ ਮਹਾਰਾਜੇ ਜਾਂ ਜਿਨ੍ਹਾਂ ਕੋਲ ਬਹੁਤ ਵੱਡੀਆਂ ਵੱਡੀਆਂ ਪ੍ਰਾਪਰਟੀਆਂ, ਬਹੁਤ ਵੱਡੇ ਵੱਡੇ ਕਾਰੋਬਾਰ ਹੁੰਦੇ ਸੀ, ਉਹ ਸ਼ਾਮਲ ਹੁੰਦੇ ਸਨ। ਆਮ ਲੋਕਾਂ ਨੂੰ ਵੋਟ ਪਾਉਣ ਦਾ ਅਧਿਕਾਰੀ ਇਸ ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਨਹੀਂ ਸੀ। ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਨੇ ਆਮ ਲੋਕਾਂ ਨੂੰ, ਗਰੀਬ ਲੋਕਾਂ ਨੂੰ, ਲਤਾੜੇ ਲੋਕਾਂ ਨੂੰ, ਦਲਿਤ ਲੋਕਾਂ ਨੂੰ, ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਅਤੇ ਸਮਾਜ ਦੇ ਹਰੇਕ ਵਰਗ ਦੇ ਲੋਕਾਂ ਨੂੰ ਵੋਟ ਪਾਉਣ ਦਾ ਅਧਿਕਾਰ ਪਹਿਲੀ ਵਾਰ ਲੈ ਕੇ ਦਿੱਤਾ ਸੀ। ਉਸ ਤੋਂ ਪਹਿਲਾਂ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਇਸ ਦੇਸ਼ ਦੇ ਸੰਵਿਧਾਨ ਦੇ ਨਿਰਮਾਤਾ ਬਣੇ। ਵੱਡੇ ਵੱਡੇ 5 ਮੁਲਕਾਂ ਦੇ ਸੰਵਿਧਾਨਾਂ ਨੂੰ ਸਟੱਡੀ ਕਰਨ ਤੋਂ ਬਾਅਦ ਉਨ੍ਹਾਂ ਨੇ ਇਸ ਦੇਸ਼ ਦਾ ਸੰਵਿਧਾਨ ਬਣਾਇਆ ਪਰ ਅੱਜ ਦੇਸ਼ ਦੀ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਅੱਜ ਦੇਸ਼ ਦੇ ਗਰੀਬਾਂ ਤੋਂ ਵੋਟ ਦਾ ਅਧਿਕਾਰ ਖੋਹ ਰਹੀ ਹੈ। ਇਸ ਦੇਸ਼ ਦੇ ਅੰਦਰ ਚਾਹੇ ਉਹ ਘੱਟ ਗਿਣਤੀਆਂ ਵਾਲੇ ਹਨ, ਚਾਹੇ ਦਲਿਤ ਹਨ, ਇਨ੍ਹਾਂ ਸਾਰਿਆਂ ਨੂੰ ਹੀ ਦੇਸ਼ ਭਰ ਦੇ ਅੰਦਰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਡਿਪਟੀ ਸਪੀਕਰ ਸਾਹਿਬ, ਮੈਂ ਪਿੱਛੇ ਜਿਹੇ ਜੀ.ਐਸ.ਟੀ ਕਾਊਂਸਲ ਦੀ ਮੀਟਿੰਗ ਵਿੱਚ ਗਿਆ ਸੀ। ਉੱਥੇ ਮੈਨੂੰ ਕਰਨਾਟਕਾ ਦੇ ਰੈਵੈਨਿਊ ਮਨਿਸਟਰ ਮਿਲੇ ਉਨ੍ਹਾਂ ਨੇ ਦੱਸਿਆ ਕਿ ਭਾਰਤੀ ਜਨਤਾ ਪਾਰਟੀ ਦੇ ਜਿਹੜੇ ਲੋਕ ਹਨ ਉਹ ਜਾਅਲੀ ਫਰਜ਼ੀ ਕਾਗਜ਼/ਪੇਪਰ ਤਿਆਰ ਕਰਕੇ ਬੀ.ਐਲ.ਓ (ਜਿਹੜੇ ਸਾਡੀਆਂ ਵੋਟਾਂ ਬਣਾਉਣ ਦਾ ਕੰਮ ਕਰਦੇ ਹਨ) ਕੋਲ ਝੂਠਾ ਕਲੇਮ ਪੇਸ਼ ਕਰਦੇ ਹਨ ਤਾਂ ਕਿ ਗਰੀਬ ਲੋਕਾਂ ਦੀਆਂ ਵੋਟਾਂ ਕੱਟੀਆਂ ਜਾਣ। ਉਨ੍ਹਾਂ ਪਾਰਟੀਆਂ ਦੀਆਂ ਵੋਟਾਂ ਕੱਟੀਆਂ ਜਾਣ ਜਿਹੜੀਆਂ ਭਾਰਤੀ ਜਨਤਾ ਪਾਰਟੀ ਦੇ ਖਿਲਾਫ ਹਨ। ਅੱਜ ਦੇਸ਼ ਦੇ ਸਾਹਮਣੇ ਜਿੰਨੀਆਂ ਵੀ ਸਟੇਟਾਂ ਵਿੱਚ ਇਲੈਕਸ਼ਨ ਹੋਈ ਹੈ, ਜਿਵੇਂ ਸਭ ਤੋਂ ਪਹਿਲਾਂ ਸ਼ੁਰੂਆਤ ਦਿੱਲੀ ਵਿੱਚ ਹੋਈ, ਦਿੱਲੀ ਦੇ ਅੰਦਰ ਆਮ ਆਦਮੀ ਪਾਰਟੀ ਦੇ ਨੈਸ਼ਨਲ ਕਨਵੀਨਰ, ਸਾਡੀ ਪਾਰਟੀ ਦੇ ਨਿਰਮਾਤਾ ਸ੍ਰੀ ਅਰਵਿੰਦ ਕੇਜਰੀਵਾਲ ਜੀ ਦੇ ਵਿਧਾਨ ਸਭਾ ਹਲਕੇ ਵਿੱਚ 40 ਹਜ਼ਾਰ ਵੋਟਾਂ ਦਾ ਕੱਟਣਾ , ਦਿੱਲੀ ਦੇ ਅੰਦਰ 40 ਹਜ਼ਾਰ ਵੋਟਾਂ ਕੱਟ ਕੇ ਸ੍ਰੀ ਅਰਵਿੰਦ ਕੇਜਰੀਵਾਲ ਨੂੰ ਹਰਾਉਣ ਦਾ ਰਾਹ ਪੱਧਰਾ ਭਾਰਤੀ ਜਨਤਾ ਪਾਰਟੀ ਨੇ ਇਲੈਕਸ਼ਨ ਕਮਿਸ਼ਨ ਦੇ ਰਾਹੀਂ ਕੀਤਾ। ਇਹ ਪ੍ਰਕਿਰਿਆ ਇੱਕਲੇ ਇੱਕ ਵਿਧਾਨ ਸਭਾ ਹਲਕੇ ਵਿੱਚ ਹੀ ਨਹੀਂ ਕੀਤੀ ਗਈ ਸਗੋਂ ਦਿੱਲੀ ਦੀ ਵਿਧਾਨ ਸਭਾ ਦੇ ਸਾਰੇ ਹਲਕਿਆਂ ਵਿੱਚ ਵੋਟਾਂ ਕੱਟ ਕੇ ਭਾਰਤੀ ਜਨਤਾ ਪਾਰਟੀ ਦਿੱਲੀ ਦੀ ਸੱਤਾ ਵਿੱਚ ਆਈ ਹੈ। ਯਾਨੀ ਕਿ ਵੋਟ ਚੋਰੀ ਕਰਕੇ ਭਾਰਤੀ ਜਨਤਾ ਪਾਰਟੀ ਦਿੱਲੀ ਦੀ ਸੱਤਾ ਵਿੱਚ ਆਈ ਹੈ। ਇਸੇ ਤਰੀਕੇ ਨਾਲ ਇਨ੍ਹਾਂ ਨੇ ਬਿਹਾਰ ਵਿੱਚ ਕੀਤਾ, ਵੈਸਟ ਬੰਗਾਲ ਵਿੱਚ ਕੀਤਾ। ਇਹ ਪੂਰੇ ਦੇਸ਼ ਦੇ ਲੋਕਾਂ ਨੂੰ ਨਿਸ਼ਾਨਾ ਬਣਾ ਰਹੇ ਹਨ ਕਿ ਜਿਹੜੇ ਲੋਕਤੰਤਰ ਦੀ ਰਾਖੀ ਕਰਨ ਦੀ ਗੱਲ ਕਰਦੇ ਹਨ ਜਾਂ ਜਿਹੜੇ ਸੰਵਿਧਾਨਿਕ ਹੱਕਾਂ ਦੀ ਗੱਲ ਕਰਦੇ ਹਨ ਉਨ੍ਹਾਂ ਸਾਰਿਆਂ ਨੂੰ ਨਿਸ਼ਾਨਾ ਬਣਾ ਕੇ ਦੇਸ਼ ਭਰ ਵਿੱਚ ਵੋਟਾਂ ਕੱਟੀਆਂ ਜਾ ਰਹੀਆਂ ਹਨ। ਇਸ ਕਰਕੇ ਮੈਂ ਸਮਝਦਾ ਹਾਂ ਕਿ ਸਾਰੇ ਸਦਨ ਨੂੰ ਸਰਬ-ਸੰਮਤੀ ਨਾਲ ਮਤਾ ਪਾਸ ਕਰਨਾ ਚਾਹੀਦਾ ਹੈ ਅਤੇ ਜਿਹੜੀ ਇਸ ਪਾਰਟੀ ਨੇ ਇਸ ਦੇਸ਼ ਦੇ ਲੋਕਤੰਤਰ ਨੂੰ ਖਤਮ ਕਰਨ ਦਾ

ਤਰੀਕਾ ਅਪਣਾਇਆ ਹੈ ਉਸ ਦੇ ਖਿਲਾਫ ਆਪਾਂ ਆਵਾਜ਼ ਬੁਲੰਦ ਕਰ ਸਕੀਏ। ਕਿਉਂਕਿ ਸਰਦਾਰ ਭਗਵੰਤ ਸਿੰਘ ਮਾਨ ਨੇ ਇਸ ਗੱਲ ਨੂੰ ਬਾਖੂਬੀ ਦੇਸ਼ ਦੀ ਸੰਸਦ ਦੇ ਸਾਹਮਣੇ ਵੀ ਅਤੇ ਦੇਸ਼ ਦੇ ਲੋਕਾਂ ਕੋਲ ਵੀ ਰੱਖਿਆ ਹੈ ਕਿ ਅੱਜ ਭਾਰਤੀ ਜਨਤਾ ਪਾਰਟੀ ਦਾ ਹੱਥ ਠੋਕਾ ਬਣ ਕੇ ਉਸ ਦਾ ਸਿਪਾਹੀ ਬਣ ਕੇ, ਬੀ.ਜੇ.ਪੀ. ਪਾਰਟੀ ਦਾ ਇੱਕ ਆਗੂ ਬਣ ਕੇ ਸ੍ਰੀ ਗਿਆਨੇਸ਼ਵਰ ਕੁਮਾਰ, ਚੀਫ ਇਲੈਕਸ਼ਨ ਕਮਿਸ਼ਨਰ ਦੇਸ਼ ਭਰ ਦੇ ਵਿੱਚ ਐਸ.ਆਈ.ਆਰ ਦੇ ਨਾਂ ਦੇ ਉੱਤੇ ਲੋਕਾਂ ਵੱਲੋਂ ਮਿਲਿਆ ਹੋਇਆ ਮੌਲਿਕ ਅਧਿਕਾਰ, ਵੋਟ ਪਾਉਣ ਦੇ ਅਧਿਕਾਰ ਨੂੰ ਖਤਮ ਕਰਨ ਦੇ ਲਈ ਲੱਗਿਆ ਹੋਇਆ ਹੈ। ਇਸ ਲਈ ਮੈਂ ਇਹ ਮਤਾ ਸਦਨ ਦੇ ਅੰਦਰ ਪੇਸ਼ ਕੀਤਾ ਹੈ। ਬਹੁਤ ਬਹੁਤ ਧੰਨਵਾਦ ਜੀ।

**ਸ੍ਰੀਮਤੀ ਇੰਦਰਜੀਤ ਕੌਰ ਮਾਨ (ਨਕੋਦਰ)**: ਧੰਨਵਾਦ ਡਿਪਟੀ ਸਪੀਕਰ ਸਾਹਿਬ, ਤੁਸੀਂ ਅੱਜ ਮਾਣਯੋਗ ਵਿੱਤ ਮੰਤਰੀ ਸਾਹਿਬ ਵੱਲੋਂ ਲਿਆਂਦੇ ਗਏ ਬਹੁਤ ਹੀ ਸੰਵੇਦਨਸ਼ੀਲ ਮਤੇ, ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਵਾਸਤੇ, ਲੋਕਤੰਤਰ ਦੇ ਹੱਕ ਵਿੱਚ ਜਿਹੜਾ ਮਤਾ ਲਿਆਂਦਾ ਹੈ, ਮੈਂ ਉਸ ਤੇ ਬੋਲਣ ਵਾਸਤੇ ਖੜੀ ਹੋਈ ਹੈ। ਡਿਪਟੀ ਸਪੀਕਰ ਸਾਹਿਬ, ਸਾਡਾ ਦੇਸ਼ ਮੱਕਾਰਾ, ਧੰਨ ਕੁਬੇਰਾਂ ਤੇ ਫਿਰਕਾਪ੍ਰਸਤ ਬਿਰਤੀ ਵਾਲੇ ਦਹਿਸ਼ਤਗਰਦਾਂ ਦੇ ਚੁੰਗਲ ਦੇ ਵਿੱਚ ਬੁਰੀ ਤਰ੍ਹਾਂ ਫਸ ਚੁੱਕਿਆ ਹੈ।

**1210/Tarlochan Singh**

ਬੀ.ਜੇ.ਪੀ. ਝੂਠ ਫਰੇਬ ਨਾਲ ਰਾਜ ਵਿੱਚ ਆਈ, ਠੱਗੀ ਠੋਰੀ ਅਤੇ ਤਾਨਾਸ਼ਾਹੀ ਨਾਲ ਰਾਜ ਨੂੰ ਕਾਇਮ ਰੱਖਣਾ ਚਾਹੁੰਦੀ ਹੈ। ਦੇਸ਼ ਉਜਾੜ ਦਿੱਤਾ, ਲੋਕ ਕੰਗਾਲ ਹੋ ਗਏ ਅਤੇ ਸਾਰੀ ਆਰਥਿਕਤਾ ਲੁੱਟ ਕੇ ਆਪਣੇ ਜੋਟੀਦਾਰਾਂ ਦੇ ਢਿੱਡਾਂ ਵਿੱਚ ਤੁੰਨ ਦਿੱਤੀ। ਦੇਸ਼ ਦੇ ਵੋਟਰਾਂ ਨੇ ਪਿਛਲੀਆਂ ਚੋਣਾਂ ਵਿੱਚ ਬੀ.ਜੇ.ਪੀ. ਨੂੰ ਥੁੱਕ ਦਿੱਤਾ ਸੀ, ਬਹੁਮਤ ਤੱਕ ਨਸੀਬ ਨਹੀਂ ਸੀ ਹੋਇਆ। ਲੋਕਾਂ ਵੱਲੋਂ ਰੱਦ ਕਰਨ ਦੇ ਬਾਵਜੂਦ, ਜਿਨ੍ਹਾਂ ਲੋਕਾਂ ਨੇ ਇਨ੍ਹਾਂ ਨੂੰ ਰਾਜ ਵਿੱਚ ਬਿਠਾਇਆ, ਉਸ ਦੇ ਸਭ ਤੋਂ ਵੱਡੇ ਦੋਸ਼ੀ ਰਾਮ ਵਿਲਾਸ ਪਾਸਵਾਨ, ਨਿਤੀਸ਼ ਕੁਮਾਰ ਅਤੇ ਚੰਦਰ ਬਾਬੂ ਨਾਇਡੂ ਹਨ। ਸੋ, ਇੱਕ ਪਾਸੇ ਆਮ ਆਦਮੀ ਪਾਰਟੀ ਦੀ ਲੀਡਰਸ਼ਿਪ, ਆਮ ਆਦਮੀ ਪਾਰਟੀ ਦੇ ਸੁਪਰੀਮੋ ਸ੍ਰੀ ਅਰਵਿੰਦ ਕੇਜਰੀਵਾਲ ਜੀ, ਲੋਕਾਂ ਦੇ ਹਰਮਨ ਪਿਆਰੇ ਨੇਤਾ ਸਰਦਾਰ ਭਗਵੰਤ ਸਿੰਘ ਜੀ ਮਾਨ, ਜਿਹੜੇ ਦੇਸ਼ ਦੀ ਰਹਿਨੁਮਾਈ ਕਰ ਰਹੇ ਹਨ, ਦੇਸ਼ ਨੂੰ ਇੱਕ ਰਸਤਾ ਦਿਖਾ ਰਹੇ ਹਨ ਕਿ ਕਿਵੇਂ ਸਹੂਲਤਾਂ ਹਰ ਵਰਗ ਤੱਕ ਬਿਨਾ ਕਿਸੇ ਭੇਦਭਾਵ ਤੋਂ, ਬਿਨਾ ਕਿਸੇ ਜਾਤ ਪਾਤ ਤੋਂ, ਬਿਨਾ ਕਿਸੇ ਵਿਤਕਰੇ ਤੋਂ ਪਹੁੰਚਦੀਆਂ ਕੀਤੀਆਂ ਜਾਣ। ਜਿਹੜੇ ਲੋਕਾਂ ਦੇ ਧਾਰਮਿਕ ਮੁੱਦੇ ਹਨ, ਧਾਰਮਿਕ ਇੱਛਾਵਾਂ ਹਨ, ਧਾਰਮਿਕ ਇਸ਼ਟ ਹਨ, ਉਨ੍ਹਾਂ ਦੇ ਹੱਕ ਵਿੱਚ ਪੂਰੇ ਪੰਜਾਬ ਵਿੱਚ ਸਮਾਗਮ ਕਰਵਾਏ ਜਾ ਰਹੇ ਹਨ, ਇਹ ਦੇਸ਼ ਵਾਸਤੇ ਇੱਕ ਨਮੂਨੇ ਦਾ ਸੂਬਾ ਬਣਿਆ ਹੈ, ਜੋ ਕਿ ਆਮ ਆਦਮੀ ਪਾਰਟੀ ਦੀ idealogy ਨੇ ਬਣਾਇਆ ਹੈ। ਸੋ, ਬੀ.ਜੇ.ਪੀ. ਪਿਛਲੀਆਂ ਚੋਣਾਂ ਵਿੱਚ ਜਾਣ ਗਈ ਸੀ ਕਿ ਹੁਣ ਉਹ ਦੁਬਾਰਾ ਵੋਟਾਂ ਨਾਲ ਰਾਜ ਵਿੱਚ ਨਹੀਂ ਆ ਸਕਦੇ, ਜਿਸ ਕਰਕੇ ਉਨ੍ਹਾਂ ਨੇ ਇੱਕ fraud ਰਚਿਆ। ਪੂਰੇ ਦੇਸ਼ ਵਿੱਚ ਵੱਖ ਵੱਖ ਗੈਰ ਭਾਜਪਾਈ ਸਰਕਾਰਾਂ ਵਾਲੀਆਂ ਥਾਵਾਂ ਤੇ ਕਿਤੇ ਤਾਨਾਸ਼ਾਹੀ ਨਾਲ, ਕਿਤੇ ਆਪਣੀ ਵਾਸ਼ਿੰਗ ਮਸ਼ੀਨ ਰਾਹੀਂ, ਕਿਤੇ ਕਮਜ਼ੋਰ ਲੋਕਾਂ ਨੂੰ ਡਰਾ ਧਮਕਾ ਕੇ, ਹਰ ਹੀਲੇ ਗੈਰ ਭਾਜਪਾਈ ਦਰਜਨਾਂ ਵਿਧਾਨ ਸਭਾਵਾਂ ਨੂੰ ਆਪਣੇ ਹੱਕ ਵਿੱਚ ਲਿਆਉਣ ਲਈ ਹਰ ਹਰਬਾ ਵਰਤਿਆ ਹੈ। ਸੋ, ਇਹ fraud ਪੰਜਾਬ ਨਾਲ ਵੀ ਹੋਇਆ ਹੈ। ਪੰਜਾਬ ਦੇ 92 ਚੁਣੇ ਹੋਏ ਨੁਮਾਇੰਦਿਆਂ ਵੱਲੋਂ ਰਾਜ ਸਭਾ ਵਿੱਚ ਭੇਜੇ ਗਏ 6 ਮੈਂਬਰ, ਗੈਰ ਕਾਨੂੰਨੀ ਢੰਗ ਨਾਲ, ਗੈਰ ਸੰਵਿਧਾਨਿਕ ਢੰਗ ਨਾਲ, ਉਨ੍ਹਾਂ ਨੂੰ ਬੀ.ਜੇ.ਪੀ. ਵਿੱਚ ਸ਼ਾਮਲ ਕੀਤਾ। ਇਹ ਹੱਕ

ਸਿਰਫ ਤੇ ਸਿਰਫ ਆਮ ਆਦਮੀ ਪਾਰਟੀ ਦੇ 92 ਐਮ.ਐਲ.ਏਜ਼. ਕੋਲ ਸੀ। ਪੰਜਾਬ ਵਿੱਚ ਦੋ ਬੀ.ਜੇ.ਪੀ. ਦੇ ਐਮ.ਐਲ.ਏ. ਹਨ। ਸੋ, ਵਿਰੋਧੀ ਪਾਰਟੀਆਂ ਦੇ ਜਿੱਤੇ ਹੋਏ ਪ੍ਰਤੀਨਿਧੀਆਂ ਦਾ ਉਧਾਲਾ ਕੀਤਾ ਗਿਆ, ਥੋਕ ਵਿੱਚ ਵੋਟਾਂ ਦੀ ਚੋਰੀ ਕਰਨ ਲਈ ਪਹਿਲਾਂ ਕਾਨੂੰਨ ਨੂੰ ਸੰਨ੍ਹ ਲਗਾਈ ਗਈ। ਤੁਸੀਂ ਬੀ.ਜੇ.ਪੀ. ਦੀ ਤਾਨਾਸ਼ਾਹੀ ਦੇਖੋ ਕਿ ਚੋਣ ਕਮਿਸ਼ਨ ਦੀ ਚੋਣ ਵਿੱਚੋਂ ਵਿਰੋਧੀ ਧਿਰ ਨੂੰ ਬਾਹਰ ਹੀ ਕਰ ਦਿੱਤਾ ਗਿਆ। ਫਿਰ ਚੋਣ ਕਮਿਸ਼ਨਰ ਨੂੰ ਹਰ ਪਾਪ ਕਰਨ ਦਾ ਕਾਨੂੰਨੀ ਅਧਿਕਾਰ ਦੇ ਦਿੱਤਾ ਗਿਆ। ਗਿਆਨੇਸ਼ ਕੁਮਾਰ ਹੁਣ ਸਾਰੇ ਦੇਸ਼ ਨੂੰ ਟਿੱਚ ਜਾਣਦਾ ਹੈ। ਚੋਣ ਕਮਿਸ਼ਨ ਦੀਆਂ ਧਾਂਦਲੀਆਂ ਨੂੰ, ਉਨ੍ਹਾਂ ਦੇ ਆਪਣੇ ਦੋ ਚੋਣ ਕਮਿਸ਼ਨਰਾਂ ਨੇ ਦੁਨੀਆਂ ਸਾਹਮਣੇ ਨੰਗਿਆਂ ਕੀਤਾ ਹੈ ਕਿ ਸਾਡੇ ਕੋਲ ਕੋਈ ਅਧਿਕਾਰ ਨਹੀਂ ਹੈ, ਸਾਡੇ ਕੋਲ ਕੋਈ ਤਾਕਤ ਨਹੀਂ ਹੈ, ਸਾਡੇ ਕੋਲ ਕੋਈ ਰਾਏ ਨਹੀਂ ਹੈ, ਕੋਈ ਅਪੀਲ ਦਲੀਲ ਨਹੀਂ ਹੈ। ਉਹ ਵੀ ਉਦੋਂ ਬੋਲੇ ਜਦੋਂ ਗਿਆਨੇਸ਼ ਕੁਮਾਰ ਨੇ 10 ਮਹੀਨੇ ਉਨ੍ਹਾਂ ਨੂੰ ਚਪੜਾਸੀਆਂ ਵਾਂਗ ਚੋਣ ਦਫ਼ਤਰ ਦੇ ਬਾਹਰ ਬਿਠਾ ਕੇ ਰੱਖਿਆ। ਸੋ, ਪਹਿਲਾਂ ਉਨ੍ਹਾਂ ਦੀ ਆਤਮਾ ਕਿੱਥੇ ਗਈ ਹੋਈ ਸੀ? ਇਕੱਲੇ ਗਿਆਨੇਸ਼ ਕੁਮਾਰ ਨੇ ਦੇਸ਼ ਦੇ 13 ਕਰੋੜ ਨਾਗਰਿਕਾਂ ਕੋਲੋਂ ਦੇਸ਼ ਦੀ ਨਾਗਰਿਕਤਾ ਖੋਹ ਲਈ, ਉਸ ਨੂੰ ਇਹ ਅਧਿਕਾਰ ਕਿਸ ਨੇ ਦਿੱਤਾ ਹੈ? ਵੋਟ ਪੋਲ ਕਰਨ ਹਰ ਨਾਗਰਿਕ ਦਾ ਮੌਲਿਕ ਅਧਿਕਾਰ ਹੈ। ਜਿਨ੍ਹਾਂ ਸੂਬਿਆਂ ਵਿੱਚ ਧਾਂਦਲੀਆਂ ਕਰਕੇ ਸਰਕਾਰਾਂ ਬਣਾਈਆਂ, ਉਥੋਂ ਦੇ ਕਰੋੜਾਂ ਲੋਕਾਂ ਨੇ ਆਪਣੀਆਂ ਅਰਜ਼ੀਆਂ ਚੋਣ ਦਫ਼ਤਰ ਤੱਕ ਪਹੁੰਚਦੀਆਂ ਕੀਤੀਆਂ ਕਿ ਅਸੀਂ ਇਸ ਦੇਸ਼ ਦੇ ਨਾਗਰਿਕ ਹਾਂ, ਅਸੀਂ ਇਸ ਦੇਸ਼ ਦੇ ਜੱਦੀ ਪੁਸ਼ਤੀ ਵਾਸੀ ਹਾਂ ਅਤੇ ਅਸੀਂ ਜਿਊਂਦੇ ਜਾਗਦੇ ਹਾਂ, ਸਾਡੀ ਵੋਟ ਕਿੱਥੇ ਗਈ ਹੈ? ਲੇਕਿਨ ਉਨ੍ਹਾਂ ਦੀ ਦੁਹਾਈ ਕਿਸੇ ਨੇ ਨਹੀਂ ਸੁਣੀ ਹੈ। ਇਤਰਾਜ਼ਾਂ ਤੇ ਗੌਰ ਕਰਨਾ ਚੋਣ ਕਮਿਸ਼ਨ ਦਾ ਕਾਨੂੰਨੀ ਫਰਜ਼ ਹੈ। ਬਿਨਾ ਦੱਸੇ-ਪੁੱਛੇ, ਬਿਨਾ ਵੋਟਰ ਦੀ ਤਸੱਲੀ ਦੇ ਉਨ੍ਹਾਂ ਦੀ ਵੋਟ ਕੱਟਣਾ, ਗੈਰ ਕਾਨੂੰਨੀ, ਗੈਰ ਸੰਵਿਧਾਨਿਕ ਹੈ।

ਡਿਪਟੀ ਸਪੀਕਰ ਸਾਹਿਬ, ਅਸੀਂ ਅਜੇ ਵੀ ਸਮਝ ਜਾਈਏ ਕਿ ਸਾਡੇ ਦੇਸ਼ ਦਾ ਉਧਾਲਾ ਹੋ ਚੁੱਕਾ ਹੈ। ਦੇਸ਼ ਦੀਆਂ ਸਾਰੀਆਂ ਸੰਵਿਧਾਨਿਕ ਸੰਸਥਾਵਾਂ, ਜਿਨ੍ਹਾਂ ਵਿੱਚ ਸਰਕਾਰਾਂ, ਜੁਡੀਸ਼ਰੀ, ਸੀ.ਬੀ.ਆਈ., ਈ.ਡੀ., ਪੱਤਰਕਾਰਤਾ, ਹਰ ਇੱਕ ਦਾ ਉਧਾਲਾ ਹੋ ਚੁੱਕਾ ਹੈ। ਸਾਰੀਆਂ ਹਾਈਜੈਕ ਹੋ ਚੁੱਕੀਆਂ ਹਨ। ਜਿਨ੍ਹਾਂ ਨੇ ਪਿਛਲੀ ਵਾਰ ਬੀ.ਜੇ.ਪੀ. ਨੂੰ ਵੋਟ ਨਹੀਂ ਪਾਈ, ਉਨ੍ਹਾਂ ਤੋਂ ਬਦਲਾ ਲਿਆ ਜਾ ਰਿਹਾ ਹੈ। ਗਿਆਨੇਸ਼ ਕੁਮਾਰ ਵੋਟ ਦੀ ਰਿਵੀਜ਼ਨ ਰਾਹੀਂ ਅਤੇ ਈ.ਵੀ.ਐਮ. ਰਾਹੀਂ ਇਸ ਦੇਸ਼ ਦੇ ਦਲਿਤਾਂ, ਦੇਸ਼ ਦੇ ਨੌਜਵਾਨਾਂ ਅਤੇ ਘੱਟ ਗਿਣਤੀਆਂ ਨੂੰ ਵੋਟ ਪੋਲ ਕਰਨ ਤੋਂ ਲਾਂਭੇ ਕਰਨ ਦਾ ਉਪਰਾਲਾ ਕਰ ਰਿਹਾ ਹੈ। ਨਵੇਂ ਵੋਟਰਾਂ ਨੂੰ ਵੋਟ ਅਧਿਕਾਰ ਤੋਂ ਵਾਂਝਾ ਕਰਨ ਵਾਸਤੇ ਗਿਆਨੇਸ਼ ਕੁਮਾਰ ਨੇ ਫਾਰਮ ਨੰਬਰ 6 ਹੀ ਬਦਲੀ ਕਰ ਦਿੱਤਾ ਹੈ, ਜਦੋਂ ਕਿ ਇਹ ਹੱਕ ਮੈਜਾਰਿਟੀ ਦਾ ਹੁੰਦਾ ਹੈ।

ਡਿਪਟੀ ਸਪੀਕਰ ਸਾਹਿਬ, ਇਸ ਘਟਨਾ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਇਸ ਦੌਰਾਨ ਜਿਹੜੀਆਂ ਵਿਧਾਨ ਸਭਾਵਾਂ ਚੁਣੀਆਂ ਗਈਆਂ, ਉਨ੍ਹਾਂ ਵਿੱਚ ਕਾਨੂੰਨ ਨਾਲ ਠੱਗੀ ਮਾਰੀ ਗਈ ਹੈ ਅਤੇ ਉਹ ਗੈਰ ਸੰਵਿਧਾਨਿਕ ਹਨ। ਇਸ ਕਰਕੇ ਉਨ੍ਹਾਂ ਸਾਰੀਆਂ ਸਟੇਟਾਂ ਦੀਆਂ ਵਿਧਾਨ ਸਭਾਵਾਂ ਨੂੰ ਭੰਗ ਕਰਕੇ ਮੁੜ ਤੋਂ ਵੋਟਾਂ ਬੈਲਟ ਪੇਪਰ ਰਾਹੀਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ।

ਇਸ ਤੋਂ ਬਾਅਦ ਦੂਜੇ ਨੰਬਰ ਤੇ ਦੇਸ਼ ਦਾ ਚੋਣ ਕਮਿਸ਼ਨ ਆਉਂਦਾ ਹੈ। ਚੋਣ ਕਮਿਸ਼ਨ ਇਸ ਦੇਸ਼ ਦਾ ਸ਼ੀਸ਼ਾ ਸੀ ਜੋ ਕਿ ਪੂਰੀ ਦੁਨੀਆਂ ਵਿੱਚ ਇੰਨੇ ਵੱਡੇ ਲੋਕਤੰਤਰ ਦੀਆਂ ਪਾਰਦਰਸ਼ਤਾ ਨਾਲ ਚੋਣਾਂ ਕਰਵਾਉਣ ਲਈ ਧਾਕ ਜਮਾ ਕੇ ਬੈਠਾ ਸੀ। ਉਸ ਦੀ ਸਾਰੀ ਪਾਰਦਰਸ਼ਤਾ, ਉਸ ਦੀ ਸਾਰੀ ਹੋਂਦ ਨੂੰ ਮਿੱਟੀ ਵਿੱਚ ਮਿਲਾ ਦਿੱਤਾ ਗਿਆ ਹੈ। ਪਹਿਲਾ ਕੰਮ

ਇਹ ਕਰਨਾ ਚਾਹੀਦਾ ਹੈ ਕਿ ਚੋਣ ਕਮਿਸ਼ਨ ਨੂੰ ਭੰਗ ਕਰਕੇ, ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਅਤੇ ਦੂਜੇ ਦੋ ਚੋਣ ਕਮਿਸ਼ਨਰਾਂ ਤੇ ਦੇਸ਼ ਧ੍ਰੋਹ ਦਾ ਮੁਕੱਦਮਾ ਚੱਲਣਾ ਚਾਹੀਦਾ ਹੈ।

**1215/mehak**

ਦੂਸਰੀ ਗੱਲ, ਈ.ਵੀ.ਐਮ. ਨੂੰ ਪੱਕੇ ਤੌਰ ਤੇ ਬੰਦ ਕਰਕੇ ਚੋਣਾਂ ਬੈਲਟ ਪੇਪਰਾਂ ਰਾਹੀਂ ਹੋਣ। ਡਿਪਟੀ ਸਪੀਕਰ ਸਾਹਿਬ, ਮੈਂ ਆਪਣੇ ਕਿਸਾਨਾਂ, ਨੌਜਵਾਨ ਤੇ ਬੱਚੇ-ਬੱਚੀਆਂ ਦੀ ਰਿਣੀ ਹਾਂ ਜਿਨ੍ਹਾਂ ਨੇ ਇਸ ਹੈਂਕੜਬਾਜ਼ ਸਰਕਾਰ ਨੂੰ ਦੋ ਵਾਰੀ ਮਿੱਟੀ ਵਿੱਚ ਮਿਲਾਇਆ ਤੇ ਸੁੱਤੇ ਪਏ ਦੇਸ਼ਵਾਸੀਆਂ ਵਿੱਚ ਜਾਨ ਪਾਈ। ਦਿੱਲੀ ਤੇ ਦੂਜੇ ਸ਼ਹਿਰਾਂ ਵਿੱਚ ਬੱਚੇ-ਬੱਚੀਆਂ ਤੇ ਜਿੰਨਾ ਤਸ਼ੱਦਦ ਕੀਤਾ ਗਿਆ, ਬੇਫਰੂਤਬੀ ਕੀਤੀ ਗਈ ਉਸ ਵਾਸਤੇ ਸਿਰਫ ਨਿੰਦਾ ਹੀ ਕਾਫੀ ਨਹੀਂ ਹੈ। ਕਾਨੂੰਨ ਨੂੰ ਆਪਣੇ ਹੱਥ ਵਿੱਚ ਲੈਣ ਵਾਲਿਆਂ ਨੂੰ ਸਖਤ ਸਜ਼ਾਵਾਂ ਹੋਣ, ਉਨ੍ਹਾਂ ਗੁੰਡਿਆਂ ਦੀ ਪਛਾਣ ਕਰਕੇ ਜੇਲ੍ਹਾਂ ਵਿੱਚ ਡੱਕੇ ਜਾਣ ਜਿਹੜੇ ਗੁੰਡਿਆਂ ਨੇ ਪੁਲਿਸ ਦੀ ਵਰਦੀ ਪਾ ਕੇ ਬੱਚਿਆਂ ਦੇ ਉਤੇ ਤਸ਼ੱਦਦ ਕੀਤਾ ਹੈ। ਡਿਪਟੀ ਸਪੀਕਰ ਸਾਹਿਬ, ਪਿਛਲੀ ਚੋਣ ਵਿੱਚ ਜੇਕਰ ਬੀ.ਜੇ.ਪੀ. 400 ਸੀਟਾਂ ਪਾਰ ਕਰ ਜਾਂਦੀ ਤਾਂ ਅੱਜ ਇਸ ਦੇਸ਼ ਵਿੱਚ ਬਾਬਾ ਸਾਹਿਬ ਅੰਬੇਦਕਰ ਦੇ ਸੰਵਿਧਾਨ ਦੀ ਥਾਂ ਮਨੂੰਸਿਮਰਤੀ ਲਾਗੂ ਹੋ ਚੁੱਕੀ ਹੁੰਦੀ। ਸੋ, ਇਹ ਜਿਹੜਾ ਸਮਾਂ ਹੈ, ਇਹ ਜਿਹੜੀ ਲੜਾਈ ਹੈ, ਇਹ ਸੰਵਿਧਾਨ ਦੀ ਮੁੜ ਬਹਾਲੀ ਦੀ ਲੜਾਈ ਹੈ, ਇਹ ਸੰਵਿਧਾਨ ਨੂੰ ਦੇਸ਼ ਵਿੱਚ ਬਚਾਉਣ ਦੀ ਲੜਾਈ ਹੈ, ਇਹ ਪ੍ਰਜਾਤੰਤਰ ਨੂੰ ਬਚਾਉਣ ਦੀ ਲੜਾਈ ਹੈ। ਜਿਸ ਵਾਸਤੇ ਅੱਜ ਮਾਣਯੋਗ ਵਿੱਤ ਮੰਤਰੀ ਸਾਹਿਬ ਨੇ ਇਹ ਮੁੱਦਾ ਲਿਆਂਦਾ ਹੈ। ਮੈਂ ਉਨ੍ਹਾਂ ਦਾ ਧੰਨਵਾਦ ਵੀ ਕਰਦੀ ਹਾਂ ਤੇ ਮੈਂ ਇਸ ਮਤੇ ਦੀ ਪੁਰਜ਼ੋਰ ਪ੍ਰੋੜਤਾ ਵੀ ਕਰਦੀ ਹਾਂ। ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ**: ਡਾਕਟਰ ਇਸ਼ਾਂਕ ਕੁਮਾਰ ਚੱਬੇਵਾਲ ਜੀ।

**ਡਾਕਟਰ ਇਸ਼ਾਂਕ ਕੁਮਾਰ (ਚੱਬੇਵਾਲ, ਐਸ.ਸੀ.)**: ਬਹੁਤ ਬਹੁਤ ਧੰਨਵਾਦ, ਮਾਣਯੋਗ ਡਿਪਟੀ ਸਪੀਕਰ ਸਾਹਿਬ, ਕਿ ਤੁਸੀਂ ਮੈਨੂੰ ਇਸ ਬਹੁਤ ਹੀ ਅਹਿਮ ਮੁੱਦੇ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਾਡੇ ਭਾਰਤ ਰਤਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਜਿਨ੍ਹਾਂ ਨੇ ਸਾਡੇ ਸੰਵਿਧਾਨ ਦਾ ਨਿਰਮਾਣ ਕੀਤਾ, ਜਿਨ੍ਹਾਂ ਕਰਕੇ ਅੱਜ ਹਰ ਵਰਗ ਨੂੰ ਬਰਾਬਰੀ ਦਾ ਹੱਕ ਮਿਲ ਰਿਹਾ ਹੈ, ਦੇਸ਼ ਦੇ ਹਰ ਨਾਗਰਿਕ ਨੂੰ ਵੋਟ ਕਰਨ ਦਾ ਹੱਕ ਮਿਲ ਰਿਹਾ ਹੈ ਤੇ ਇਨ੍ਹਾਂ ਹੱਕਾਂ ਤੇ ਡਾਕਾ ਮਾਰਨ ਤੋਂ ਬਚਾਉਣ ਲਈ ਇੱਕ ਐਸੀ ਆਰਗੇਨਾਈਜ਼ੇਸ਼ਨ, ਇੱਕ ਐਸੀ ਵਿਵਸਥਾ ਜੋ ਕਿ ਇਲੈਕਸ਼ਨ ਕਮਿਸ਼ਨ ਹੈ, ਜਿਸ ਨੂੰ ਅਸੀਂ ਮੰਨਦੇ ਸੀ ਕਿ ਸਾਡੇ ਵੋਟਿੰਗ ਦੇ ਹੱਕ, ਸਾਡੇ ਲੋਕਤੰਤਰ ਦੇ ਹੱਕ ਨੂੰ ਬਚਾਉਣ ਲਈ ਹੈ। ਅੱਜ ਉਸੇ ਕਰਕੇ ਕੇਂਦਰ ਦੀ ਜੋ ਭਾਜਪਾ ਸਰਕਾਰ ਹੈ, ਉਸ ਕਰਕੇ ਸਾਡਾ ਲੋਕਤੰਤਰ ਬਹੁਤ ਵੱਡੇ ਖਤਰੇ ਵਿੱਚ ਹੈ। ਡਿਪਟੀ ਸਪੀਕਰ ਸਾਹਿਬ, ਜੇ ਇਸ ਦੀ ਜੜ੍ਹ ਦੀ ਗੱਲ ਕਰਦੇ ਹਾਂ ਤਾਂ ਜੋ ਇਲੈਕਸ਼ਨ ਕਮਿਸ਼ਨਰ ਅਪੁਆਇੰਟ ਕਰਨ ਦਾ ਪਹਿਲਾਂ ਪ੍ਰੋਸੈੱਸ ਹੁੰਦਾ ਸੀ, ਉਸ ਵਿੱਚ ਜੋ ਪੈਨਲ ਕਮੇਟੀ ਬਣਦੀ ਸੀ, ਉਸ ਵਿੱਚ ਸਾਡੇ ਦੇਸ਼ ਦੇ ਪ੍ਰਧਾਨ ਮੰਤਰੀ, ਚੀਫ ਜਸਟਿਸ ਆਫ ਇੰਡੀਆ ਤੇ ਨਾਲ ਲੋਕ ਸਭਾ ਦੇ ਲੀਡਰ ਆਫ ਆਪੋਜ਼ੀਸ਼ਨ ਹੁੰਦੇ ਸੀ ਪਰ ਸਾਲ 2024 ਵਿੱਚ ਇਨ੍ਹਾਂ ਨੇ ਉਸ ਪੈਨਲ ਨੂੰ ਚੇਂਜ ਕਰਕੇ ਚੀਫ ਜਸਟਿਸ ਆਫ ਇੰਡੀਆ ਦੀ ਜਗ੍ਹਾ ਭਾਰਤ ਸਰਕਾਰ ਦਾ/ ਕੇਂਦਰ ਸਰਕਾਰ ਦਾ ਯੂਨੀਅਨ ਮਨਿਸਟਰ ਪੈਨਲ ਵਿੱਚ ਪਾ ਦਿੱਤਾ। ਜਿਸ ਕਰਕੇ ਹੁਣ ਸਾਰੀ ਪਾਵਰ ਕੇਂਦਰ ਸਰਕਾਰ ਕੋਲ ਚਲੀ ਗਈ।

ਉਸ ਤੋਂ ਬਾਅਦ ਪਿਛਲੇ ਕੁਝ ਮਹੀਨਿਆਂ ਵਿੱਚ ਸਾਨੂੰ ਜੋ ਇਲੈਕਸ਼ਨ ਕਮਿਸ਼ਨ ਵਿੱਚ ਦੇਖਣ ਨੂੰ ਮਿਲਿਆ ਹੈ, ਉਹ ਸਾਡੇ ਸਾਰਿਆਂ ਦੇ ਸਾਹਮਣੇ ਹੈ। ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਜੀ ਨੇ ਜੋ ਸਾਰੇ ਰੂਲਾਂ ਦੀ ਉਲੰਘਣਾ ਕੀਤੀ ਹੈ ਅਤੇ ਬਾਕੀ ਦੋ ਇਲੈਕਸ਼ਨ ਕਮਿਸ਼ਨਰਜ਼ ਤੋਂ ਬਿਨਾਂ ਪੁੱਛੇ ਸਾਰੇ ਰੂਲ, ਸਾਰੇ ਆਰਡਰਜ਼ ਪਾਸ ਕੀਤੇ ਹਨ, ਮੈਂ ਸਮਝਦਾ ਹਾਂ ਕਿ ਇਹ ਪੂਰੇ ਦੇਸ਼ ਦੀ ਲੋਕਤੰਤਰ ਤੇ ਇੱਕ ਬਹੁਤ ਵੱਡਾ ਸੰਕਟ ਹੈ। ਇਸ ਦੇ ਚਲਦਿਆਂ ਜਿੰਨੇ ਵੀ ਸੂਬਿਆਂ ਵਿੱਚ SIR ਹੋਈ ਹੈ, ਉੱਥੇ ਵੀ ਬਹੁਤ ਸਾਰੀਆਂ ਪ੍ਰੋਬਲਮਜ਼ ਦੇਖਣ ਨੂੰ ਮਿਲ ਰਹੀਆਂ ਹਨ ਤੇ ਬਹੁਤ ਤਕਲੀਫਾਂ ਸਾਡੇ ਵੋਟਰਜ਼ ਨੂੰ ਆਈਆਂ ਹਨ। ਸਰਕਾਰ ਦਾ ਕੰਮ ਹੁੰਦਾ ਹੈ ਕਿ ਲੋਕਾਂ ਦਾ ਕੰਮ ਕਿਵੇਂ ਆਸਾਨ ਕੀਤਾ ਜਾਵੇ ਤੇ ਉਨ੍ਹਾਂ ਦੀ ਸਹੂਲਤ ਦੇ ਹਿਸਾਬ ਨਾਲ ਹੋਰ ਬਿਹਤਰ ਕਿਵੇਂ ਕੀਤਾ ਜਾਵੇ। ਪਰ ਉਸ ਤੋਂ ਉਲਟਾ ਚਲਦਿਆਂ ਸਾਡੇ ਵੋਟਰਜ਼ ਨੂੰ ਬਹੁਤ ਜ਼ਿਆਦਾ ਤਕਲੀਫਾਂ ਦਾ ਸਾਹਮਣਾ ਕਰਨਾ ਪਿਆ ਅਤੇ ਆਪਣੀ ਵੋਟ ਨੂੰ ਪਰੂਵ ਕਰਨ ਲਈ ਉਨ੍ਹਾਂ ਨੂੰ ਡਾਕੂਮੈਂਟਸ ਲਿਆਉਣ ਲਈ ਕਿਹਾ ਕਿ ਹੱਦ ਹੀ ਕਰ ਦਿੱਤੀ। ਇਸ ਕਰਕੇ ਮੈਂ ਸਮਝਦਾ ਹਾਂ ਕਿ ਸਾਡੇ ਮਾਣਯੋਗ ਵਿੱਤ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਜੀ ਨੇ ਜੋ ਇਹ ਪ੍ਰਸਤਾਵ ਪੇਸ਼ ਕੀਤਾ ਹੈ, ਇਹ ਬਹੁਤ ਅਹਿਮ ਹੈ ਤੇ ਸਾਡੇ ਜਿੰਨੇ ਵੀ ਮੁੱਦੇ ਹਨ, ਸਾਡੀ ਸਾਰਿਆਂ ਦੀ ਤਕਲੀਫਾਂ ਲਈ ਸਭ ਤੋਂ ਉੱਪਰ ਹੈ ਕਿਉਂਕਿ ਜੇ ਅਸੀਂ ਆਪਣੀ ਵੋਟਿੰਗ ਦੇ ਰਾਈਟ ਨੂੰ ਹਾਰ ਜਾਂਦੇ ਹਾਂ ਤਾਂ ਇਸ ਦੇਸ਼ ਦਾ ਲੋਕਤੰਤਰ ਤੇ ਇਸ ਦੇਸ਼ ਦੀ ਅਸਲੀ ਆਤਮਾ ਖਤਮ ਹੋ ਜਾਂਦੀ ਹੈ।

**1220/Sukhpiar Singh**

ਇਸ ਕਰਕੇ ਇਸ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਜ਼ਰੂਰ ਕੀਤੀ ਜਾਵੇ। ਇਸ ਵਿੱਚ ਪਰਪਾਰ ਇਨਵੈਸਟੀਗੇਸ਼ਨ ਕੀਤੀ ਜਾਵੇ ਅਤੇ ਖਾਸ ਕਰਕੇ ਜਿਹੜੇ ਚੀਫ ਇਲੈਕਸ਼ਨ ਕਮਿਸ਼ਨਰ ਗਿਆਨੇਸ਼ ਕੁਮਾਰ ਜੀ ਹਨ, ਉਨ੍ਹਾਂ ਖਿਲਾਫ ਸਖਤ ਤੋਂ ਸਖਤ ਕਾਰਵਾਈ ਕਰਕੇ ਵੱਧ ਤੋਂ ਵੱਧ ਸਜ਼ਾ ਦਿੱਤੀ ਜਾਵੇ। ਮਾਣਯੋਗ ਡਿਪਟੀ ਸਪੀਕਰ ਸਾਹਿਬ, ਆਪ ਜੀ ਦਾ ਬਹੁਤ ਬਹੁਤ ਧੰਨਵਾਦ। ਮੈਂ ਇਸ ਮਤੇ ਦਾ ਪੂਰਾ ਸਮਰੱਥਨ ਕਰਦਾ ਹਾਂ, ਹੱਕ ਨਾਲ ਅਤੇ ਮੋਢੇ ਨਾਲ ਮੋਢਾ ਲਗਾ ਕੇ ਮੈਂ ਸਾਥ ਖੜ੍ਹਾ ਹਾਂ, ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ**: ਮਾਣਯੋਗ ਮੈਂਬਰ ਇਆਲੀ ਸਾਹਿਬ।

**ਸਰਦਾਰ ਮਨਪ੍ਰੀਤ ਸਿੰਘ ਇਆਲੀ (ਦਾਖਾ)**: ਡਿਪਟੀ ਸਪੀਕਰ ਸਾਹਿਬ, ਜੋ ਐਸ.ਆਈ.ਆਰ. ਦਾ ਮਸਲਾ ਹੈ, ਜੋ ਪੂਰੇ ਦੇਸ਼ ਵਿੱਚ ਵੋਟਾਂ ਕੱਟੀਆਂ ਜਾ ਰਹੀਆਂ ਹਨ, ਉਸ ਮਸਲੇ ਤੇ ਇਹ ਮਤਾ ਲਿਆਂਦਾ ਗਿਆ ਹੈ। ਮੈਂ ਉਸ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ ਕਿਉਂਕਿ ਇਲੈਕਸ਼ਨ ਕਮਿਸ਼ਨ ਸਾਡੀ ਆਟੋਨੋਮਸ ਕੰਸਟੀਚਿਊਸ਼ਨਲ ਅਥਾਰਟੀ ਹੈ, ਸੈਲਫ ਗਵਰਨਿੰਗ ਇੰਡੀਪੈਂਡੈਂਟ ਬਾਡੀ ਹੈ ਜਿਸ ਦੀ ਦੇਸ਼ ਦੇ ਅੰਦਰ ਪਾਰਦਰਸ਼ੀ ਚੋਣਾਂ ਕਰਵਾਉਣ ਦੀ ਇੱਕ ਵੱਡੀ ਜ਼ਿੰਮਵਾਰੀ ਹੈ ਲੇਕਿਨ ਜੋ ਇਸ ਇਲੈਕਸ਼ਨ ਕਮਿਸ਼ਨ ਵੱਲੋਂ ਐਸ.ਆਈ.ਆਰ. ਦੀ ਪ੍ਰਕ੍ਰਿਆ ਸ਼ੁਰੂ ਕੀਤੀ ਗਈ ਹੈ, ਇਹ ਬੜੇ ਵਿਵਾਦਾਂ ਦੇ ਘੇਰੇ ਵਿੱਚ ਆਈ ਹੈ। ਖਾਸ ਤੌਰ ਤੇ ਉਨ੍ਹਾਂ ਦੇ ਸਾਥੀ ਜਿਹੜੇ ਦੋ ਇਲੈਕਸ਼ਨ ਕਮਿਸ਼ਨਰ, ਸ਼੍ਰੀ ਸੁਖਵੀਰ ਸਿੰਘ ਸੰਧੂ ਅਤੇ ਸ਼੍ਰੀ ਵਿਵੇਕ ਜੋਸ਼ੀ ਜੀ ਨੇ ਜੋ ਚੀਫ ਇਲੈਕਸ਼ਨ ਕਮਿਸ਼ਨਰ, ਗਿਆਨੇਸ਼ ਕੁਮਾਰ ਦੀ ਕਾਰਗੁਜ਼ਾਰੀ ਉੱਪਰ ਸਵਾਲ ਖੜ੍ਹੇ ਕੀਤੇ ਹਨ ਅਤੇ ਉਨ੍ਹਾਂ ਨੇ ਪ੍ਰੈਸ ਕਾਨਫੰਰਸ ਕਰਕੇ ਕਿਹਾ ਹੈ ਕਿ ਪਿਛਲੇ 10 ਮਹੀਨੇ ਵਿੱਚ ਜੋ ਵੀ ਫੈਸਲੇ ਲਏ ਗਏ ਹਨ, ਉਹ ਸਿਰਫ ਚੀਫ ਇਲੈਕਸ਼ਨ ਕਮਿਸ਼ਨਰ ਵੱਲੋਂ ਦੂਸਰੇ ਇਲੈਕਸ਼ਨ ਕਮਿਸ਼ਨਰਜ਼ ਨੂੰ ਭਰੋਸੇ ਵਿੱਚ ਲਏ

ਬਿਨਾਂ ਕੀਤੇ ਗਏ ਹਨ ਅਤੇ ਜੋ ਵੀ ਵੋਟਾਂ ਕੱਟੀਆਂ ਜਾ ਰਹੀਆਂ ਹਨ, ਇਹ ਭਾਰਤੀ ਜਨਤਾ ਪਾਰਟੀ ਦੀ ਕੇਂਦਰ ਵਿੱਚ ਸਰਕਾਰ ਹੈ, ਉਸ ਸਰਕਾਰ ਨੂੰ ਫਾਇਦਾ ਦੇਣ ਲਈ ਚੀਫ ਇਲੈਕਸ਼ਨ ਕਮਿਸ਼ਨਰ ਕੰਮ ਕਰ ਰਿਹਾ ਹੈ। ਇਸ ਲਈ ਇਸ ਦੀ ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਅਤੇ ਲੋਕਾਂ ਸਾਹਮਣੇ ਸਚਾਈ ਪੇਸ਼ ਹੋਣੀ ਚਾਹੀਦੀ ਹੈ ਤਾਂ ਕਿ ਕਿਸੇ ਵੀ ਯੋਗ ਵੋਟਰ ਦੀ ਵੋਟ ਨਹੀਂ ਕੱਟੀ ਜਾਣੀ ਚਾਹੀਦੀ। ਸੋ, ਪਿਛਲੇ ਸਮੇਂ ਵਿੱਚ ਬੜਾ ਵੱਡਾ ਸੰਘਰਸ਼ ਵੀ ਹੋਇਆ, ਬੜੇ ਵੱਡੇ ਪ੍ਰੋਟੈਸਟ ਹੋਏ ਚੀਫ ਇਲੈਕਸ਼ਨ ਕਮਿਸ਼ਨਰ, ਗਿਆਨੇਸ਼ ਕੁਮਾਰ ਦੇ ਅਸਤੀਫੇ ਨੂੰ ਲੈ ਕੇ, ਅਸੀਂ ਵੀ ਅਕਾਲੀ ਦਲ ਵਾਰਿਸ ਪੰਜਾਬ ਦੀ ਜਥੇਬੰਦੀ ਵੱਲੋਂ ਮੰਗ ਕਰਦੇ ਹਾਂ ਕਿ ਗਿਆਨੇਸ਼ ਕੁਮਾਰ ਤੋਂ ਅਸਤੀਫਾ ਲਿਆ ਜਾਣਾ ਚਾਹੀਦਾ ਹੈ, ਨਿਰਪੱਖ ਜਾਂਚ ਹੋਣੀ ਚਾਹੀਦੀ ਹੈ ਕਿਉਂਕਿ ਸਾਡੇ ਨਾਲ ਵੀ ਬੜੀ ਵੱਡੀ ਜ਼ਿਆਦਤੀ ਹੋ ਰਹੀ ਹੈ, ਸਾਡੀ ਪਾਰਟੀ ਜਥੇਬੰਦੀ ਜਿਸ ਦੇ ਦੋ ਮੈਂਬਰ ਪਾਰਲੀਮੈਂਟ ਦੇ ਮੈਂਬਰ ਵੀ ਹਨ, ਉਸ ਦੇ ਬਾਵਜੂਦ ਵੀ ਇਸ ਪਾਰਟੀ ਨੂੰ ਰਜਿਸਟਰ ਨਹੀਂ ਕੀਤਾ ਜਾ ਰਿਹਾ। ਸਾਰੀ ਪ੍ਰਕਿਰਿਆ ਪੂਰੀ ਹੋ ਚੁੱਕੀ ਹੈ, ਇਸ ਦੇ ਬਾਵਜੂਦ ਵੀ ਇਹ ਕਹਿ ਕੇ ਇਹ ਜਥੇਬੰਦੀ ਦੇਸ਼ ਲਈ ਖਤਰਾ ਹੈ, ਇਹ ਦੇਸ਼ ਲਈ ਖਤਰਾ ਨਹੀਂ ਹੈ, ਸਾਡੀ ਕੋਈ ਵੀ ਅਜਿਹੀ ਐਕਟੀਵਿਟੀ ਨਹੀਂ ਹੈ ਜਿਹੜੀ ਦੇਸ਼ ਦੇ ਵਿਰੋਧ ਵਿੱਚ ਹੋਵੇ। ਇਹ ਖਤਰਾ ਸਿਰਫ ਦੂਸਰੀਆਂ ਰਾਜਨੀਤਿਕ ਪਾਰਟੀਆਂ ਨੂੰ ਹੈ, ਇਸ ਵਿੱਚ ਬੀ.ਜੇ.ਪੀ. ਵੀ ਨਾਲ ਰਲੀ ਹੋਈ ਹੈ ਅਤੇ ਹੋਰ ਵੀ ਕਈ ਪਾਰਟੀਆਂ ਵੱਲੋਂ ਸਾਡੀ ਰਜਿਸਟਰੇਸ਼ਨ ਨੂੰ ਰੋਕਣ ਲਈ ਸਾਜ਼ਿਸ਼ਾਂ ਘੜੀਆਂ ਜਾ ਰਹੀਆਂ ਹਨ। ਸੋ, ਇਸ ਲਈ ਵਿਧਾਨ ਸਭਾ ਰਾਹੀਂ ਮੈਂ ਇਹ ਮੰਗ ਵੀ ਕਰਦਾ ਹਾਂ ਕਿ ਤੁਰੰਤ ਸਾਡੀ ਜਥੇਬੰਦੀ, ਅਕਾਲੀ ਦਲ ਵਾਰਿਸ ਪੰਜਾਬ ਦੀ ਜਥੇਬੰਦੀ, ਇਸ ਪਾਰਟੀ ਨੂੰ ਰਜਿਸਟਰ ਕੀਤਾ ਜਾਵੇ ਅਤੇ ਤੁਰੰਤ ਸਾਨੂੰ ਚੋਣ ਨਿਸ਼ਾਨ ਅਲਾਟ ਕੀਤਾ ਜਾਵੇ ਅਤੇ ਇਸ ਤਰ੍ਹਾਂ ਦੇ ਜਿਹੜੇ ਡੈਮੋਕ੍ਰੇਸੀ ਵਿੱਚ ਹਰੇਕ ਕੋਲ ਪਾਰਟੀ ਰਜਿਸਟਰ ਕਰਵਾਉਣ ਅਤੇ ਚੋਣ ਲੜਨ ਦਾ ਹੱਕ ਹੈ। ਸੋ, ਇਹ ਸ਼ਰੇਆਮ ਸਾਡਾ ਹੱਕ ਖੋਹਣ ਦਾ ਯਤਨ ਇਲੈਕਸ਼ਨ ਕਮਿਸ਼ਨ ਵੱਲੋਂ ਕੇਂਦਰ ਸਰਕਾਰ ਦੇ ਇਸ਼ਾਰੇ ਤੇ ਕੀਤਾ ਜਾ ਰਿਹਾ ਹੈ। ਇਸ ਦੀ ਅਸੀਂ ਸਖਤ ਸ਼ਬਦਾਂ ਵਿੱਚ ਨਿੰਦਾ ਵੀ ਕਰਦੇ ਹਾਂ ਔਰ ਆਉਣ ਵਾਲੇ ਦਿਨਾਂ ਵਿੱਚ ਸਾਡਾ ਡੈਲੀਗੇਸ਼ਨ ਚੀਫ ਇਲੈਕਸ਼ਨ ਕਮਿਸ਼ਨਰ ਨੂੰ ਮਿਲੇਗਾ ਅਤੇ ਜੇ ਕੋਈ ਦਿੱਲੀ ਵਿੱਚ ਪ੍ਰੋਟੈਸਟ ਵੀ ਕਰਨਾ ਪਿਆ ਤਾਂ ਅਸੀਂ ਆਉਣ ਵਾਲੇ ਸਮੇਂ ਵਿੱਚ ਆਪਣੇ ਹੱਕਾਂ ਨੂੰ ਲੈਣ ਲਈ ਅਤੇ ਪਾਰਟੀ ਨੂੰ ਰਜਿਸਟਰ ਕਰਵਾਉਣ ਲਈ ਅਸੀਂ ਹਰ ਤਰ੍ਹਾਂ ਦਾ ਪ੍ਰੋਟੈਸਟ ਵੀ ਕਰਾਂਗੇ। ਮੈਂ ਇਹ ਜੋ ਮਤਾ ਲਿਆਂਦਾ ਹੈ, ਇਸ ਦੇ ਹੱਕ ਵਿੱਚ ਹਾਂ ਅਤੇ ਜੋ ਸਾਡਾ ਇਲੈਕਸ਼ਨ ਕਮਿਸ਼ਨ ਦਾ ਕੰਮ ਹੈ, ਇਹ ਬਿਲਕੁਲ ਪਾਰਦਰਸ਼ੀ ਹੋਣਾ ਚਾਹੀਦਾ ਹੈ। ਉਸ ਵਿੱਚ ਕਿਸੇ ਨੂੰ ਵੀ ਕਿੰਤੂ-ਪਰੰਤੂ ਕਰਨ ਦਾ ਕੋਈ ਮੌਕਾ ਹੀ ਨਹੀਂ ਦੇਣਾ ਚਾਹੀਦਾ ਕਿਉਂਕਿ ਜੇ ਡੈਮੋਕ੍ਰੇਸੀ ਵਿੱਚ ਇਲੈਕਸ਼ਨ ਕਮਿਸ਼ਨ ਹੀ ਨਿਰਪੱਖ ਕੰਮ ਨਹੀਂ ਕਰੇਗਾ ਤਾਂ ਅਸੀਂ ਹੋਰ ਕਿਸ ਤੋਂ ਕੀ ਆਸ ਰੱਖ ਸਕਦੇ ਹਾਂ। ਇਸ ਲਈ ਇਹ ਮਤਾ ਸਰਬਸੰਮਤੀ ਨਾਲ ਪਾਸ ਹੋਣਾ ਚਾਹੀਦਾ ਹੈ, ਧੰਨਵਾਦ ਜੀ।

**ਮਾਣਯੋਗ ਡਿਪਟੀ ਸਪੀਕਰ:** ਧੰਨਵਾਦ ਜੀ। ਸ਼੍ਰੀਮਤੀ ਅਮਨਦੀਪ ਕੌਰ ਅਰੋੜਾ ਜੀ।

**1225/Manika Rani**

**ਡਾਕਟਰ ਅਮਨਦੀਪ ਕੌਰ ਅਰੋੜਾ (ਮੋਗਾ):** ਮਾਣਯੋਗ ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਜੀ ਵੱਲੋਂ ਲਿਆਂਦੇ ਗਏ ਬਹੁਤ ਹੀ ਇੰਪਾਰਟੈਂਟ ਮਤੇ ਉੱਤੇ ਬੋਲਣ ਲਈ ਸਮਾਂ ਦਿੱਤਾ ਹੈ। ਸਾਡੇ ਦੇਸ਼ ਦੇ ਸੰਵਿਧਾਨ ਨੂੰ ਬਚਾਉਣ ਲਈ ਅਤੇ ਸਾਡੇ ਲੋਕਤੰਤਰਿਕ ਹੱਕਾਂ ਨੂੰ

ਬਚਾਉਣ ਲਈ ਇਹ ਪ੍ਰਸਤਾਵ ਗਿਆਨੇਸ਼ ਕੁਮਾਰ ਜੀ ਦੇ ਵਿਰੁੱਧ ਲਿਆਂਦਾ ਗਿਆ ਹੈ। ਮੈਂ ਇਸ ਮਤੇ ਦੀ ਪ੍ਰੋੜਤਾ ਕਰਦੀ ਹਾਂ ਕਿਉਂਕਿ ਅਸੀਂ ਸਾਰੇ ਦੇਖ ਰਹੇ ਹਾਂ ਕਿ ਜਿੰਨੀਆਂ ਵੀ ਸਟੇਟਾਂ ਵਿੱਚ ਹੁਣ ਇਲੈਕਸ਼ਨ ਹੋ ਰਹੇ ਹਨ, ਉਥੇ ਬੀ.ਜੇ.ਪੀ. ਦੀ ਸਰਕਾਰ ਵੱਲੋਂ ਚੋਣ ਕਮਿਸ਼ਨ ਨੂੰ ਮੇਨ ਮੋਹਰਾ ਬਣਾ ਕੇ, ਜੋ ਵੋਟਾਂ ਉਨ੍ਹਾਂ ਦੇ ਹੱਕ ਵਿੱਚ ਨਹੀਂ ਹੁੰਦੀਆਂ ਹਨ, ਉਥੇ ਅਣਅਧਿਕਾਰਤ ਤਰੀਕੇ ਨਾਲ ਵੋਟਾਂ ਕੱਟੀਆਂ ਜਾ ਰਹੀਆਂ ਹਨ। ਸਾਡੀ ਪਾਰਟੀ ਦੇ ਸੁਪਰੀਮੋ ਸ਼੍ਰੀ ਅਰਵਿੰਦ ਕੇਜਰੀਵਾਲ, ਸਾਡੇ ਮੁੱਖ ਮੰਤਰੀ, ਸਰਦਾਰ ਭਗਵੰਤ ਸਿੰਘ ਮਾਨ ਅਤੇ ਸਾਡੀ ਆਮ ਆਦਮੀ ਪਾਰਟੀ ਨੇ ਸਮੇਂ-ਸਮੇਂ ਸਿਰ ਇਸ ਦੀ ਨਿੰਦਿਆ ਕੀਤੀ ਹੈ ਅਤੇ ਇਸ ਦੇ ਖਿਲਾਫ ਆਵਾਜ਼ ਉਠਾਈ ਹੈ। 19 ਫਰਵਰੀ, 2025 ਨੂੰ ਗਿਆਨੇਸ਼ ਕੁਮਾਰ ਨੇ ਮੁੱਖ ਚੋਣ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ। ਉਸ ਤੋਂ ਬਾਅਦ ਸਭ ਦੀ ਨਾਲੇਜ਼ ਵਿੱਚ ਆਇਆ ਕਿ 11 ਤੋਂ 13 ਕਰੋੜ ਯੋਗ ਵੋਟਰਜ਼ ਦੀਆਂ ਵੋਟਾਂ ਕੱਟ ਦਿੱਤੀਆਂ ਗਈਆਂ ਔਰ ਬੀ.ਜੇ.ਪੀ. ਦੀ ਸਰਕਾਰ ਜਿੱਥੇ ਵੀ ਲੋਕ ਉਨ੍ਹਾਂ ਦੇ ਵਿਰੁੱਧ ਹੁੰਦੇ ਹਨ, ਉਥੇ ਈ.ਡੀ. ਦੀ, ਸੀ.ਬੀ.ਆਈ. ਦੀ ਦੁਰਵਰਤੋਂ ਕਰਕੇ ਔਰ ਉਥੋਂ ਦੇ ਸਰਕਾਰ ਦੇ ਨੁਮਾਇੰਦਿਆਂ ਨੂੰ ਡਰਾ-ਧਮਾ ਕੇ ਜੇਲ੍ਹਾਂ ਵਿੱਚ ਭੇਜ ਕੇ ਹਮੇਸ਼ਾਂ ਇਹ ਚਾਹੁੰਦੀ ਹੈ ਕਿ ਉਥੇ ਬੀ.ਜੇ.ਪੀ. ਦੀ ਸਰਕਾਰ ਬਣਾਈ ਜਾਵੇ ਪਰ ਜਿੱਥੇ ਲੀਡਰ ਨਹੀਂ ਡਰਦੇ ਹਨ, ਉਥੇ ਈ.ਡੀ. ਅਤੇ ਸੀ.ਬੀ.ਆਈ. ਦੀ ਦੁਰਵਰਤੋਂ ਕਰਕੇ ਉਨ੍ਹਾਂ ਨੂੰ ਜੇਲ੍ਹਾਂ ਵਿੱਚ ਭੇਜਿਆ ਜਾਂਦਾ ਹੈ। ਜਦੋਂ ਨਵੀਂ ਦਿੱਲੀ ਵਿਖੇ ਇਲੈਕਸ਼ਨ ਸਨ, ਉਦੋਂ ਅਸੀਂ ਦੇਖਿਆ ਕਿ ਸਾਡੇ ਆਮ ਆਦਮੀ ਪਾਰਟੀ ਦੀ ਸਰਕਾਰ ਲਗਾਤਾਰ ਆਮ ਲੋਕਾਂ ਨਾਲ ਕੰਮ ਕਰ ਰਹੀ ਸੀ ਅਤੇ ਲੋਕਾਂ ਦੀ ਆਵਾਜ਼ ਚੁੱਕ ਰਹੀ ਸੀ ਅਤੇ ਉਨ੍ਹਾਂ ਵੱਲੋਂ ਸਾਡੇ ਲੀਡਰਾਂ ਨੂੰ ਕੰਮ ਕਰਨ ਤੋਂ ਰੋਕਿਆ ਗਿਆ। ਸਾਡੇ ਲੀਡਰਾਂ ਉੱਤੇ ਝੂਠੇ ਦੋਸ਼ ਲਗਾ ਕੇ ਜੇਲ੍ਹ ਵਿੱਚ ਭੇਜਿਆ ਗਿਆ। ਬਹੁਤ ਸਾਰੇ ਯੋਗ ਵੋਟਰਜ਼ ਦੀਆਂ ਵੋਟਾਂ ਕੱਟੀਆਂ ਗਈਆਂ। 40 ਹਜ਼ਾਰ ਦੇ ਕਰੀਬ ਵੋਟਾਂ ਨਵੀਂ ਦਿੱਲੀ ਵਿਖੇ ਸਾਡੇ ਆਮ ਆਦਮੀ ਪਾਰਟੀ ਦੇ ਸੁਪਰੀਮੋ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਦੇ ਹਲਕੇ ਵਿੱਚ ਕੱਟੀਆਂ ਗਈਆਂ ਸਨ। ਇਹ ਸਿਰਫ ਨਵੀਂ ਦਿੱਲੀ ਹੀ ਨਹੀਂ ਅਗਰ ਅਸੀਂ ਪੱਛਮੀ ਬੰਗਾਲ ਅਤੇ ਬਿਹਾਰ ਦੀ ਗੱਲ ਕਰੀਏ ਤਾਂ ਉਥੇ ਵੀ ਸਾਡੇ ਲੋਕਤੰਤਰਿਕ ਅਧਿਕਾਰ ਅਤੇ ਲੋਕਾਂ ਦੀ ਆਵਾਜ਼ ਨੂੰ ਦਬਾਇਆ ਜਾ ਰਿਹਾ ਹੈ। ਸੋ, ਮੈਂ ਆਪਣੇ ਵੱਲੋਂ ਸਾਡੇ ਪਾਰਟੀ ਦੇ ਸੁਪਰੀਮੋ ਸ਼੍ਰੀ ਅਰਵਿੰਦ ਕੇਜਰੀਵਾਲ ਜੀ ਅਤੇ ਸਰਦਾਰ ਭਗਵੰਤ ਸਿੰਘ ਮਾਨ ਜੀ ਦਾ ਧੰਨਵਾਦ ਕਰਦੀ ਹਾਂ ਕਿਉਂਕਿ ਉਨ੍ਹਾਂ ਨੇ ਹਮੇਸ਼ਾਂ ਹੀ ਆਮ ਲੋਕਾਂ ਦੀ ਆਵਾਜ਼ ਨੂੰ ਉਠਾਇਆ ਹੈ। ਇਸ ਤੋਂ ਇਲਾਵਾ ਅੱਜ ਸਾਡੇ ਵਿੱਤ ਮੰਤਰੀ, ਸਰਦਾਰ ਹਰਪਾਲ ਸਿੰਘ ਚੀਮਾ ਜੀ ਵੱਲੋਂ ਗਿਆਨੇਸ਼ ਕੁਮਾਰ ਜੀ ਦੇ ਖਿਲਾਫ ਜੋ ਮਤਾ ਲਿਆਂਦਾ ਗਿਆ ਹੈ, ਉਸ ਵਿੱਚ ਮੈਂ ਮੰਗ ਕਰਦੀ ਹਾਂ ਕਿ ਗਿਆਨੇਸ਼ ਕੁਮਾਰ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਕੀਤੀ ਜਾਵੇ। ਮੈਂ ਇੰਨਾ ਕਹਿੰਦੀ ਹੋਈ ਇਸ ਮਤੇ ਦੀ ਪ੍ਰੋੜਤਾ ਵੀ ਕਰਦੀ ਹਾਂ। ਬਹੁਤ-ਬਹੁਤ ਧੰਨਵਾਦ ਜੀ।

**ਸਰਦਾਰ ਰੁਪਿੰਦਰ ਸਿੰਘ (ਬੱਸੀ ਪਠਾਣਾ, ਐਸ.ਸੀ.)**: ਮਾਣਯੋਗ ਡਿਪਟੀ ਸਪੀਕਰ ਸਾਹਿਬ, ਤੁਹਾਡਾ ਬਹੁਤ-ਬਹੁਤ ਧੰਨਵਾਦ ਕਿ ਤੁਸੀਂ ਮੈਨੂੰ ਵਿੱਤ ਮੰਤਰੀ ਜੀ ਵੱਲੋਂ ਲਿਆਂਦੇ ਗਏ ਮਤੇ ਉੱਤੇ ਬੋਲਣ ਲਈ ਸਮਾਂ ਦਿੱਤਾ ਹੈ। ਅੱਜ ਦਾ ਮੁੱਦਾ ਬਹੁਤ ਹੀ ਇੰਪਾਰਟੈਂਟ ਹੈ। ਮੇਰੇ ਤੋਂ ਪਹਿਲਾਂ ਜਿੰਨੇ ਵੀ ਮੈਂਬਰ ਸਾਹਿਬਾਨ ਬੋਲੇ ਹਨ, ਉਨ੍ਹਾਂ ਨੇ ਇਸ ਮਤੇ ਦੀ ਪ੍ਰੋੜਤਾ ਕੀਤੀ ਹੈ। ਆਪਾਂ ਜਿੰਨੇ ਵੀ ਇੱਥੇ ਬੈਠੇ ਹਾਂ, ਸਾਰੇ ਜਣੇ ਵੋਟਾਂ ਰਾਹੀਂ ਚੁਣ ਕੇ ਆਏ ਹਾਂ। ਵੋਟ ਸਾਡਾ ਅਧਿਕਾਰ ਹੈ। ਲੋਕਤੰਤਰ ਵਿੱਚ ਵੋਟ ਦੇ ਨਾਲ ਹੀ ਫੈਸਲਾ ਕੀਤਾ ਜਾਂਦਾ ਹੈ ਪਰ ਇੱਕ ਨਵੀਂ ਖੇਡ ਅਤੇ ਇੱਕ ਨਵਾਂ ਤਰੀਕਾ ਬੀ.ਜੇ.ਪੀ. ਦੀ ਸਰਕਾਰ ਦੁਆਰਾ ਲੱਭ ਲਿਆ ਗਿਆ ਹੈ । ਬੇ.ਜੇ.ਪੀ. ਵੱਲੋਂ ਵੋਟਾਂ ਨੂੰ ਚੋਰੀ ਕਰਨ, ਵੋਟਾਂ ਨੂੰ ਕਟਾਉਣ ਅਤੇ ਵੋਟ ਪਾਉਣ ਦਾ ਅਧਿਕਾਰ ਖੋਹਣ ਦਾ ਨਵਾਂ ਤਰੀਕਾ ਲੱਭ ਲਿਆ ਗਿਆ ਹੈ, ਜੋ ਕਿ ਬਹੁਤ ਹੀ ਨਿੰਦਣਯੋਗ ਹੈ । ਸਾਡੇ ਬਾਬਾ

ਸਾਹਿਬ ਭੀਮ ਰਾਓ ਅੰਬੇਦਕਰ ਜੀ ਵੱਲੋਂ ਸਾਨੂੰ ਸੰਵਿਧਾਨ ਦੇ ਮੁਤਾਬਿਕ ਵੋਟਾਂ ਪਾਉਣ ਦਾ ਅਧਿਕਾਰ ਦਿੱਤਾ ਗਿਆ ਹੈ। ਅਸੀਂ ਸਾਰੇ ਵੋਟ ਦੇ ਅਧਿਕਾਰ ਦੀ ਵਰਤੋਂ ਕਰਦੇ ਹਾਂ। ਦੇਸ਼ ਦੇ ਵਿੱਚ ਜਦੋਂ ਕੋਈ ਸਰਕਾਰ ਕੰਮ ਨਹੀਂ ਕਰਦੀ ਹੈ ਜਾਂ ਜਦੋਂ ਸਰਕਾਰ ਬਦਲਣੀ ਹੁੰਦੀ ਹੈ ਤਾਂ ਆਪਾਂ ਸਾਰੇ ਇੱਕੋ ਗੱਲ ਕਹਿੰਦੇ ਹਾਂ ਕਿ ਕੋਈ ਗੱਲ ਨਹੀਂ, ਵੋਟਾਂ ਆ ਰਹੀਆਂ ਹਨ। ਵੋਟਾਂ ਦੇ ਵਿੱਚ ਦੇਖਾਂਗੇ।

**1230/Gurpreet kaur**

ਪਰ ਜਦੋਂ ਤੁਹਾਨੂੰ ਇਹ ਪਤਾ ਲੱਗ ਜਾਵੇ ਕਿ ਤੁਹਾਡੀ ਵੋਟ ਹੀ ਨਹੀਂ ਹੈ, ਜਦੋਂ ਤੁਸੀਂ ਸਵੇਰੇ ਉੱਠ ਕੇ ਵੋਟ ਪਾਉਣ ਜਾਂਦੇ ਹੋ ਤਾਂ ਤੁਹਾਨੂੰ ਪਤਾ ਲੱਗੇ ਕਿ ਤੁਹਾਡੀ ਵੋਟ ਹੀ ਨਹੀਂ ਹੈ ਤਾਂ ਤੁਸੀਂ ਇਸ ਗੱਲ ਲਈ ਨਿਰਾਸ਼ ਹੁੰਦੇ ਹੋ ਕਿ ਮੈਂ ਆਪਣੇ ਵੋਟ ਦੇ ਅਧਿਕਾਰ ਨੂੰ ਵਰਤਣ ਤੋਂ ਵਾਂਝਾ ਰਹਿ ਗਿਆ ਹਾਂ। ਇਸ ਨਾਲ ਦੇਸ਼ ਵਿੱਚ ਡਰ ਦਾ ਮਾਹੌਲ ਪੈਦਾ ਹੁੰਦਾ ਹੈ। ਜਿਵੇਂ ਪਹਿਲਾਂ ਵੀ ਸਾਡੇ ਮੈਂਬਰ ਸਾਹਿਬਾਨ ਨੇ ਦੱਸਿਆ ਹੈ ਕਿ ਦੇਸ਼ ਦੇ ਵੱਖ ਵੱਖ ਸੂਬਿਆਂ ਵਿੱਚ ਡਰਾਇਆ ਗਿਆ, ਧਮਕਾਇਆ ਗਿਆ ਅਤੇ ਜੇਕਰ ਕੋਈ ਡਰ ਗਿਆ, ਜੇਕਰ ਕੋਈ ਉਨ੍ਹਾਂ ਤੋਂ ਖੌਫਜ਼ਦਾ ਹੋ ਗਿਆ ਤਾਂ ਠੀਕ ਹੈ ਨਹੀਂ ਤਾਂ ਉਨ੍ਹਾਂ ਦੀਆਂ ਸਰਕਾਰਾਂ ਡਿੱਗਦੀਆਂ ਗਈਆਂ ਅਤੇ ਉਨ੍ਹਾਂ ਦੇ ਬੰਦਿਆਂ ਨੂੰ ਖਰੀਦਿਆਂ ਗਿਆ। ਜਦੋਂ ਇਨ੍ਹਾਂ ਚੀਜ਼ਾਂ ਤੋਂ ਵੀ ਉੱਪਰ ਉੱਠਣ ਦੀ ਗੱਲ ਕਰੀਏ ਤਾਂ ਕਿਸੇ ਗੱਲ ਨਾਲ ਗੱਲ ਨਾ ਬਣੀ ਤਾਂ ਇਨ੍ਹਾਂ ਨੇ ਸੋਚਿਆਂ ਕਿ ਇਨ੍ਹਾਂ ਦੇ ਵੋਟਰਾਂ ਦੀ, ਸਪੋਰਟਰਾਂ ਦੀ ਅਤੇ ਜਿਹੜੇ ਲੋਕ ਉਨ੍ਹਾਂ ਦੇ ਖਿਲਾਫ ਸਨ ਉਨ੍ਹਾਂ ਦੀਆਂ ਵੋਟਾਂ ਕੱਟੀਆਂ ਜਾਣ। ਇਹ ਦਿੱਲੀ ਵਿੱਚ ਵੀ ਹੋਇਆ। ਸਾਡੇ ਪਾਰਟੀ ਸੁਪਰੀਮੋ ਜੀ ਦੇ ਹਲਕੇ ਵਿੱਚ 40-40 ਹਜਾਰ ਵੋਟ ਕੱਟੀ ਗਈ। ਇਸ ਤਰ੍ਹਾਂ ਦੀਆਂ ਕਈਆਂ ਉਦਾਹਰਣਾਂ ਹਨ ਜਿੱਥੇ ਕੁਝ ਕੁ ਵੋਟਾਂ ਨਾਲ ਸਾਡੇ ਲੀਡਰ ਸਾਹਿਬਾਨ ਹਾਰੇ ਪਰ ਉੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਵੋਟਾਂ ਕੱਟੀਆਂ ਗਈਆਂ। ਇਨ੍ਹਾਂ ਵੱਲੋਂ SIR ਦੇ ਉੱਤੇ ਪਤਾ ਨਹੀਂ ਕੀ ਏਜੰਡਾ ਤਿਆਰ ਕੀਤਾ ਹੈ। ਤੁਸੀਂ ਇੱਕ ਗੱਲ ਦੇਖਿਓ, ਜਦੋਂ ਤੁਸੀਂ ਕਿਸੇ ਕੋਲ ਵੀ ਜਾਓਗੇ ਤਾਂ ਤੁਹਾਨੂੰ ਇਹ ਗੱਲ ਜ਼ਰੂਰ ਸੁਣਨ ਲਈ ਮਿਲੇਗੀ ਕਿ ਆਪਣੀ ਵੋਟ ਬਚਾ ਕੇ ਰੱਖਿਓ। ਪਹਿਲਾਂ ਆਪਣਾ ਲੋਕਤੰਤਰ ਨੂੰ ਦੇਸ਼ ਨੂੰ ਅਤੇ ਪੰਜਾਬ ਨੂੰ ਬਚਾਉਣ ਦੀ ਗੱਲ ਕਰਦੇ ਸੀ ਪਰ ਹੁਣ ਲੋਕ ਵੋਟ ਬਚਾਉਣ ਦੀ ਗੱਲ ਕਰ ਰਹੇ ਹਨ ਕਿ ਆਪਣੀ ਵੋਟ ਬਚਾਈ ਜਾਵੇ। ਇਨ੍ਹਾਂ ਨੇ ਜੋ ਅੱਗੇ ਆਉਣ ਵਾਲੇ ਸਮੇਂ ਵਿੱਚ ਕਰਨਾ ਹੈ, ਸਾਡੀ ਆਮ ਆਦਮੀ ਪਾਰਟੀ ਵੱਲੋਂ ਇਨ੍ਹਾਂ ਦੇ ਖਿਲਾਫ ਪੂਰਾ ਅੰਦੋਲਨ ਵਿੱਢਿਆ ਜਾਵੇਗਾ ਅਤੇ ਪੂਰਾ ਡੱਟ ਕੇ ਮੁਕਾਬਲਾ ਕੀਤਾ ਜਾਵੇਗਾ। ਲੋਕ ਵੀ ਇਸ ਗੱਲ ਤੋਂ ਭਲੀ ਭਾਂਤ ਜਾਣੂ ਹਨ ਕਿਉਂਕਿ ਲੋਕਾਂ ਲਈ ਇਹ ਗੰਭੀਰ ਚਿੰਤਾ ਦਾ ਵਿਸ਼ਾ ਬਣਿਆ ਹੋਇਆ ਹੈ। ਅੱਜ ਗਲੀਆਂ, ਮੁਹੱਲਿਆਂ ਜਾਂ ਸੱਥਾਂ ਵਿੱਚ ਬੈਠ ਕੇ ਸਿਰਫ ਵੋਟਾਂ ਬਚਾਉਣ ਤੇ ਹੀ ਚਰਚਾ ਹੋ ਰਹੀ ਹੈ। ਇਹ ਪਹਿਲਾਂ ਕਿਵੇਂ ਕਰਦੇ ਸਨ, ਪਹਿਲਾਂ ਇਹ ਲੋਕਾਂ ਦੀਆਂ ਵੋਟਾਂ ਵੇਲੇ ਧਾਂਦਲੀਆਂ ਕਰਦੇ ਸਨ ਜਦੋਂ ਵੋਟਾਂ ਪੈਂਦੀਆਂ ਸਨ। ਕਿਸੇ ਦੇ ਕਾਗਜ਼ ਵੱਢ ਦਿੱਤੇ ਜਾਂਦੇ ਸਨ। ਇਹ ਲੋਕ ਹੁਣ ਉਨ੍ਹਾਂ ਤੋਂ ਵੀ ਉੱਪਰ ਉੱਠ ਗਏ। ਇਹ ਕਹਿੰਦੇ ਹਨ ਕਿ ਇਨ੍ਹਾਂ ਦੇ ਵੋਟਰਾਂ ਅਤੇ ਸਪੋਰਟਰਾਂ ਨੂੰ ਵੋਟ ਦੇ ਅਧਿਕਾਰ ਤੋਂ ਹੀ ਵਾਂਝੇ ਕਰ ਦਿਓ। ਇਨ੍ਹਾਂ ਦੇ ਵੋਟਰ ਵੋਟ ਦਾ ਇਸਤੇਮਾਲ ਨਾ ਕਰ ਸਕਣ। ਜਦੋਂ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਨੇ ਕਿਹਾ ਸੀ ਕਿ ਤੁਸੀਂ ਅੱਜ ਦੇਸ਼ ਦੇ ਲੋਕਤੰਤਰ ਦਾ ਹਿੱਸਾ ਹੋ। ਤੁਸੀਂ ਦੇਸ਼ ਦੇ ਉਹ ਨਾਗਰਿਕ ਹੋ ਜਿਨ੍ਹਾਂ ਨੇ ਸਰਕਾਰ ਚੁਣਨੀ ਹੈ। ਤੁਸੀਂ ਉਹ ਲੋਕ ਹੋ ਜਿਨ੍ਹਾਂ ਦੇ ਕਰਕੇ ਅੱਜ ਸਰਕਾਰ ਚੁਣ ਕੇ ਲੋਕਾਂ ਲਈ ਕੰਮ ਕਰੇਗੀ ਪਰ ਉਸ ਸਭ ਕੁਝ ਨੂੰ, ਬਾਬਾ ਭੀਮ ਰਾਓ ਅੰਬੇਦਕਰ ਜੀ ਦੇ ਸੋਚ ਨੂੰ, ਲੋਕਾਂ ਦੀ ਸੋਚ ਨੂੰ ਦਬਾਉਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਇੱਥੇ ਇਹ ਗੱਲ ਦੱਸਣੀ ਚਾਹੁੰਦਾ ਹਾਂ

ਕਿ ਜੇਕਰ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਇਹ ਕੰਮ ਨਹੀਂ ਰੋਕਦੇ ਅਤੇ ਇਸ ਗੱਲ ਤੇ ਨਹੀਂ ਆਉਂਦੇ ਤਾਂ ਆਮ ਆਦਮੀ ਪਾਰਟੀ ਵੱਲੋਂ, ਪੰਜਾਬ ਸਰਕਾਰ ਵੱਲੋਂ ਇਸ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ।

***12.33 ਵਜੇ ਬਾਅਦ ਦੁਪਹਿਰ।) (*ਇਸ ਸਮੇਂ ਮਾਣਯੋਗ ਸਪੀਕਰ ਨੇ ਸਦਨ ਦੀ ਕੁਰਸੀ ਸੰਭਾਲੀ।)**

**ਸਰਦਾਰ ਰੁਪਿੰਦਰ ਸਿੰਘ**: ਆਉਣ ਵਾਲੇ ਸਮੇਂ ਵਿੱਚ ਵੀ ਇਸ ਦਾ ਡਟ ਕੇ ਵਿਰੋਧ ਕੀਤਾ ਜਾਵੇਗਾ। ਮੈਂ ਇੱਥੇ ਇਹ ਗੱਲ ਵੀ ਕਹਿਣੀ ਚਾਹੁੰਦਾ ਹਾਂ ਕਿ ਜਿਹੜੇ ਲੋਕ ਅੱਜ ਇਨ੍ਹਾਂ ਦੇ ਲੀਡਰ ਸਾਹਿਬਾਨਾਂ ਨੂੰ ਇੱਥੇ ਆਇਆਂ ਨੂੰ ਜੀ ਆਇਆਂ ਕਹਿੰਦੇ ਹਨ ਉਹ ਇਹ ਵੀ ਸਵਾਲ ਪੁੱਛਣ ਕਿ ਵੋਟ ਚੋਰੀ ਵਾਲਾ ਮਸਲਾ, ਵੋਟਾਂ ਕਟਾਉਣ ਵਾਲਾ ਮਸਲਾ ਤੁਸੀਂ ਆਰੰਭ ਕੀਤਾ ਹੈ, ਇਸ ਨੂੰ ਕਦੋਂ ਬੰਦ ਕਰੋਗੇ। ਆਮ ਲੋਕਾਂ ਦੇ ਅਧਿਕਾਰ ਕਦੋਂ ਸੁਰੱਖਿਅਤ ਹੋਣਗੇ। ਸਾਡਾ ਸਭ ਤੋਂ ਵੱਡਾ ਅਧਿਕਾਰ ਵੋਟ ਦਾ ਅਧਿਕਾਰ ਹੈ। ਸੋ, ਸਪੀਕਰ ਸਾਹਿਬ, ਇਸ ਵੋਟ ਦੇ ਅਧਿਕਾਰ ਨੂੰ ਬਚਾਉਣ ਲਈ, ਇਸ ਵੋਟ ਨੂੰ ਬਚਾਉਣ ਲਈ ਲੋਕਾਂ ਦਾ ਮਾਣ-ਸਨਮਾਨ ਬਰਕਰਾਰ ਰੱਖਣ ਲਈ ਸਾਨੂੰ ਸਭ ਨੂੰ ਚੀਮਾ ਸਾਹਿਬ ਵੱਲੋਂ ਲਿਆਂਦੇ ਮਤੇ ਦੀ ਪ੍ਰੋੜ੍ਹਤਾ ਕਰਨੀ ਚਾਹੀਦੀ ਹੈ। ਮੈਂ ਖੁਦ ਇਸ ਮਤੇ ਦੀ ਪ੍ਰੋੜ੍ਹਤਾ ਕਰਦਾ ਹਾਂ ਅਤੇ ਗਿਆਨੇਸ਼ ਕੁਮਾਰ ਜੀ ਦੇ ਅਸਤੀਫੇ ਦੀ ਮੰਗ ਵੀ ਕਰਦੇ ਹਾਂ ਅਤੇ ਇਹ ਵੀ ਕਹਾਂਗੇ ਕਿ ਜੋ ਇਨ੍ਹਾਂ ਨੇ ਵੋਟ ਚੋਰੀ ਕਰਨ ਅਤੇ ਆਮ ਲੋਕਾਂ ਦੇ ਅਧਿਕਾਰ ਖੋਹਣ ਦਾ ਧੰਦਾ ਅਪਣਾਇਆ ਹੈ, ਜੇਕਰ ਇਹ ਨਾ ਬੰਦ ਹੋਇਆ ਤਾਂ ਵਿਸ਼ੇਸ਼ ਤੌਰ ਤੇ ਇੱਕ ਅੰਦੋਲਨ ਉਲੀਕਿਆ ਜਾਵੇਗਾ ਅਤੇ ਇਸ ਨੂੰ ਅਪੋਜ਼ ਕੀਤਾ ਜਾਵੇਗਾ। ਮੈਂ ਇਸ ਦੇ ਲਈ ਮਾਣਯੋਗ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਜੀ ਨੂੰ ਇਹ ਵਿਸ਼ਵਾਸ ਦਿਵਾਉਣਾ ਚਾਹੁੰਦਾ ਹਾਂ ਕਿ ਅਸੀਂ ਜਿੰਨੇ ਵੀ ਮੈਂਬਰ ਸਾਹਿਬਾਨ ਹਾਂ ਸਾਰੇ ਉਨ੍ਹਾਂ ਨਾਲ ਡੱਟ ਕੇ ਖੜ੍ਹੇ ਹਾਂ। ਅਸੀਂ ਸਾਰੇ ਪੰਜਾਬ ਸਰਕਾਰ ਨਾਲ ਡੱਟ ਕੇ ਖੜ੍ਹੇ ਹਾਂ। ਬਹੁਤ ਬਹੁਤ ਧੰਨਵਾਦ ਜੀ।

**1235/Rajneet Kaur**

**ਡਾਕਟਰ ਨਛੱਤਰ ਪਾਲ (ਨਵਾਂ ਸ਼ਹਿਰ)** : ਬਹੁਤ ਬਹੁਤ ਧੰਨਵਾਦ, ਮਾਣਯੋਗ ਸਪੀਕਰ ਸਾਹਿਬ। ਤੁਸੀਂ ਮੈਨੂੰ ਬਹੁਜਨ ਸਮਾਜ ਪਾਰਟੀ ਦਾ ਪੱਖ ਜੋ ਮਤਾ ਸਾਡੇ ਬਹੁਤ ਹੀ ਸਤਿਕਾਰਯੋਗ ਕੈਬਨਿਟ ਮੰਤਰੀ ਸਰਦਾਰ ਹਰਪਾਲ ਸਿੰਘ ਚੀਮਾ ਜੀ ਲੈ ਕੇ ਆਏ ਹਨ, ਉਸ ਦੇ ਹੱਕ ਵਿੱਚ ਬੋਲਣ ਲਈ ਖੜ੍ਹਾ ਹੋਇਆ ਹਾਂ।

ਮੇਰੀ ਨੇਤਾ ਬਹੁਜਨ ਸਮਾਜ ਪਾਰਟੀ ਦੇ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ, ਸਾਬਕਾ ਮੁੱਖ ਮੰਤਰੀ ਉੱਤਰ ਪ੍ਰਦੇਸ਼ ਜੀ ਨੇ ਪਿਛਲੇ ਦਿਨੀਂ ਈ.ਵੀ.ਐਮ., ਈ.ਵੀ.ਐਮ. ਹੈਕਿੰਗ, ਵੀ.ਵੀ.ਪੀ. ਪਰਚੀਆਂ ਦਾ ਮਿਲਾਨ ਅਤੇ ਐਸ.ਆਈ.ਆਰ. ਰਾਹੀਂ ਲੋਕਾਂ ਦੇ ਵੋਟ ਦੇ ਅਧਿਕਾਰ ਨੂੰ ਕਰੋੜਾਂ ਵੋਟਾਂ ਕੱਟ ਕੇ ਖੋਹਿਆ ਜਾ ਰਿਹਾ ਹੈ, ਇਸ ਸਬੰਧੀ ਲੋਕਾਂ ਦੇ ਅੰਦਰ ਚੋਣ ਕਮਿਸ਼ਨ ਦੇ ਪ੍ਰਤੀ ਬੇਭਰੋਸਗੀ ਵਧੀ ਹੈ। ਲੋਕ ਆਪਣੇ-ਆਪ ਨੂੰ ਲੁੱਟਿਆ ਮਹਿਸੂਸ ਕਰ ਰਹੇ ਹਨ,ਇਹ ਗੱਲ ਭੈਣ ਕੁਮਾਰੀ ਮਾਇਆਵਤੀ ਜੀ ਨੇ ਕਹੀ। ਭਾਰਤੀ ਲੋਕਤੰਤਰ ਵਿੱਚ ਵੋਟ ਦੇ ਅਧਿਕਾਰ ਦੀ ਸੰਵਿਧਾਨਕ ਮਹੱਤਤਾ ਹੈ। ਭਾਰਤੀ ਸੰਵਿਧਾਨ ਦੀਆਂ ਧਾਰਾਵਾਂ 324,325, 326 ਇਨ੍ਹਾਂ ਅਧਿਕਾਰਾਂ ਨੂੰ ਸੁਰੱਖਿਆ

ਪ੍ਰਦਾਨ ਕਰਦੀਆਂ ਹਨ। ਚੋਣ ਕਮਿਸ਼ਨ ਨੂੰ ਚੋਣਾਂ ਦੀ ਨਿਗਰਾਨੀ, ਬਿਨਾ ਕਿਸੇ ਜਾਤੀ ਧਰਮ, ਲਿੰਗ, ਭੇਦ-ਭਾਵ ਤੋਂ ਹਰ ਬਾਲਗ, ਨਾਗਰਿਕ ਨੂੰ ਵੋਟਰ ਸੂਚੀ ਵਿੱਚ ਸ਼ਾਮਿਲ ਕਰਨਾ ਹੁੰਦਾ ਹੈ।

ਮਾਣਯੋਗ ਸਪੀਕਰ ਸਾਹਿਬ, ਭਾਰਤ ਦੁਨੀਆ ਦਾ ਸਭ ਤੋਂ ਵੱਡਾ ਲੋਕਤੰਤਰ ਦੇਸ਼ ਹੈ। ਜਿੱਥੇ ਸਾਨੂੰ ਹਰ ਤਰ੍ਹਾਂ ਦੀ ਆਜ਼ਾਦੀ ਹੈ। ਸਪੀਕਰ ਸਾਹਿਬ, ਵਿਸ਼ਵ ਦੇ ਮੁੱਖ ਦੇਸ਼ਾਂ ਜਿਵੇਂ ਸਾਊਦੀ ਅਰਬ, ਬਰਨੂਈ, ਕਤਰ, ਚੀਨ, ਯੂ.ਏ.ਈ., ਏਰੀਵੀਆ ਵਿੱਚ ਆਮ ਨਾਗਰਿਕ ਨੂੰ ਕੌਮੀ ਪੱਧਰ ਦੀ ਚੋਣ ਵਿੱਚ ਹਿੱਸੇਦਾਰੀ ਨਹੀਂ ਮਿਲਦੀ। ਆਪਣੇ ਦੇਸ਼ ਵਿੱਚ ਵੀ ਸਾਲ 1902 ਦੇ ਅੰਦਰ ਕੋਹਲਾਪੁਰ ਰਿਆਸਤ ਦੇ ਕੁਰਮੀ ਰਾਜਾ ਛੱਤਰਪਤੀ ਸਾਹੂ ਮਹਾਰਾਜ ਨੇ 50% ਓ.ਬੀ.ਸੀ. ਜਮਾਤ ਨੂੰ ਆਪਣੇ ਰਾਜ ਵਿੱਚ ਪਹਿਲੀ ਵਾਰ ਪ੍ਰਤੀਨਿਧਤਾ ਦਿੱਤੀ ਔਰ ਪੱਛੜੀਆਂ ਸ਼੍ਰੇਣੀਆਂ ਨੂੰ ਆਪਣੇ ਰਾਜ ਦੇ ਅੰਦਰ ਪ੍ਰਤੀਨਿਧਤਾ ਦਿੱਤੀ।

ਸਾਲ 1909 ਵਿੱਚ Minto Morley Reform ਹੋਇਆ। ਜਿਸ ਵਿੱਚ 5 ਮੈਂਬਰ ਚੁਣੇ ਜਾਣੇ ਸਨ ਔਰ 19 ਮੈਂਬਰਾਂ ਨੂੰ ਨੋਮੀਨੇਟ ਕਰਨਾ ਸੀ ਪਰੰਤੂ ਆਮ ਲੋਕਾਂ ਨੂੰ ਵੋਟ ਦਾ ਅਧਿਕਾਰ ਨਹੀਂ ਸੀ। ਸਾਲ 1919 ਵਿੱਚ edwin motangue, Lord chemesford Reform ਆਇਆ। ਜਿਸ ਵਿੱਚ 71 ਮੈਂਬਰ ਇਲੈਕਟ ਹੋਣੇ ਸਨ ਅਤੇ 22 ਨੋਮੀਨੇਟ ਮੈਂਬਰ ਬਣਨੇ ਸਨ। ਇਸ ਵਿੱਚ ਵੀ ਜ਼ਮੀਨ ਜਾਇਦਾਦ, ਟੈਕਸ ਦੇਣ ਵਾਲੇ, ਵਿੱਦਿਅਕ ਅਤੇ ਸਰਕਾਰੀ ਯੋਗਤਾ ਰੱਖਣ ਵਾਲੇ ਨੂੰ ਹੀ ਵੋਟ ਦਾ ਅਧਿਕਾਰ ਸੀ। ਆਮ ਲੋਕਾਂ ਨੂੰ ਅਤੇ ਖਾਸ ਕਰਕੇ ਔਰਤਾਂ ਨੂੰ ਵੀ ਵੋਟ ਦਾ ਅਧਿਕਾਰ ਨਹੀਂ ਸੀ ਜਿਸ ਵਿੱਚ ਪਹਿਲੀ ਵਾਰ ਸਿੱਖਾਂ ਲਈ 12 ਸੀਟਾਂ ਰਿਜ਼ਰਵ ਕੀਤੀਆਂ ਗਈਆਂ।ਸਾਲ 1935, 1937 ਦੇ ਗੌਰਮਿੰਟ ਆਫ ਇੰਡੀਆ ਐਕਟ ਤਹਿਤ 175 ਸੀਟਾਂ ਪੰਜਾਬ ਦੇ ਅੰਦਰ ਬਣੀਆਂ, ਵੋਟਾਂ ਦੀ ਗਿਣਤੀ 5 ਲੱਖ ਤੋਂ ਵਧ ਕੇ 27 ਲੱਖ ਵੋਟਾਂ ਹੋਈਆਂ। ਉਸ ਵੇਲੇ ਵੀ ਇਹ ਅਧਿਕਾਰ ਮਿਲਿਆ। 8 ਹਲਕਿਆਂ ਵਿੱਚ ਜਿੱਥੇ ਦੋਹਰੀ ਵੋਟ ਰਾਹੀਂ ਚੁਣੇ ਜਾਣੇ ਸਨ, ਉੱਥੇ ਵੀ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਚੁਣਨ ਦਾ ਮੌਕਾ ਮਿਲਿਆ। ਇਹ ਮੌਕਾ ਸਾਨੂੰ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਨੇ ਜਿਨ੍ਹਾਂ ਨੇ 18 ਅਗਸਤ, 1931-32 ਨੂੰ ਲੰਡਨ ਵਿਖੇ ਗੋਲਮੇਜ ਕਾਨਫਰੰਸਾਂ ਹੋਈਆਂ, ਉਨ੍ਹਾਂ ਰਾਹੀਂ ਪੂਨਾ ਪੈਕਟ ਜਿਹੜਾ ਕਿ ਮਹਾਤਮਾ ਗਾਂਧੀ ਜੀ ਨਾਲ ਹੋਇਆ, ਉਸ ਰਾਹੀਂ ਸਾਨੂੰ ਸਾਰਿਆਂ ਨੂੰ ਵੋਟ ਦਾ ਅਧਿਕਾਰ ਮਿਲਿਆ।

ਆਦਿ ਧਰਮ ਲਹਿਰ ਦੇ ਬਾਨੀ ਬਾਬਾ ਮੰਗੂ ਰਾਮ ਜੀ ਦੀ ਵੀ ਗੱਲ ਹੋਈ ਹੈ। ਉਹ ਵੀ ਸਾਲ 1932 ਤੋਂ 1937 ਤੱਕ ਰਿਜ਼ਰਵ ਸੀਟਾਂ ਤੋਂ ਆਪਣੇ ਨੁਮਾਇੰਦੇ ਜਿਤਾ ਸਕੇ। ਮਾਣਯੋਗ ਸਪੀਕਰ ਸਾਹਿਬ, ਸਾਲ 1947 ਤੋਂ 1950 ਤੱਕ ਸੰਵਿਧਾਨ ਸਭਾ ਦੇ 299 ਮੈਂਬਰ ਬਣੇ। ਜਿਸ ਦੇ ਪ੍ਰਧਾਨ ਡਾਕਟਰ ਰਜਿੰਦਰ ਪ੍ਰਸਾਦ ਜੀ ਬਣੇ। ਸੰਵਿਧਾਨ ਸਭਾ ਦੀ ਡਰਾਫਟਿੰਗ ਕਮੇਟੀ ਦੇ ਚੇਅਰਮੈਨ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਦਕਰ ਜੀ ਨੇ 2 ਸਾਲ, 11 ਮਹੀਨੇ, 18 ਦਿਨ ਲਗਾ ਕੇ ਦੇਸ਼ ਦਾ ਸੰਵਿਧਾਨ ਤਿਆਰ ਕੀਤਾ। ਉਸ ਵਿੱਚ ਬਿਨਾਂ ਕਿਸੇ ਜਾਤ-ਧਰਮ, ਅਮੀਰ-ਗਰੀਬ, ਮਰਦ-ਔਰਤ, ਹਰ ਬਾਲਗ ਨਾਗਰਿਕ ਨੂੰ ਵੋਟ ਦਾ ਅਧਿਕਾਰ ਹੋਵੇਗਾ। ਵੋਟਾਂ ਦੀ ਗਿਣਤੀ ਦੇਸ਼ ਵਿੱਚ 17 ਕਰੋੜ ਹੋਈ ਅਤੇ ਪੰਜਾਬ ਵਿੱਚ ਲਗਭਗ 67 ਲੱਖ ਦੇ ਕਰੀਬ ਹੋਈ।

ਮਾਣਯੋਗ ਸਪੀਕਰ ਸਾਹਿਬ, ਮੈਂ ਇਤਿਹਾਸ ਤੇ ਚਰਚਾ ਕਿਉਂ ਕੀਤੀ? ਮੈਂ ਇਹ ਗੱਲ ਕਿਉਂ ਕਰ ਰਿਹਾ ਹਾਂ ਕਿਉਂਕਿ ਸਾਡੇ ਪੁਰਖਿਆਂ ਨੇ, ਸਾਡੇ ਰਹਿਬਰਾਂ ਨੇ ਬੜੀ ਜੱਦੋ-ਜਹਿਦ ਨਾਲ ਸਾਨੂੰ ਵੋਟ ਦਾ ਅਧਿਕਾਰ ਲੈ ਕੇ ਦਿੱਤਾ। ਭਾਰਤ ਦਾ ਚੋਣ ਕਮਿਸ਼ਨ ਇੱਕ ਸੰਵਿਧਾਨਕ ਸੰਸਥਾ ਹੈ। ਭਾਰਤ ਦਾ ਚੋਣ ਕਮਿਸ਼ਨ, ਕੇਂਦਰ ਦੀ ਬੀ.ਜੇ.ਪੀ. ਸਰਕਾਰ ਦੇ ਅਧੀਨ ਇੱਕ ਰਾਜਨੀਤਕ ਸੰਸਥਾ ਦੇ ਵਾਂਗ ਕੰਮ ਕਰ ਰਿਹਾ ਹੈ। ਭਾਰਤ ਵਰਗੇ ਲੋਕਤੰਤਰਿਕ ਦੇਸ਼ ਵਿੱਚ ਚੋਣ ਕਮਿਸ਼ਨ ਦੀ ਨਿਰਪੱਖਤਾ ਉੱਤੇ ਲੋਕਾਂ ਦਾ ਭਰੋਸਾ ਬਹੁਤ ਹੀ ਮਹੱਤਵ ਰੱਖਦਾ ਹੈ ਪਰ ਜੇ ਦੇਸ਼ ਵਿੱਚ 13 ਕਰੋੜ ਲੋਕਾਂ ਨੂੰ ਵੋਟ ਪਾਉਣ ਦੇ ਅਧਿਕਾਰ ਤੋਂ ਵਾਂਝਾ ਕਰ ਦਿੱਤਾ ਜਾਵੇ ਜਿਸ ਨਾਲ ਲੋਕਾਂ ਵਿੱਚ ਅਰਾਜਕਤਾ, ਬੇਭਰੋਸਗੀ ਵਧੇਗੀ। ਸਾਨੂੰ ਉਨ੍ਹਾਂ ਲੋਕਾਂ ਦੀ ਲੜਾਈ ਇਸ ਸਦਨ ਦੇ ਮਾਧਿਅਮ ਰਾਹੀਂ ਲੜਨੀ ਚਾਹੀਦੀ ਹੈ। ਇਸ ਕਰਕੇ ਮੈਂ ਮਾਣਯੋਗ ਸਪੀਕਰ ਸਾਹਿਬ, ਮੈਂ ਇਸ ਮਤੇ ਦਾ ਸਮਰਥਨ ਕਰਦਾ ਹਾਂ। ਦੇਸ਼ ਵਿੱਚ ਸੰਵਿਧਾਨ ਨੂੰ ਖਤਮ ਕਰਨ ਵਾਲੀਆਂ ਤਾਕਤਾਂ ਦਾ ਸਾਨੂੰ ਰਲ-ਮਿਲ ਕੇ ਮੂੰਹ ਤੋੜ ਜਵਾਬ ਦੇਣਾ ਚਾਹੀਦਾ ਹੈ। ਮੈਂ ਦੁਬਾਰਾ ਮਾਣਯੋਗ ਹਰਪਾਲ ਸਿੰਘ ਚੀਮਾ ਜੀ ਜਿਹੜਾ ਮਤਾ ਲੈ ਕੇ ਆਏ ਹਨ, ਉਸ ਦੀ ਪ੍ਰੋੜ੍ਹਤਾ ਕਰਦਾ ਹੋਇਆ ਅਤੇ ਉਸ ਮਤੇ ਦੇ ਹੱਕ ਵਿੱਚ ਬੋਲਦਾ ਹੋਇਆ ਤੁਹਾਡਾ ਧੰਨਵਾਦ ਕਰਦਾ ਹਾਂ। ਜੈ ਭੀਮ, ਜੈ ਭਾਰਤ।

**1240/Kuldeep kaur**

**ਸ੍ਰੀ ਅਮਨਸ਼ੇਰ ਸਿੰਘ (ਸ਼ੈਰੀ ਕਲਸੀ) (ਬਟਾਲਾ):** ਧੰਨਵਾਦ ਸਪੀਕਰ ਸਾਹਿਬ, ਅੱਜ ਇੱਕ ਅਹਿਮ ਮਤੇ ਤੇ ਬੋਲਣ ਦਾ ਤੁਸੀਂ ਮੌਕਾ ਦਿੱਤਾ ਹੈ। ਚੀਮਾ ਸਾਹਿਬ ਨੇ ਬੜੀ ਗੰਭੀਰਤਾ ਨਾਲ ਇੱਕ ਮਤਾ ਲਿਆਂਦਾ ਹੈ। ਇਨਸਾਨ ਦਾ ਇੱਕ ਵੋਟ ਦਾ ਅਧਿਕਾਰ ਹੁੰਦਾ ਹੈ। ਚੋਣ ਕਮਿਸ਼ਨ ਮੁੱਖ, ਗਿਆਨੇਸ਼ ਕੁਮਾਰ, ਬੀ.ਜੇ.ਪੀ. ਪਾਰਟੀ ਨਾਲ ਰਲ ਕੇ ਅਤੇ ਉਨ੍ਹਾਂ ਦੇ ਇਸ਼ਾਰਿਆਂ ਤੇ ਚਲਦੇ ਹੋਏ ਨਜ਼ਰ ਆ ਰਹੇ ਹਨ। ਡਾਕਟਰ ਭੀਮ ਰਾਓ ਅੰਬੇਦਕਰ ਜੀ ਦੀ ਅਣਥੱਕ ਮਿਹਨਤ ਸਦਕਾ ਇੱਕ ਗਰੀਬ-ਅਮੀਰ ਨੂੰ ਵੋਟ ਦਾ ਅਧਿਕਾਰ ਦੇ ਕੇ ਇੱਕ ਸਮਾਨ ਕੀਤਾ ਹੈ। ਹਰ ਜਾਤ-ਪਾਤ ਨੂੰ ਉਨ੍ਹਾਂ ਨੇ ਇੱਕ ਸਮਾਨ ਕੀਤਾ ਹੈ। ਹਰ ਪਛੜਿਆ ਅਤੇ ਹਰ ਤਗੜੇ ਇਨਸਾਨ ਨੂੰ ਇੱਕ ਕੀਤਾ ਅਤੇ ਸਭ ਨੂੰ ਵੋਟ ਦਾ ਅਧਿਕਾਰ ਦਿੱਤਾ ਗਿਆ ਹੈ। ਤੁਸੀਂ ਪੱਛਮੀ ਬੰਗਾਲ ਵਿੱਚ ਦੇਖਿਆ ਹੋਵੇਗਾ ਕਿ ਬੀ.ਜੇ.ਪੀ. ਵੋਟਾਂ ਕਟਾ ਕੇ ਆਪਣੀ ਸਰਕਾਰ ਬਣਾ ਰਹੀ ਹੈ। ਦਿੱਲੀ ਵਿੱਚ ਤੁਸੀਂ ਦੇਖਿਆ ਹੈ ਕਿ ਦਿੱਲੀ ਵਿਧਾਨ ਸਭਾ ਵਿੱਚ 40 ਹਜ਼ਾਰ ਦੇ ਕਰੀਬ ਐਸ.ਆਈ.ਆਰ. ਨੂੰ ਮੁੱਖ ਰੱਖਦਿਆਂ ਵੋਟਾਂ ਕੱਟੀਆਂ ਗਈਆਂ ਤਾਂ ਜੋ ਸਾਡੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ ਜੀ ਨੂੰ ਹਰਾਇਆ ਜਾ ਸਕੇ। ਮੈਂ ਕਹਿ ਸਕਦਾ ਹਾਂ ਕਿ ਦਿੱਲੀ ਵਿੱਚ ਵੀ ਉਨ੍ਹਾਂ ਨੇ ਆਪਣੇ ਇਸੇ ਤਰ੍ਹਾਂ ਦੇ ਘਟੀਆ ਕੰਮਾਂ ਨਾਲ ਆਪਣੀ ਸਰਕਾਰ ਬਣਾਈ ਹੈ। ਹੁਣ ਉਨ੍ਹਾਂ ਦਾ ਪੰਜਾਬ ਵੱਲ ਵੀ ਧਿਆਨ ਸੀ। ਐਸ.ਆਈ.ਆਰ. ਨੂੰ ਲੈ ਕੇ ਉਹ ਇੱਕ ਗੋਰਖ ਧੰਦਾ ਕਰ ਰਹੇ ਹਨ। ਇੱਕ ਪਾਸੇ ਇਹ ਬੀ.ਜੇ.ਪੀ. ਸਰਕਾਰ ਲੋਕਾਂ ਦੇ ਅਧਿਕਾਰ ਖਤਮ ਕਰ ਰਹੀ ਹੈ ਅਤੇ ਇੱਕ ਪਾਸੇ ਆਮ ਆਦਮੀ ਪਾਰਟੀ ਦੀ ਸਰਕਾਰ ਮੁੱਖ ਮੰਤਰੀ, ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਜੀ ਦੀ ਸਰਕਾਰ ਹੈ। ਜਿਨ੍ਹਾਂ ਨੇ ਸਾਡੀਆਂ ਮਹਿਲਾਵਾਂ ਲਈ ਸਤਿਕਾਰ ਯੋਜਨਾ ਘਰ ਘਰ ਤੱਕ ਪਹੁੰਚਾਈ ਹੈ। ਜਿਸ ਵਿੱਚ ਮੈਂ ਕਹਿ ਸਕਦਾ ਹਾਂ ਕਿ ਸਰਕਾਰ ਨੇ ਹਰ ਮਾਂ-ਭੈਣ ਨੂੰ ਸੁਖੀ ਕਰਨ ਦੀ ਕੋਸ਼ਿਸ਼ ਕੀਤੀ ਹੈ। ਦੂਸਰੇ ਪਾਸੇ ਸਕੂਲਾਂ ਵਿੱਚ ਸੁਧਾਰ ਕੀਤੇ। ਸਕੂਲਾਂ ਵਿੱਚ ਜਿਹੜੀਆਂ ਜਿਹੜੀਆਂ ਕਮੀਆਂ ਸਾਨੂੰ ਪੰਜਾਬ ਵਿੱਚ ਨਜ਼ਰ ਆਉਂਦੀਆਂ ਸਨ ਅਸੀਂ ਉਨ੍ਹਾਂ ਨੂੰ ਕਵਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਆਮ ਆਦਮੀ ਪਾਰਟੀ ਦੀ ਸਰਕਾਰ ਹਰ ਪੱਖੋਂ ਲੋਕਾਂ ਦੇ ਹੱਕਾਂ ਤੇ ਹਿੱਤਾਂ ਲਈ ਕੰਮ ਕਰਦੀ ਹੋਈ ਨਜ਼ਰ ਆ ਰਹੀ ਹੈ। ਲੋਕਾਂ ਦੇ ਅਧਿਕਾਰਾਂ ਲਈ ਕੰਮ ਕਰਦੀ ਨਜ਼ਰ ਆ ਰਹੀ ਹੈ। ਸਪੀਕਰ ਸਾਹਿਬ, ਮੈਂ ਦੱਸਣਾ

ਚਾਹੁੰਦਾ ਹਾਂ ਕਿ ਆਪਣੀ ਸਰਕਾਰ ਨੇ ਵਿਧਾਨ ਸਭਾ ਵਿੱਚ ਪੰਜ ਬਜਟ ਪਾਸ ਕੀਤੇ ਹਨ ਅਤੇ ਪੰਜਾਂ ਬਜਟਾਂ ਵਿੱਚੋਂ ਇੱਕ ਬਜਟ ਵਿੱਚ ਵੀ ਆਪਣੇ ਲੋਕਾਂ ਦੇ ਉੱਤੇ ਕੋਈ ਬੋਝ ਨਹੀਂ ਪੈਣ ਦਿੱਤਾ ਕਿਉਂਕਿ ਆਮ ਆਦਮੀ ਪਾਰਟੀ, ਆਮ ਲੋਕਾਂ ਦੇ ਹੱਕਾਂ ਵਿੱਚ ਹੈ ਪਰ ਅਫਸੋਸ ਦੀ ਗੱਲ ਹੈ ਕਿ ਇੱਥੇ ਵੋਟਾਂ ਦਾ ਘਾਣ ਹੋ ਰਿਹਾ ਹੈ। ਇੱਥੇ ਲੋਕਤੰਤਰ ਤੇ ਮਾਰ ਪੈ ਰਹੀ ਹੈ, ਇੱਥੇ ਲੋਕਾਂ ਨੂੰ ਦਬਾਇਆ ਜਾ ਰਿਹਾ ਹੈ, ਲੋਕਾਂ ਨੂੰ ਕੁਚਲਿਆ ਜਾ ਰਿਹਾ ਹੈ। ਜਿਹੜਾ ਮਤਾ ਸਾਡੇ ਚੀਮਾ ਸਾਹਿਬ ਅੱਜ ਲੈ ਕੇ ਆਏ ਹਨ, ਮੈਂ ਪੂਰਨ ਤੌਰ ਤੇ ਉਨ੍ਹਾਂ ਦਾ ਸਮਰਥਨ ਕਰਦਾ ਹਾਂ, ਉਨ੍ਹਾਂ ਦੇ ਨਾਲ ਅਸੀਂ ਸਾਰੇ ਮੈਂਬਰ ਸਾਹਿਬਾਨ ਇਸ ਦਾ ਸਮਰਥਨ ਕਰਦੇ ਹਾਂ ਕਿਉਂਕਿ ਇਹ ਇੱਕ ਪੰਜਾਬ ਦੀ ਅਵਾਜ਼ ਨਹੀਂ ਹੈ। ਇਸ ਵਿੱਚ ਅੱਜ ਸਾਰੇ ਦੇਸ਼ ਦੀ ਅਵਾਜ਼ ਹੋਣੀ ਚਾਹੀਦੀ ਹੈ। ਮੈਂ ਦੇਖਿਆ ਹੈ ਕਿ ਦਿੱਲੀ ਵਿੱਚ ਨੌਜਵਾਨ ਬੱਚਿਆਂ ਵਿੱਚ ਜੋ ਉਤਸ਼ਾਹ ਸੀ, ਨੌਜਵਾਨ ਬੱਚਿਆਂ ਦੀ ਜੋ ਗੂੰਜ ਸੀ, ਨੌਜਵਾਨ ਬੱਚਿਆਂ ਨੇ ਹੋਰ ਵੀ ਸਟੇਟਾਂ ਦੇ ਸੁੱਤੇ ਹੋਏ ਲੋਕਾਂ ਨੂੰ ਜਗਾਇਆ ਐਰ ਹੱਕਾਂ ਲਈ ਬੋਲਣ ਲਈ ਮਜਬੂਰ ਕੀਤਾ। ਅੱਜ ਸਾਰਾ ਪੰਜਾਬ, ਅੱਜ ਸਾਰਾ ਦੇਸ਼ ਇੱਕਸਾਰ ਹੋ ਕੇ ਬੋਲ ਰਿਹਾ ਹੈ ਕਿ ਗਿਆਨੇਸ਼ ਕੁਮਾਰ ਦਾ ਅਸਤੀਫਾ ਮਨਜ਼ੂਰ ਹੋਣਾ ਚਾਹੀਦਾ ਹੈ। ਇਨਕਲਾਬ ਜਿੰਦਾਬਾਦ।

**ਮਾਣਯੋਗ ਸਪੀਕਰ**: ਜਿੰਦਾਬਾਦ। ਬੀਬੀ ਬਲਜਿੰਦਰ ਕੌਰ ਜੀ ਇਸ ਮਤੇ ਤੇ ਕੁਝ ਕਹਿਣਾ ਚਾਹੁੰਦੇ ਹਨ।

**ਪ੍ਰੋਫੈਸਰ ਬਲਜਿੰਦਰ ਕੌਰ (ਤਲਵੰਡੀ ਸਾਬੋ)**: ਧੰਨਵਾਦ ਸਪੀਕਰ ਸਾਹਿਬ, ਤੁਸੀਂ ਬੜੇ ਗੰਭੀਰ ਮਸਲੇ ਤੇ ਅੱਜ ਬੋਲਣ ਦਾ ਸਮਾਂ ਦਿੱਤਾ ਹੈ। ਸਾਡੇ ਵਿੱਤ ਮੰਤਰੀ ਸਾਹਿਬ, ਚੀਮਾ ਜੀ ਮਤਾ ਲੈ ਕੇ ਆਏ ਹਨ, ਮੈਂ ਇਸ ਮਤੇ ਦਾ ਸਮਰਥਨ ਕਰਦੇ ਹੋਏ ਆਪਣੀ ਗੱਲ ਨੂੰ ਥੋੜ੍ਹਾ ਬਰੀਫ ਵਿੱਚ ਰੱਖਣਾ ਚਾਹਾਂਗੀ। ਇਸ ਵੇਲੇ ਚੀਫ ਇਲੈਕਸ਼ਨ ਕਮਿਸ਼ਨ ਦੀ ਗੱਲ ਹੋ ਰਹੀ ਸਾਡੇ ਦੇਸ਼ ਦੇ ਡੈਮੋਕ੍ਰੇਟਿਕ ਢਾਂਚੇ ਵਿੱਚ, ਸਾਡੇ ਲੋਕਤੰਤਰੀ ਹਿੱਸੇ ਵਿੱਚ ਅਤੇ ਸਾਡੇ ਸੰਵਿਧਾਨਿਕ ਹਿੱਸੇ ਵਿੱਚ ਸਭ ਤੋਂ ਵੱਡੀ ਜ਼ਿੰਮੇਵਾਰੀ ਨਿਰਪੱਖ ਚੋਣਾਂ ਕਰਵਾਉਣ ਦੀ ਜੇ ਕਿਸੇ ਨੂੰ ਸੌਂਪੀ ਗਈ ਹੈ ਤਾਂ ਉਹ ਚੀਫ ਇਲੈਕਸ਼ਨ ਕਮਿਸ਼ਨ ਨੂੰ ਦਿੱਤੀ ਗਈ ਹੈ ਪਰ ਪਿਛਲੇ ਸਮੇਂ ਵਿੱਚ ਕੁਝ ਇਹੋ ਜਿਹੀਆਂ ਘਟਨਾਵਾਂ ਹੋਈਆਂ, ਕੁਝ ਇਹੋ ਜਿਹੇ ਤੱਥ ਸਾਹਮਣੇ ਆਏ, ਜਿਹੜੇ ਤੱਥਾਂ ਨੇ ਇੱਕ ਗੱਲ ਨੂੰ ਸਾਬਤ ਕਰ ਦਿੱਤਾ ਕਿ ਜਿਹੜਾ ਅੱਜ ਦਾ ਚੀਫ ਚੋਣ ਕਮਿਸ਼ਨ ਹੈ, ਇਹ ਟੋਟਲੀ ਬੀ.ਜੇ.ਪੀ. ਦੇ ਹੱਥਾਂ ਵਿੱਚ ਚੱਲ ਰਿਹਾ ਹੈ।

**1245/Pawan sharma**

ਇਹ ਟੋਟਲੀ ਇੱਕ ਬੀ.ਜੇ.ਪੀ. ਦਾ ਪੁਲਿਟੀਕਲ ਟੂਲ ਬਣ ਕੇ ਕੰਮ ਕਰ ਰਿਹਾ ਹੈ। ਇੱਥੋਂ ਇਹ ਲੱਗ ਰਿਹਾ ਹੈ ਕਿ ਜਿਵੇਂ ਇਲੈੱਕਸ਼ਨ ਕਮਿਸ਼ਨਰ ਨੇ ਬੀ.ਜੇ.ਪੀ. ਦਾ ਸਾਰਾ ਕੰਮ ਆਪਣੇ ਹੱਥਾਂ ਵਿੱਚ ਲਿਆ ਹੋਵੇ। ਮੈਂ ਗੱਲ ਕਰ ਰਹੀ ਸੀ ਕਿ ਚੋਣ ਕਮਿਸ਼ਨ ਦੇ ਇਤਿਹਾਸ ਵਿੱਚ ਇਹ ਪਹਿਲੀ ਵਾਰ ਹੋਇਆ ਕਿ ਪਿਛਲੇ ਦਿਨਾਂ ਵਿੱਚ ਜਿਹੜੇ ਤੱਥ ਖੁੱਲ੍ਹੇ ਹਨ, ਜਿਹੜੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ, ਜਿਹੜੇ ਦਸਤਾਵੇਜ਼ ਓਪਨ ਹੁੰਦੇ ਹਨ ਤਾਂ 10 ਮਹੀਨਿਆਂ ਦਾ ਜਿਹੜਾ ਕਾਰਜਕਾਲ ਹੈ, ਉਹ 10 ਮਹੀਨਿਆਂ ਵਿੱਚ, 14 ਫ਼ੈਸਲੇ ਇਹੋ ਜਿਹੇ ਹਨ ਜਿਹੜੇ ਬਾਕੀ ਚੋਣ ਕਮਿਸ਼ਨਾਂ ਨੇ ਮੁੱਖ ਚੋਣ ਕਮਿਸ਼ਨ ਦੇ ਵਿਰੁੱਧ ਦਿੱਤੇ ਐਰ ਉਹ 14 ਫ਼ੈਸਲੇ ਅਸਹਿਮਤੀ ਦੇ, ਇਸ ਦੇਸ਼ ਵਿੱਚ ਇੱਕ ਬਹੁਤ ਵੱਡਾ ਸਵਾਲ ਖੜ੍ਹਾ ਕਰਦੇ ਹਨ। ਇੱਥੋਂ ਇਹ ਸਪਸ਼ਟ ਹੁੰਦਾ ਹੈ ਕਿ ਜੇ ਅਸੀਂ ਕਹੀਏ ਕਿ ਸਾਡਾ ਦੇਸ਼ ਦਾ ਚੋਣ ਕਮਿਸ਼ਨ ਆਪਣੇ ਆਪ ਵਿੱਚ ਕੰਮ ਕਰ ਰਿਹਾ ਹੈ ਤਾਂ ਇਹ ਕਹਿਣਾ ਬਿਲਕੁਲ ਗ਼ਲਤ ਹੈ। ਇਹ ਸਾਰੀਆਂ ਗੱਲਾਂ ਸਬੂਤ ਕਰਦੀਆਂ ਹਨ ਕਿ

ਬੀ.ਜੇ.ਪੀ. ਨੇ ਨਿਰੰਤਰ ਪੂਰਨ ਤੌਰ ਤੇ ਇਲੈੱਕਸ਼ਨ ਕਮਿਸ਼ਨ ਨੂੰ ਆਪਣਾ ਹਿੱਸਾ ਬਣਾ ਲਿਆ ਹੈ। ਇਸ ਦੇ ਵਿੱਚ ਹੈਰਾਨੀ ਉਸ ਵੇਲੇ ਹੋਈ, ਜੇਕਰ ਮੈਂ ਇਸ ਨੂੰ ਅਗਲੇ ਪੁਆਇੰਟ ਤੇ ਲੈ ਕੇ ਜਾਵਾਂ ਤਾਂ ਇਸ ਦੇ ਵਿੱਚ ਇੱਕ ਪੰਜਾਬ ਕਾਡਰ ਤੋਂ ਸਬੰਧ ਰੱਖਦੇ ਹੋਏ ਸ੍ਰੀ ਸੁਖਬੀਰ ਸਿੰਘ ਸੰਧੂ, ਜੋ ਇਸ ਦਾ ਹਿੱਸਾ ਹੈ, ਉਨ੍ਹਾਂ ਦੀ ਆਵਾਜ਼ ਨੂੰ ਲਗਾਤਾਰ ਦੱਬਿਆ ਜਾ ਰਿਹਾ ਹੈ। ਮੇਰਾ ਸਵਾਲ ਇੱਥੇ ਇਹ ਵੀ ਖੜ੍ਹਾ ਹੁੰਦਾ ਹੈ ਕਿ ਸਾਡੇ ਬਠਿੰਡਾ ਦੇ ਮੈਂਬਰ ਪਾਰਲੀਮੈਂਟ ਬੀਬਾ ਹਰਸਿਮਰਤ ਕੌਰ ਬਾਦਲ, ਜਿਹੜੇ ਹਮੇਸ਼ਾ ਹਰ ਵਾਰੀ ਇਹ show ਕਰਦੇ ਹਨ ਕਿ ਜਿਵੇਂ ਉਹ ਪੰਜਾਬ ਦੀ ਨੁਮਾਇੰਦਗੀ ਕਰਦੇ ਹੋਣ, ਪੰਜਾਬ ਦਾ ਪੱਖ ਰੱਖਦੇ ਹੋਣ ਪਰ ਜਦੋਂ ਸਾਡੇ ਪੰਜਾਬ ਕਾਡਰ ਨਾਲ ਸਬੰਧ ਰੱਖਦੇ ਹੋਏ ਸ੍ਰੀ ਸੁਖਬੀਰ ਸਿੰਘ ਸੰਧੂ, ਜਦੋਂ ਉਨ੍ਹਾਂ ਦੀ ਗੱਲ ਚੱਲੀ, ਉਨ੍ਹਾਂ ਦੇ ਨਾਲ ਧੱਕਾ ਹੋ ਰਿਹਾ ਸੀ, ਜਦੋਂ 11 ਤੋਂ 13 ਕਰੋੜ ਵੋਟਰਾਂ ਦੀ ਵੋਟ ਕੱਟੀ ਜਾ ਰਹੀ ਸੀ ਤਾਂ ਹੈਰਾਨੀ ਦੀ ਗੱਲ ਇਹ ਸੀ ਕਿ ਉਸ ਵੇਲੇ ਉਹ ਵੀ ਚੁੱਪ ਬੈਠੀ ਸੀ ਔਰ ਉਨ੍ਹਾਂ ਦੀ ਚੁੱਪੀ ਕਿਉਂ, ਸਭ ਤੋਂ ਵੱਡਾ ਸਵਾਲ ਨਾਲ ਦੀ ਨਾਲ ਇਹ ਵੀ ਖੜ੍ਹਾ ਹੁੰਦਾ ਹੈ? ਸਪੀਕਰ ਸਾਹਿਬ, ਜੇਕਰ ਮੈਂ ਅਗਲੀ ਗੱਲ ਕਰਾਂ ਤਾਂ ਦੇਸ਼ ਦਾ ਸਭ ਤੋਂ ਵੱਡਾ ਘੁਟਾਲ਼ਾ ਜਿਹੜਾ ਇਸ ਵੇਲੇ ਸਾਹਮਣੇ ਆਇਆ ਹੈ ਕਿ ਜਿਵੇਂ ਮੈਂ ਪਹਿਲਾਂ ਬੋਲਿਆ ਹੈ, ਸਾਡੇ ਬਹੁਤ ਸਾਰੇ ਸਾਥੀਆਂ ਨੇ ਬੋਲਿਆ ਹੈ ਕਿ 11 ਤੋਂ 13 ਕਰੋੜ ਉਹ ਵੋਟਰ ਹਨ ਜਿਨ੍ਹਾਂ ਦੀਆਂ ਵੋਟਾਂ ਕੱਟ ਦਿੱਤੀਆਂ ਗਈਆਂ ਹਨ। ਹੁਣ ਇਸ ਨੂੰ ਇਹੋ ਜਿਹੇ ਯੋਜਨਾਬੰਦ ਤਰੀਕੇ ਨਾਲ ਬੀ.ਜੇ.ਪੀ. ਦੀ ਸਰਕਾਰ ਨੇ ਇਸ ਨੂੰ ਪਰਫਾਰਮ ਕੀਤਾ ਕਿ ਸਾਰੀਆਂ ਪਛੜੀਆਂ ਸ਼੍ਰੇਣੀਆਂ, ਸਾਰੇ ਉਹ ਗਰੀਬ ਵਰਗ, ਸਾਰੇ ਉਹ ਲੋਕ ਜਿਨ੍ਹਾਂ ਬਾਰੇ ਇਨ੍ਹਾਂ ਨੂੰ ਇਹ ਮਹਿਸੂਸ ਹੁੰਦਾ ਸੀ ਕਿ ਕਿਤੇ ਬੀ.ਜੇ.ਪੀ. ਦੇ ਖ਼ਿਲਾਫ਼ ਇਕੱਠੇ ਨਾ ਹੋ ਜਾਣ, ਉਨ੍ਹਾਂ ਸਾਰਿਆਂ ਦੇ ਸਾਰੇ ਵੋਟਰਾਂ ਨੂੰ ਵਾਂਝੇ ਕਰ ਦਿੱਤਾ ਹੈ। ਸੋ, ਯਾਨੀ ਕਿ ਸਾਡੇ ਦੇਸ਼ ਦੇ ਨਾਲ ਸਾਡੇ ਸੰਵਿਧਾਨਕ ਢਾਂਚੇ ਦੇ ਨਾਲ, ਸਾਡੇ ਲੋਕਤੰਤਰਿਕ ਹਿੱਸੇ ਦੇ ਨਾਲ ਸਭ ਤੋਂ ਵੱਡਾ ਖਿਲਵਾੜ ਇਸ ਵੇਲੇ ਬੀ.ਜੇ.ਪੀ. ਕਰ ਰਹੀ ਹੈ। ਸੋ, ਸਪੀਕਰ ਸਾਹਿਬ ਜ਼ਿਆਦਾ ਕੁਝ ਨਾ ਕਹਿੰਦੇ ਹੋਏ ਕਿਉਂਕਿ ਇਸ ਮਸਲੇ ਤੇ ਹੋਰ ਵੀ ਬਹੁਤ ਸਾਰੇ ਸਾਥੀਆਂ ਨੇ ਬੋਲਣਾ ਹੈ, ਮੈਂ ਕਹਿਣਾ ਚਾਹਾਂਗੀ ਕਿ ਜਦੋਂ ਦੇਸ਼ ਦਾ ਇੰਨਾ ਵੱਡਾ ਘਪਲਾ, ਘੁਟਾਲ਼ਾ ਸਾਹਮਣੇ ਆਵੇ ਤਾਂ ਤੁਰੰਤ ਗਿਆਨੇਸ਼ ਕੁਮਾਰ ਜੀ ਨੂੰ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਦੂਸਰਾ, ਜਿਹੜਾ 13 ਕਰੋੜ ਵੋਟਰਾਂ ਦੀਆਂ ਵੋਟਾਂ ਕੱਟੀਆਂ ਗਈਆਂ ਹਨ, ਮੈਂ ਕਹਿਣਾ ਚਾਹਾਂਗੀ ਕਿ of course ਇਸ ਦੀ ਜਾਂਚ ਸੁਪਰੀਮ ਕੋਰਟ ਦੇ ਜੱਜ ਰਾਹੀਂ ਜ਼ਰੂਰ ਹੋਣੀ ਚਾਹੀਦੀ ਹੈ। ਸਭ ਤੋਂ ਵੱਡਾ ਸਵਾਲ ਸਾਡੇ ਪੰਜਾਬੀਆਂ ਵਾਸਤੇ ਕਿ ਬੀਬਾ ਹਰਸਿਮਰਤ ਕੌਰ ਬਾਦਲ ਇਸ ਮੁੱਦੇ ਤੇ ਚੁੱਪ ਕਿਉਂ ਬੈਠੇ, ਉਨ੍ਹਾਂ ਨੂੰ ਜ਼ਰੂਰ ਜਵਾਬ ਦੇਣਾ ਬਣਦਾ ਹੈ। ਸੋ, ਬਹੁਤ ਬਹੁਤ ਧੰਨਵਾਦ ਜੀ। ਥੈਂਕ ਯੂ।

**ਮਾਣਯੋਗ ਸਪੀਕਰ**: ਥੈਂਕ ਯੂ ਜੀ। ਸਰਦਾਰ ਅਮਲੋਕ ਸਿੰਘ।

**1250/Beant kaur**

**ਸ੍ਰੀ ਅਮੋਲਕ ਸਿੰਘ (ਜੈਤੋ, ਐਸ.ਸੀ)** : ਸਪੀਕਰ ਸਾਹਿਬ, ਬਹੁਤ ਬਹੁਤ ਧੰਨਵਾਦ। ਮੈਂ ਸਭ ਤੋਂ ਪਹਿਲਾਂ ਸਾਡੇ ਮਨਿਸਟਰ, ਚੀਮਾ ਸਾਹਿਬ ਵੱਲੋਂ ਲਿਆਂਦੇ ਹੋਏ ਮਤੇ ਦੀ ਹਮਾਇਤ ਕਰਦਾ ਹਾਂ। ਕਿਉਂ ਕਰਦਾ ਹਾਂ ਕਿਉਂਕਿ ਸਾਲ 2014 ਤੋਂ ਜਦੋਂ ਦੀ ਭਾਜਪਾ ਦੀ ਸਰਕਾਰ ਬਣੀ ਹੈ, ਉਨ੍ਹਾਂ ਨੇ ਹਮੇਸ਼ਾ ਹੀ ਸੰਵਿਧਾਨਿਕ ਸੰਸਥਾਵਾਂ ਦੀ ਦੁਰਵਰਤੋਂ ਕੀਤੀ ਹੈ, ਭਾਵੇਂ ਉਹ ਕਿਸੇ ਵੀ ਤਰੀਕੇ ਨਾਲ ਹੋਵੇ। ਹੁਣ ਜਦੋਂ ਅਖੀਰਲੇ ਪੜ੍ਹਾਅ ਤੇ ਆ ਕੇ ਉਨ੍ਹਾਂ ਨੂੰ ਆਪਣੀ ਜ਼ਮੀਨ ਖੁਸਦੀ ਨਜ਼ਰ ਆਈ ਤਾਂ ਉਨ੍ਹਾਂ ਦਾ ਅਖੀਰਲਾ ਹੱਥਕੰਡਾ ਇਹ ਸੀ ਕਿ ਜਿਹੜੇ ਲੋਕ ਸਾਡੇ ਉਲਟ ਹਨ, ਉਨ੍ਹਾਂ ਨੂੰ ਵੋਟ ਹੀ ਨਾ

ਪਾਉਣ ਦਿੱਤੀ ਜਾਵੇ। ਇਸ ਵਾਸਤੇ ਉਨ੍ਹਾਂ ਨੇ ਕੀ ਕੀਤਾ ਕਿ ਉਨ੍ਹਾਂ ਨੂੰ ਸਭ ਤੋਂ ਪਹਿਲਾਂ ਮੁੱਖ ਚੋਣ ਕਮਿਸ਼ਨ ਵਿੱਚ ਤਬਦੀਲੀ ਲਿਆਉਣੀ ਪਈ। ਉਸ ਵਾਸਤੇ ਉਨ੍ਹਾਂ ਨੇ 23 ਦਸੰਬਰ, 2025 ਨੂੰ ਇਕ ਬਿਲ ਲੋਕ ਸਭਾ/ਰਾਜ ਸਭਾ ਵਿੱਚ ਲਿਆਂਦਾ ਕਿ ਚੋਣ ਕਮਿਸ਼ਨ ਦੀ ਨਿਯੁਕਤੀ ਕਿਸ ਪ੍ਰਕਾਰ ਹੋਣੀ ਚਾਹੀਦੀ ਹੈ। ਪਹਿਲਾਂ ਕੀ ਸੀ ਕਿ ਚੋਣ ਕਮਿਸ਼ਨ ਨਿਯੁਕਤ ਕਰਨ ਵਾਸਤੇ ਜਿਹੜਾ ਪੈਨਲ ਸੀ, ਉਸ ਵਿੱਚ ਪ੍ਰਧਾਨ ਮੰਤਰੀ ਸਾਹਿਬ, ਲੀਡਰ ਆਫ ਆਪੋਜੀਸ਼ਨ ਅਤੇ ਚੀਫ਼ ਜਸਟਿਸ ਆਫ ਇੰਡੀਆ ਹੁੰਦਾ ਸੀ ਪਰ ਹੁਣ ਜਦੋਂ ਬਿਲ ਵਿੱਚ ਸੋਧ ਕੀਤੀ ਗਈ ਤਾਂ ਉਨ੍ਹਾਂ ਨੇ ਚੀਫ਼ ਜਸਟਿਸ ਆਫ਼ ਇੰਡੀਆ ਨੂੰ ਹਟਾ ਕੇ ਕੇਂਦਰੀ ਮੰਤਰੀ ਨੂੰ ਉਸ ਪੈਨਲ ਵਿੱਚ ਲਿਆਂਦਾ ਤਾਂ ਜੋ ਚੋਣ ਕਮਿਸ਼ਨ ਦੀ ਚੋਣ ਵੇਲੇ ਪੈਨਲ ਵਿੱਚ 2-1 ਨਾਲ ਬਹੁਮਤ ਬਣ ਜਾਵੇ। ਕੇਂਦਰੀ ਮੰਤਰੀ ਵੀ ਇਨ੍ਹਾਂ ਦੇ ਆਪਣੇ ਹਨ। ਸੋ, ਇਸ ਤਰੀਕੇ ਨਾਲ ਗਿਆਨੇਸ਼ ਕੁਮਾਰ ਦੀ ਚੋਣ ਹੋਈ। ਚੋਣ ਹੁੰਦਿਆਂ ਹੀ ਉਨ੍ਹਾਂ ਨੇ ਕੇਂਦਰ ਦੀ ਬੀਜੇਪੀ ਸਰਕਾਰ ਨੂੰ ਫਾਇਦਾ ਪਹੁੰਚਾਉਣਾ ਸ਼ੁਰੂ ਕਰ ਦਿੱਤਾ। ਉਹ ਕਿਵੇਂ? ਵੋਟਾਂ ਦੀ ਸੁਧਾਈ (SIR) ਚਲਾਈ। ਉਸ ਵਿੱਚ ਦਿਨੇਸ਼ ਕੁਮਾਰ ਜੀ ਹੁਣ ਤੱਕ 13 ਕਰੋੜ ਲੋਕਾਂ ਦੀ ਵੋਟਾਂ ਕੱਟ ਚੁੱਕੇ ਹਨ। ਸੋ, ਹੈਰਾਨੀਜਨਕ ਗੱਲ ਹੈ ਕਿ ਉਸ ਵਿਚੋਂ 35 ਲੱਖ ਲੋਕਾਂ ਨੇ ਕੋਰਟ ਵਿੱਚ ਪਟੀਸ਼ਨ ਪਾਈ, ਜਿਸ ਵਿਚੋਂ ਹੁਣ ਤੱਕ ਸਿਰਫ਼ 2 ਲੱਖ ਪਟੀਸ਼ਨਰਜ਼ ਦਾ ਫੈਸਲਾ ਹੋਇਆ ਹੈ ਅਤੇ ਉਨ੍ਹਾਂ ਵਿਚੋਂ 97% ਲੋਕ ਸਹੀ ਪਾਏ ਗਏ ਕਿ ਇਨ੍ਹਾਂ ਦੀ ਵੋਟ ਗਲਤ ਕੱਟੀ ਗਈ ਹੈ, ਬਹਾਲ ਕੀਤੀ ਜਾਵੇ ਪਰੰਤੂ ਜਦੋਂ ਰਿਜ਼ਲਟ ਆ ਗਏ ਤਾਂ ਉਨ੍ਹਾਂ ਦੀ ਵੋਟ ਬਹਾਲ ਕਰਨ ਦਾ ਕੋਈ ਫਾਇਦਾ ਨਹੀਂ ਹੈ। ਮੈਂ ਇਹੀ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਜਿਹੜਾ ਸ਼ਡਯੰਤਰ ਰਚਿਆ ਹੈ, ਉਸ ਨੂੰ ਬਹੁਤ ਹੀ ਤਰੀਕੇ ਅਤੇ ਦਿਮਾਗ ਨਾਲ ਬਣਾਇਆ ਹੈ। ਉਹ ਕਿਵੇਂ? ਵੋਟਾਂ ਦੀ ਸੁਧਾਈ ਵਾਸਤੇ ਫਾਰਮ ਨੰਬਰ 6 ਹੁੰਦਾ ਹੈ, ਜਿਸ ਵਿੱਚ ਅਸੀਂ ਆਪਣਾ ਬਾਇਓਡਾਟਾ ਭਾਵ A-Z ਚੀਜ਼ਾਂ ਦੱਸਣੀਆਂ ਹੁੰਦੀਆਂ ਹਨ। ਉਸ ਦੀ ਸੁਧਾਈ ਗਿਆਨੇਸ਼ ਕੁਮਾਰ ਜੀ ਨੇ ਆਪਣੇ ਦਫ਼ਤਰ ਵਿਚ ਬੈਠ ਕੇ ਹੀ ਕਰ ਦਿੱਤੀ ਜਦਕਿ ਉਸ ਵਾਸਤੇ ਲੋਕ ਸਭਾ/ਰਾਜ ਸਭਾ ਵਿੱਚ ਬਿਲ ਲਿਆਉਣਾ ਚਾਹੀਦਾ ਸੀ। ਉਥੋਂ ਪਾਸ ਹੋਣ ਉਪਰੰਤ ਉਸ ਦੀ ਸੁਧਾਈ ਹੋਣੀ ਸੀ। ਜਿਹੜੇ ਨਾਲ ਚੋਣ ਕਮਿਸ਼ਨਰ ਸਨ, ਉਨ੍ਹਾਂ ਨੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਜੀ ਨੂੰ 14 ਵਾਰ ਇਤਰਾਜ਼ ਵੀ ਜਤਾਏ। ਇਹ ਸਾਨੂੰ ਪਤਾ ਨਹੀਂ ਲੱਗਣਾ ਸੀ ਕਿ ਉਨ੍ਹਾਂ ਨੇ ਇਤਰਾਜ਼ ਜਤਾਏ ਹਨ। ਇਹ ਕਿਵੇਂ ਪਤਾ ਲੱਗਿਆ? ਇੰਡੀਅਨ ਐਕਸਪ੍ਰੈਸ ਦੀ ਰਿਪੋਰਟ ਵਿੱਚ ਦੱਸਿਆ ਗਿਆ ਹੈ ਕਿ ਸੁਖਬੀਰ ਸੰਧੂ ਅਤੇ ਵਿਵੇਕ ਜੋਸ਼ੀ ਜੀ ਨੇ ਇਤਰਾਜ਼ ਜਤਾਏ ਹਨ ਕਿ ਤੁਸੀਂ ਫਾਰਮ ਨੰ.6 ਵਿੱਚ ਸੁਧਾਈ ਕਰ ਰਹੇ ਹੋ, ਇਹ ਗੈਰ ਸੰਵਿਧਾਨਿਕ ਹੈ, ਇਹ ਸਹੀ ਨਹੀਂ ਹੈ, ਇਸ ਤਰ੍ਹਾਂ ਨਹੀਂ ਕਰ ਸਕਦੇ ਪਰ ਸ਼੍ਰੀ ਗਣੇਸ਼ ਕੁਮਾਰ ਨੂੰ ਮੁੱਖ ਚੋਣ ਕਮਿਸ਼ਨਰ ਇਸ ਕਰਕੇ ਹੀ ਲਗਾਇਆ ਗਿਆ ਸੀ ਤਾਂ ਕਿ ਉਹ ਵੱਧ ਤੋਂ ਵੱਧ ਵੋਟਾਂ ਕੱਟ ਕੇ, ਵੱਧ ਤੋਂ ਵੱਧ ਲੋਕਾਂ ਦੇ ਹੱਕ ਖੋਹ ਕੇ, ਵੱਧ ਤੋਂ ਵੱਧ ਲੋਕਾਂ ਨੂੰ ਕੁਚਲ ਕੇ ਬੀਜੇਪੀ ਦੀ ਸਰਕਾਰ ਨੂੰ ਫਾਇਦਾ ਦੇ ਸਕਣ। ਸੋ, ਮੈਂ ਇਸ ਮਤੇ ਦੀ ਇਸ ਕਰਕੇ ਹਮਾਇਤ ਕਰਦਾ ਹਾਂ ਕਿ ਅੱਜ ਸਾਨੂੰ ਸਾਰਿਆਂ ਨੂੰ ਰਲ ਕੇ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦੇ ਬਣਾਏ ਹੋਏ ਸੰਵਿਧਾਨ ਨੂੰ ਬਚਾਉਣ ਦੀ ਲੋੜ ਹੈ। ਨਹੀਂ ਤਾਂ ਇੱਕ ਦਿਨ ਅਜਿਹਾ ਵੀ ਆ ਜਾਵੇਗਾ, ਜਦੋਂ ਸਿਰਫ ਵੋਟਰ ਉਹੀ ਰਹਿ ਜਾਣਗੇ, ਜਿਨ੍ਹਾਂ ਉੱਤੇ ਬੀ.ਜੇ.ਪੀ. ਦਾ ਟਿੱਕ ਲੱਗਿਆ ਹੋਇਆ ਹੋਵੇਗਾ ਕਿ ਇਹ ਬੀ.ਜੇ.ਪੀ. ਨੂੰ ਵੋਟ ਪਾਉਣਗੇ, ਬਾਕੀ ਕੋਈ ਨਹੀਂ ਰਹੇਗਾ। ਇੱਕ ਦਿਨ ਅਜਿਹਾ ਵੀ ਆਵੇਗਾ, ਜਦੋਂ ਇਕੱਲੀ ਅਨਾਊਂਸਮੈਂਟ ਹੀ ਹੋ ਜਾਇਆ ਕਰੇਗੀ, ਵੋਟਾਂ ਪਾਉਣ ਦੀ ਲੋੜ ਹੀ ਨਹੀਂ ਪਿਆ ਕਰਨੀ ਕਿ ਫਲਾਣਾ ਹੀ ਮੁੱਖ ਮੰਤਰੀ ਹੈ ਅਤੇ ਫਲਾਣਾ ਹੀ ਐਮ.ਐਲ.ਏ. ਹੈ। ਸੋ, ਮੇਰੀ ਸਾਰੇ ਦੇਸ਼ ਵਾਸੀਆਂ ਨੂੰ ਬੇਨਤੀ ਹੈ ਕਿ ਆਓ ਸਾਰੇ ਰਲ਼ ਮਿਲ ਕੇ ਆਪਣੇ ਸੰਵਿਧਾਨ ਨੂੰ ਬਚਾਈਏ। ਮੈਂ ਸਾਡੇ ਫਾਈਨਾਂਸ ਮਨਿਸਰ ਸਰਦਾਰ ਹਰਪਾਲ ਸਿੰਘ ਚੀਮਾ ਸਾਹਿਬ ਵੱਲੋਂ ਲਿਆਂਦੇ ਹੋਏ ਇਸ ਮਤੇ ਦੀ ਹਮਾਇਤ ਕਰਦਾ ਹਾਂ। ਬਹੁਤ-ਬਹੁਤ ਧੰਨਵਾਦ ਜੀ।

**1255/Karamjit kaur**

**ਮਾਣਯੋਗ ਸਪੀਕਰ:** ਮੈਨੂੰ ਇਹ ਲਗਦਾ ਹੈ ਕਿ ਪੰਜਾਬੀਆਂ ਨੂੰ ਤਾਂ ਇਸ ਚੀਜ਼ ਦਾ ਬਹੁਤ ਪਤਾ ਹੈ। देश के बहुत से लोग जो भारतीय जनता पार्टी के हैं, वे चाहते हैं कि देश का भला हो, लेकिन उन्हें भी नहीं मालूम होगा कि उनकी लीडरशिप, जो देश चला रही है, वह कॉम्प्रोमाइज हो चुकी है, उन लोगों के हाथों, जो लीक कर रहे हैं, एपस्टीन फाइल्स की फोटोज़। यह हमारे देश के साथ बहुत बड़ा धोखा हो रहा है, इस लिए देश के लोगों को जागना होगा।

-----

## WELCOME ANNOUNCEMENT BY THE HON'BLE SPEAKER

**ਮਾਣਯੋਗ ਸਪੀਕਰ:** ਸੋ, ਅੱਜ ਮੇਰੇ ਬੜੇ ਪਿਆਰੇ ਨਗਰ, ਮੋਰਾਂਵਾਲੀ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਮੋਰਾਂਵਾਲੀ ਦੇ ਬੜੇ ਪਿਆਰੇ-ਪਿਆਰੇ ਸਟੂਡੈਂਟਸ/ਬੱਚੇ ਇਸ ਸਦਨ ਦੀ ਅਜ਼ੀਮ ਕਾਰਵਾਈ ਦੇਖਣ ਲਈ ਉਨ੍ਹਾਂ ਦੇ ਅਧਿਆਪਕਾਂ ਦੇ ਨਾਲ ਆਏ ਹਨ। ਉਨ੍ਹਾਂ ਅਧਿਆਪਕਾਂ ਦੇ ਵਿੱਚ ਪੰਜਾਬੀ ਬੋਲੀ ਵਿੱਚ ਮਾਨਵ ਤੋਂ ਮਹਾ-ਮਾਨਵ ਦਾ ਹੋਕਾ ਦੇਣ ਵਾਲੇ ਡਾਕਟਰ ਦਵਿੰਦਰ ਸ਼ੈਫੀ ਜੀ, ਜੋ ਪੰਜਾਬੀ ਸ਼ਾਇਰ ਹਨ, ਚਿੰਤਕ ਤੇ ਆਲੋਚਕ ਹਨ, ਉਹ ਵੀ ਇਨ੍ਹਾਂ ਵਿਦਿਆਰਥੀਆਂ ਦੇ ਨਾਲ ਆਏ ਹਨ। ਆਓ, ਆਪਾਂ ਸਾਰੇ ਇਨ੍ਹਾਂ ਨੂੰ 'ਜੀ ਆਇਆਂ' ਕਹੀਏ। (ਥੰਪਿੰਗ) ਇਨ੍ਹਾਂ ਦਾ ਖੈਰ-ਮਕਦਮ ਕਰੀਏ। ਮੈਂ ਜਦੋਂ ਵੀ ਗੁਰਬਾਣੀ ਸੁਣਨੀ ਹੁੰਦੀ ਹੈ ਤਾਂ ਮੈਂ ਡਾਕਟਰ ਸ਼ੈਫੀ ਜੀ ਨੂੰ ਕਾਲ ਕਰਦਾ ਹਾਂ। ਸੋ, ਮੈਨੂੰ ਬੜਾ ਚੰਗਾ ਲੱਗਿਆ ਕਿ ਅੱਜ ਇਹ ਸਾਰੇ ਬੱਚੇ ਆਪਣੇ ਟੀਚਰ ਸਾਹਿਬਾਨਾਂ ਨਾਲ ਇੱਥੇ ਆਏ ਹਨ।

ਮਾਣਯੋਗ ਮੁੱਖ ਮੰਤਰੀ ਸਾਹਿਬ ਦਾ ਉਪਰਾਲਾ ਵੀ ਬੜਾ ਅੱਛਾ ਹੈ, ਜਿਨ੍ਹਾਂ ਨੇ ਸਾਰੇ ਬੱਚਿਆਂ ਨੂੰ ਕਿਹਾ ਕਿ ਆਓ, ਤੁਸੀਂ ਵਿਧਾਨ ਸਭਾ ਦੀ ਕਾਰਵਾਈ ਦੇਖੋ ਤਾਂ ਕਿ ਤੁਹਾਡਾ ਇੰਟਰਸਟ ਰਾਜਨੀਤੀ ਦੇ ਵਿੱਚ ਹੋਵੇਗਾ।

ਸੋ, ਹੁਣ ਮੈਂ ਸ਼੍ਰੀ ਅਮਨ ਅਰੋੜਾ ਜੀ ਨੂੰ ਬੋਲਣ ਲਈ ਬੇਨਤੀ ਕਰਦਾ ਹਾਂ। ਸ਼੍ਰੀ ਅਮਨ ਅਰੋੜਾ ਜੀ ਦੇ ਜਿਹੜੀ ਡਰੈੱਸ-ਅੱਪ ਹੁੰਦੀ ਹੈ, ਕਮਾਲ ਦੀ ਹੁੰਦੀ ਹੈ।

----

## OFFICIAL RESOLUTION REGARDING PROTECTION OF VOTING RIGHTS, ALLEGED ELECTORAL IRREGULARITIES AND ACCOUNTABILITY OF THE ELECTION COMMISSION OF INDIA (Resumption)

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ (ਸ਼੍ਰੀ ਅਮਨ ਅਰੋੜਾ):** ਸਪੀਕਰ ਸਾਹਿਬ, ਮੈਂ ਅੱਜ ਤਾਂ ਤੁਹਾਨੂੰ ਫਾਲੋ ਕਰ ਰਿਹਾ ਹਾਂ ਜੀ।

**ਮਾਣਯੋਗ ਸਪੀਕਰ:** ਮੈਨੂੰ? ਥੈਂਕ ਯੂ।

**ਸੁਚੱਜਾ ਪ੍ਰਸ਼ਾਸਨ ਅਤੇ ਸੂਚਨਾ ਤਕਨੀਕ ਮੰਤਰੀ:** ਸਪੀਕਰ ਸਾਹਿਬ, ਤੁਹਾਡਾ ਬਹੁਤ ਬਹੁਤ ਧੰਨਵਾਦ ਜੀ। ਤੁਸੀਂ ਪੂਰੀ ਦਰਿਆਦਿਲੀ ਦੇ ਨਾਲ ਸਾਨੂੰ ਨਿਮਾਣਿਆਂ ਜਿਹਿਆਂ ਨੂੰ ਮਾਣ ਬਖ਼ਸ਼ਦੇ ਹੋ, ਤੁਹਾਡਾ ਦਿਲ ਦੀਆਂ ਗਹਿਰਾਈਆਂ ਵਿੱਚੋਂ ਧੰਨਵਾਦ ਹੈ। ਸਪੀਕਰ ਸਾਹਿਬ, thank you so much, ਤੁਸੀਂ ਮੈਨੂੰ ਅੱਜ ਬੜੇ ਇਪੌਰਟੈਂਟ ਇਸ਼ੂ ਉੱਤੇ ਬੋਲਣ ਦਾ ਮੌਕਾ ਦਿੱਤਾ ਹੈ। ਇਹ ਇਸ਼ੂ ਜਿਹੜਾ ਮੇਰੇ ਸਾਥੀ ਸਰਦਾਰ ਹਰਪਾਲ ਸਿੰਘ ਚੀਮਾ ਜੀ ਨੇ ਚੁੱਕਿਆ ਹੈ, ਇਹ ਇਕੱਲੇ ਪੰਜਾਬ ਨੂੰ ਨਹੀਂ ਸਗੋਂ ਦੇਸ਼ ਨੂੰ ਵੀ ਅੱਜ ਜਗਾਉਣ ਲਈ ਚੁੱਕਿਆ ਹੈ, ਕਿਉਂਕਿ ਮੈਂ ਸਮਝਦਾ ਹਾਂ ਕਿ ਅੱਜ ਦੇਸ਼ ਬਹੁਤ ਹੀ ਇੰਪੌਰਟੈਂਟ ਚੋਰਾਹੇ ਦੇ ਉੱਪਰ ਖੜ੍ਹਾ ਹੈ।

ਸਪੀਕਰ ਸਾਹਿਬ, ਮੇਰੇ ਸਾਰੇ ਹੀ ਸਤਿਕਾਰਯੋਗ ਸਾਥੀਆਂ ਨੇ ਬੜੇ ਵਿਸਥਾਰ ਵਿੱਚ ਗੱਲ ਕੀਤੀ ਹੈ। ਆਪਾਂ ਜਦੋਂ ਅੱਜ ਦੇਸ਼ ਦੀ ਗੱਲ ਕਰਦੇ ਹਾਂ ਤੇ ਦੇਸ਼ ਵਿੱਚ ਡੈਮੋਕਰੇਸੀ ਦੀ ਗੱਲ ਕਰਦਾ ਹਾਂ ਤਾਂ ਸਾਡੇ ਬਜ਼ੁਰਗਾਂ ਨੇ ਅਤੇ ਖਾਸ ਤੌਰ ਤੇ ਪੰਜਾਬ ਦੇ ਯੋਧਿਆਂ ਨੇ, ਕ੍ਰਾਂਤੀਕਾਰੀਆਂ ਨੇ ਇਸ ਮੁਲਕ ਨੂੰ ਆਜ਼ਾਦ ਕਰਾਉਣ ਵਿੱਚ ਆਪਣੀਆਂ ਜਾਨਾਂ ਵਾਰੀਆਂ। ਬੜਾ ਲੰਬਾ ਸਮਾਂ ਸੰਘਰਸ਼ ਚੱਲਿਆ। ਉਹ ਕਿਸ ਵਾਸਤੇ ਚੱਲਿਆ ਸੀ, ਉਹ ਵੋਟ ਦੇ ਅਧਿਕਾਰ ਦੇ ਲਈ ਚੱਲਿਆ ਸੀ ਕਿ ਅਸੀਂ ਆਪਣਾ ਰਾਜ ਆਪਣੇ ਹੱਥਾਂ ਵਿੱਚ ਲਵਾਂਗੇ । ਇਸ ਸੰਘਰਸ਼ ਵਿੱਚ ਬੜੀਆਂ ਜਾਨਾਂ ਗਈਆਂ ਅਤੇ ਬੜਿਆਂ ਨੇ ਜ਼ੇਲ੍ਹਾਂ ਵੀ ਕੱਟੀਆਂ। ਉਸ ਲੰਬੀ ਲੜਾਈ ਤੋਂ ਬਾਅਦ ਦੇਸ਼ ਆਜ਼ਾਦ ਹੋਇਆ। ਡਾਕਟਰ ਅੰਬੇਦਕਰ ਜੀ ਨੇ ਸਾਰਿਆਂ ਨੂੰ, ਚਾਹੇ ਕੋਈ ਵੱਡਾ ਹੈ, ਛੋਟਾ ਹੈ, ਅਮੀਰ ਹੈ ਜਾਂ ਗਰੀਬ ਹੈ, ਹਰ ਕਿਸੇ ਨੂੰ ਵੋਟ ਦਾ ਅਧਿਕਾਰ ਬਰਾਬਰ ਦਾ ਦੇ ਦਿੱਤਾ, ਸਭ ਨੂੰ ਸਮਾਨਤਾ ਦੇ ਦਿੱਤੀ। ਸਿਸਟਮ ਬੜਾ ਸਮਾਂ ਠੀਕ ਚੱਲੀ ਗਿਆ ਪਰ ਜੋ ਹੁਣ ਮੈਂ ਸਮਝਦਾ ਹਾਂ ਕਿ ਸਾਡੇ ਦੇਸ਼ ਨੇ ਦੇਖਿਆ ਅਤੇ ਦੇਸ਼ ਦੇ ਨਾਲ ਨਾਲ ਦੁਨੀਆਂ ਨੇ ਵੀ ਦੇਖਿਆ ਹੈ, ਕਿ ਦੁਨੀਆਂ ਦੀ ਸਭ ਤੋਂ ਵੱਡੀ ਡੈਮੋਕਰੇਸੀ ਦਾ ਜਿਹੜਾ ਡੈਮੋਕਰੇਟਿਕ ਸਿਸਟਮ ਹੈ, ਉਹੀ ਖਤਰੇ ਵਿੱਚ ਪਿਆ ਹੋਇਆ ਹੈ। ਇਸ ਦਾ ਇਗਨੀਸ਼ੀਅਨ ਪੁਆਇੰਟ ਕੀ ਸੀ?

**1300/harpreet singh**

ਜਿੱਥੋਂ ਇਹ ਗੱਲ ਸ਼ੁਰੂ ਹੋਈ ਹੈ। ਜਦੋਂ ਤਿੰਨ ਵਿਚੋਂ ਦੋ ਇਲੈਕਸ਼ਨ ਕਮਿਸ਼ਨਰ ਇਹ ਆਬਜੈਕਟ ਕਰਦੇ ਹਨ ਕਿ ਸਾਡੀ ਸੁਣਵਾਈ ਨਹੀਂ ਹੋ ਰਹੀ। ਅਸੀਂ 14 ਵਾਰ ਆਬਜੈਕਸ਼ਨ ਦਿੱਤੇ ਹਨ, ਕੋਈ ਸਾਡੀ ਗੱਲ ਸੁਣਦਾ ਨਹੀਂ। ਇਸ ਤੋਂ ਪਹਿਲਾਂ ਵੀ ਕਦੇ ਈ.ਵੀ.ਐਮ. ਰਾਹੀਂ ਜਾਂ ਕਦੇ ਕਿਸੇ ਹੋਰ ਤਰੀਕੇ ਚੋਣ ਕਮਿਸ਼ਨ ਦੀ ਫੰਕਸ਼ਨਿੰਗ ਤੇ ਸਵਾਲੀਆ ਚਿੰਨ ਲਗਦੇ ਰਹੇ ਹਨ ਪਰ ਇਹ ਇਕ ਇਗਨੀਸ਼ਨ ਪੁਆਇੰਟ ਸੀ ਅਤੇ ਦੇਸ਼ ਦਾ ਯੁਵਾ ਉੱਠਿਆ ਅਤੇ ਅਜਿਹੀ ਫਰਸਟਰੇਸ਼ਨ ਅਤੇ ਅਜਿਹਾ ਪ੍ਰੋਟੈਸਟ ਕੀਤਾ, ਜਿਹੜਾ ਮੈਂ ਸਮਝਦਾ ਹਾਂ ਕਿ ਪਿਛਲੇ 70 ਸਾਲਾਂ ਵਿਚ ਨਹੀਂ ਵੇਖਿਆ ਹੋਣਾ, ਜੋ ਸਾਡੇ ਜ਼ੈਨ-ਜੀ ਨੇ ਦਿੱਲੀ ਵਿਚ ਕੀਤਾ। ਸਪੀਕਰ ਸਾਹਿਬ, ਅੱਜ ਮੈਂ ਸਿਰਫ਼ ਗਿਆਨੇਸ਼ ਕੁਮਾਰ ਦੀ ਗੱਲ ਨਹੀਂ ਕਰਨੀ। ਮੈਂ ਸਹੇ ਨੂੰ ਨਹੀਂ ਪਹੇ ਨੂੰ ਰੋਂਦਾ ਹਾਂ। ਰਾਜਨੀਤੀ ਅਤੇ ਸੋਸ਼ਲ ਲਾਈਫ਼ ਜਿਹੜੀ ਹੁੰਦੀ ਹੈ, that is a game of perception ਕਿ ਲੋਕ ਤੁਹਾਡੇ ਬਾਰੇ ਕੀ ਸੋਚਦੇ ਹਨ। ਕੁੱਝ ਸਾਲ ਪਹਿਲਾਂ ਤੱਕ ਇਲੈਕਸ਼ਨ ਕਮਿਸ਼ਨ ਦੀ ਬੜੀ ਫਰੀ ਐਂਡ ਫੇਅਰ, ਟਰਾਂਪੇਰੈਂਟ ਇਮੇਜ ਹੋਇਆ ਕਰਦੀ ਸੀ, ਜਿਹੜੀ ਕਿ ਕੁੱਝ ਸਾਲਾਂ ਵਿਚ ਤਹਿਸ ਨਹਿਸ ਕਰ ਦਿੱਤੀ ਗਈ ਹੈ। ਸਪੀਕਰ ਸਾਹਿਬ, ਇਕ ਬੜਾ ਫੇਮਸ ਕੋਟ ਹੈ, 'Caesar's wife must be above suspicion' ਯਾਨਿ ਕਿ

ਜਿਹੜੇ ਲੋਕ ਸੱਤਾ ਦੇ ਵਿਚ ਰਾਜ ਭਾਗ ਦੇ ਵਿਚ ਵੱਡੀਆਂ ਪਦਵੀਆਂ ਤੇ ਬੈਠੇ ਹਨ, ਉਹ ਕੇਵਲ ਫਰੀ ਐਂਡ ਫੇਅਰ, ਟਰਾਂਪੇਰੈਂਟ ਹੀ ਨਹੀਂ ਹੋਣੇ ਚਾਹੀਦੇ ਸਗੋਂ ਲੋਕਾਂ ਨੂੰ ਫਰੀ ਐਂਡ ਫੇਅਰ ਅਤੇ ਇਮਾਨਦਾਰ ਹੁੰਦੇ ਨਜ਼ਰ ਵੀ ਆਉਣੇ ਚਾਹੀਦੇ ਹਨ। ਅੱਜ ਚੋਣ ਕਮਿਸ਼ਨ ਤੇ ਵੱਡਾ ਸਵਾਲੀਆ ਚਿੰਨ ਲੱਗ ਚੁੱਕਾ ਹੈ। ਸਪੀਕਰ ਸਾਹਿਬ, ਜੇਕਰ ਆਪਾਂ ਇਸੇ ਚੋਣ ਕਮਿਸ਼ਨ ਦਾ ਇਤਿਹਾਸ ਵੇਖੀਏ। ਕੋਈ ਸੰਸਥਾ ਮਾੜੀ ਨਹੀਂ ਹੁੰਦੀ, ਸੰਸਥਾ ਨੂੰ ਚਲਾਉਣ ਵਾਲੇ ਕੌਣ ਹਨ, ਇਹ ਉਨ੍ਹਾਂ ਤੇ ਨਿਰਭਰ ਕਰਦਾ ਹੈ। ਪਿਛਲੇ ਦਿਨਾਂ ਵਿਚ ਕਾਨੂੰਨ ਹੀ ਬਦਲ ਦਿੱਤਾ ਗਿਆ ਹੈ। ਜਿਸ ਕਰਕੇ ਮੈਂ ਕਿਹਾ ਸੀ ਕਿ ਸਹੇ ਨੂੰ ਨਹੀਂ ਸਗੋਂ ਪਹੇ ਨੂੰ ਰੋਣ ਦੀ ਗੱਲ ਹੈ। ਜਿਹੜੀ ਚੋਣ ਕਮਿਸ਼ਨਰ ਦੀ ਅਸਾਮੀ ਹੈ, ਉਸ ਦੀ ਟੈਨੇਓਰ ਫਿਕਸ ਹੈ। ਇਹ ਕਿਉਂ ਕੀਤੀ ਗਈ ਸੀ, ਉਹ ਇਸ ਕਰਕੇ ਕੀਤੀ ਸੀ ਕਿ ਜੇਕਰ ਫਿਕਸਡ ਟੈਨੇਓਰ ਹੋਵੇਗੀ ਤੇ ਵਿਅਕਤੀ ਕੋਲ ਇਕ ਬੱਝਵਾਂ ਸਮਾਂ ਹੋਵੇਗਾ ਤਾਂ ਉਹ ਬਿਨਾ ਕਿਸੇ ਡਰ ਦੇ ਕਿ ਮੈਨੂੰ ਹਟਾ ਨਾ ਦਿੱਤਾ ਜਾਵੇ, ਆਪਣਾ ਕੰਮ ਕਰੇਗਾ। ਜਿਵੇਂ ਸੁਪਰੀਮ ਕੋਰਟ ਦੇ ਜੱਜਾਂ ਦੀ ਫਿਕਸ ਟੈਨੇਓਰ ਹੁੰਦੀ ਹੈ ਤਾਂ ਕਿ ਉਹ ਇਮਾਨਦਾਰੀ ਨਾਲ ਜਸਟਿਸ ਡਿਲੀਵਰ ਕਰ ਸਕਣ। ਇਸੇ ਕਰਕੇ ਚੋਣ ਕਮਿਸ਼ਨਰ ਦੀ ਟੈਨੇਓਰ ਫਿਕਸਡ ਕੀਤੀ ਗਈ ਸੀ। ਪਿਛਲੇ ਸਮੇਂ ਵਿਚ ਚੋਣ ਕਮਿਸ਼ਨ ਦੀ ਕਾਰਗੁਜ਼ਾਰੀ ਬਹੁਤ ਸ਼ਾਨਦਾਰ ਵੀ ਰਹੀ ਹੈ। ਸਪੀਕਰ ਸਾਹਿਬ, ਤੁਹਾਨੂੰ ਯਾਦ ਹੋਵੇਗਾ, ਵੈਸੇ ਤਾਂ ਸਾਰੇ ਮੁਲਕ ਨੂੰ ਹੀ ਯਾਦ ਹੋਵੇਗਾ ਕਿ ਇਕ ਟੀ.ਐਨ.ਸੈਸ਼ਨ ਨਾਂ ਦੇ ਚੋਣ ਕਮਿਸ਼ਨਰ ਹੁੰਦੇ ਸਨ। 1995 ਵਿਚ ਬਿਹਾਰ ਬੜਾ ਨਟੋਰੀਅਸ ਮੰਨਿਆ ਜਾਂਦਾ ਸੀ। ਉਹ ਬੂਥ ਕੈਪਚਰਿੰਗ ਲਈ ਬੜਾ ਬਦਨਾਮ ਸੀ। 1995 ਦੀ ਚੋਣ ਸੀ। ਟੀ.ਐਨ.ਸੇਸ਼ਨ ਚੋਣ ਕਮਿਸ਼ਨਰ ਹੁੰਦੇ ਸਨ। ਲਾਲੂ ਪ੍ਰਸਾਦ ਯਾਦਵ ਉੱਥੋਂ ਦੇ ਮੁੱਖ ਮੰਤਰੀ ਸਨ ਅਤੇ ਕੇਂਦਰ ਦੀ ਸਰਕਾਰ ਵਿਚ ਹਿੱਸੇਦਾਰ ਸਨ। ਉੱਥੇ ਬਿਹਾਰ ਵਿਚ ਬੂਥ ਕੈਪਚਰਿੰਗ ਕਾਰਨ ਚਾਰ ਵਾਰੀ ਚੋਣਾਂ ਰੱਦ ਕੀਤੀਆਂ। ਜਦੋਂ ਤੱਕ ਪੈਰਾ ਮਿਲਟਰੀ ਫੋਰਸਿਸ ਲਗਾ ਕੇ ਫਰੀ ਐਂਡ ਫੇਅਰ ਚੋਣਾਂ ਨਹੀਂ ਕਰਵਾਈਆਂ, ਉਹ ਟਿਕ ਕੇ ਨਹੀਂ ਬੈਠੀਆਂ। ਉਸ ਸਮੇਂ ਬਿਹਾਰ ਦੇ ਵਿਚ ਬਹੁਤ ਰੌਲਾ ਪਿਆ ਪਰ ਉਨ੍ਹਾਂ ਨੇ ਕਿਸੇ ਦੀ ਪਰਵਾਹ ਨਹੀਂ ਕੀਤੀ। ਉਸ ਤੋਂ ਪਹਿਲਾਂ 1993 ਵਿਚ ਹਿਮਾਚਲ ਦੇ ਵਿੱਚ ਇਕ ਕਾਂਗਰਸ ਦੇ ਨੇਤਾ ਸਨ, ਸ਼੍ਰੀ ਗੁਲਸ਼ੇਰ ਅਹਿਮਦ। ਉਹ ਹਿਮਾਚਲ ਦੇ ਗਵਰਨਰ ਵੀ ਸਨ। ਉਨ੍ਹਾਂ ਨੂੰ ਸਿਰਫ਼ ਇਸ ਗੱਲ ਕਰਕੇ ਗਵਰਨਰੀ ਤੋਂ ਅਸਤੀਫ਼ਾ ਦੇਣਾ ਪਿਆ ਸੀ ਕਿਉਂਕਿ ਉਸ ਸਮੇਂ ਦੇ ਚੋਣ ਕਮਿਸ਼ਨ ਨੇ ਇਸ ਗੱਲ ਦਾ ਇਤਰਾਜ਼ ਜਤਾਇਆ ਕਿ ਤੁਸੀਂ ਗਵਰਨਰ ਹੁੰਦੇ ਹੋਏ ਆਪਣੇ ਬੇਟੇ ਦੀ ਇਲੈਕਸ਼ਨ ਵਿਚ ਪਾਰਟੀਸਿਪੇਟ ਨਹੀਂ ਕਰ ਸਕਦੇ। ਉਸ ਤੋਂ ਬਾਅਦ ਇਸ ਵਿਚ ਆਪਾਂ ਅੱਜ ਦੀ ਸਰਕਾਰ ਦੀ ਗੱਲ ਨਾ ਕਈਏ। ਜੇਕਰ ਆਪਾਂ ਯੂ.ਪੀ.ਏ. ਦੀ ਸਰਕਾਰ ਦੀ ਗੱਲ ਕਰੀਏ। ਅੱਜ ਕਾਂਗਰਸ ਪਾਰਟੀ ਵਾਲੇ ਬਹੁਤ ਰੌਲਾ ਪਾ ਰਹੇ ਹਨ। ਇਨ੍ਹਾਂ ਨੇ ਵੀ 1993 ਵਿਚ ਘੱਟ ਨਹੀਂ ਗੁਜ਼ਾਰੀ ਸੀ। ਜਦੋਂ ਇਨ੍ਹਾਂ ਨੇ ਵੇਖਿਆ ਕਿ ਸ਼੍ਰੀ ਟੀ.ਐਨ.ਸੈਸ਼ਨ ਸਾਡੇ ਕਾਬੂ ਵਿਚ ਨਹੀਂ ਹਨ। ਉਸ ਸਮੇਂ ਚੋਣ ਕਮਿਸ਼ਨ ਇਕ ਸਿੰਗਲ ਮੈਂਬਰ ਕਮਿਸ਼ਨ ਸੀ। ਇਨ੍ਹਾਂ ਨੇ ਤਿੰਨ ਮੈਂਬਰਾਂ ਦਾ ਕਰ ਦਿੱਤਾ ਤਾਂ ਕਿ ਇਹ ਮੈਜਾਰਿਟੀ ਵਿਚ ਆਪਣੀ ਗੱਲ ਮਨਵਾ ਸਕਣ ਪਰ ਉਦੋਂ ਇਨ੍ਹਾਂ ਦੀ ਗੱਲ ਨਹੀਂ ਬਣੀ ਕਿਉਂਕਿ ਸ਼੍ਰੀ ਟੀ.ਐਨ.ਸੈਸ਼ਨ ਆਪਣੀ ਲੜਾਈ ਲੜਦੇ ਰਹੇ। ਜਿਹੜੀਆਂ ਅਜਿਹੀਆਂ ਸੰਸਥਾਵਾਂ ਹੁੰਦੀਆਂ ਹਨ ਉਹ ਤਾਕਤ ਦੇ ਵਿਰੁੱਧ ਨਹੀਂ ਸਗੋਂ ਮਿਸ ਯੂਜ਼ ਆਫ ਪਾਵਰ ਦੇ ਵਿਰੁੱਧ ਹੋਣੀਆਂ ਚਾਹੀਦੀਆਂ ਹਨ, ਜਿਹੜੀਆਂ ਕਿ ਅੱਜ ਦੀ ਤਾਰੀਖ ਵਿਚ ਨਹੀਂ ਹੋ ਰਿਹਾ। ਇਸ ਤੋ ਬਾਅਦ ਸਮਾਂ ਲੰਘਦਾ ਗਿਆ। ਸਪੀਕਰ ਸਾਹਿਬ, 2018-19-20 ਦੌਰਾਨ ਸ਼੍ਰੀ ਅਸ਼ੋਕ ਲਵਾਸਾ ਬੜੇ ਮਕਬੂਲ ਚੋਣ ਕਮਿਸ਼ਨਰ ਹੋਏ ਹਨ। ਉਨ੍ਹਾਂ ਨੇ ਕਿਸ ਤਰੀਕੇ ਨਾਲ ਪ੍ਰਧਾਨ ਮੰਤਰੀ ਜੀ ਦੀਆਂ ਸਪੀਚਾਂ ਦੇ ਆਬਜੈਕਸ਼ਨ ਕੀਤੇ ਸਨ। ਉਨ੍ਹਾਂ ਨੇ ਮੁੱਖ ਚੋਣ ਕਮਿਸ਼ਨਰ ਬਣ ਜਾਣਾ ਸੀ।

**1305/amandeep kaur**

ਕਿਉਂਕਿ ਸੈਂਟਰ ਗੌਰਮਿੰਟ ਨਾਲ ਵਿਗੜ ਗਈ, ਹਟਣਾ ਪਿਆ, ਇੱਕ ਸ਼ਾਨਦਾਰ ਡੈਡੀਕੇਟਿਡ ਅਫਸਰ ਨੇ ਆਪਣੀ ਸੀ.ਈ.ਸੀ.ਸ਼ਿਪ ਛੱਡ ਕੇ ਬਾਹਰਲੇ ਮੁਲਕ ਦੇ ਵਿੱਚ ਸ਼ਿਫਟ ਕਰ ਲਿਆ ਅਤੇ ਫਿਰ ਵਾਈਸ ਪ੍ਰੈਜ਼ੀਡੈਂਟ ਏ.ਡੀ.ਬੀ. ਬੈਂੱਕ ਦੇ ਬਣ ਗਏ। ਜਦੋਂ ਅਜਿਹੇ ਲੋਕ ਦੇਸ਼ ਛੱਡ ਕੇ ਜਾਣਗੇ ਤਾਂ ਕੰਮ ਕਿਸ ਤਰ੍ਹਾਂ ਚੱਲੇਗਾ। ਇੱਕ ਵੱਡੇ ਪੱਧਰ ਦਾ ਨਿਘਾਰ ਇਸ ਸੰਸਥਾਂ ਦੇ ਵਿੱਚ ਲਿਆਂਦਾ ਗਿਆ, systematic institutional ਨਿਘਾਰ ਲਿਆਂਦਾ ਗਿਆ। ਇਹ ਕੀ ਸੀ? ਇਸ ਸਬੰਧੀ ਇੱਥੇ ਕਈ ਸਾਥੀ ਗੱਲ ਵੀ ਕਰਕੇ ਗਏ ਹਨ। ਸਾਲ 2023 ਦੇ ਵਿੱਚ ਇੱਕ ਨਵਾਂ ਕਾਨੂੰਨ ਭਾਰਤ ਸਰਕਾਰ ਵੱਲੋਂ ਲਿਆਂਦਾ ਗਿਆ। ਉਸ ਦੇ ਵਿੱਚ ਇੱਕ ਚੇਂਜ ਦੀ ਤਾਂ ਸਾਰਿਆਂ ਨੇ ਗੱਲ ਕੀਤੀ ਕਿ ਪਹਿਲਾਂ ਸਿਲੈਕਸ਼ਨ ਕਮੇਟੀ ਦੇ ਵਿੱਚ ਤਿੰਨ ਮੈਂਬਰ ਹੋਇਆ ਕਰਦੇ ਸਨ, ਪ੍ਰਧਾਨ ਮੰਤਰੀ, ਲੀਡਰ ਆਫ ਆਪੋਜ਼ੀਸ਼ਨ ਅਤੇ ਚੀਫ ਜਸਟਿਸ ਆਫ ਇੰਡੀਆ ਹੁੰਦੇ ਸਨ। ਨਵੇਂ ਕਾਨੂੰਨ ਦੇ ਵਿੱਚ, ਚੇਂਜ ਇਹ ਲਿਆਂਦੀ ਗਈ ਕਿ ਇਸ ਲਾਅ ਨੂੰ ਹਟਾ ਕੇ Union Minister of choice of the Prime Minister ਯਾਨੀ ਕਿ ਇੱਕ ਪ੍ਰਾਈਮ ਮਨਿਸਟਰ ਸਾਹਿਬ ਹੋ ਗਏ, ਇੱਕ ਯੂਨੀਅਨ ਮਨਿਸਟਰ ਹੋ ਗਏ, ਲੀਡਰ ਆਫ ਆਪੋਜ਼ੀਸ਼ਨ ਇੱਕਲੇ ਰਹਿ ਗਏ, ਮੈਜੋਰਿਟੀ ਦੇ ਨਾਲ ਆਪਣੇ ਫੈਸਲੇ ਕਰ ਲੈਣੇ ਹਨ, ਇਹ ਤਾਂ ਗੱਲ ਮੇਰੇ ਸਾਰੇ ਸਾਥੀਆਂ ਨੇ ਕੀਤੀ ਹੈ ਪਰ ਇਸ ਕਾਨੂੰਨ ਦੇ ਦੋ ਪਹਿਲੂ ਅਜਿਹੇ ਹਨ ਜਿਹੜੇ ਮੇਰੇ ਕਾਫੀ ਸਾਥੀ ਛੱਡ ਗਏ ਹਨ। ਇਹ ਸਿਲੈਕਸ਼ਨ ਕਮੇਟੀ ਹੈ। ਸਿਲੈਕਸ਼ਨ ਕਮੇਟੀ ਤੋਂ ਪਹਿਲਾਂ ਇੱਕ ਸਰਚ ਕਮੇਟੀ ਹੈ ਜਿਸ ਦੇ ਵਿੱਚ 5 ਮੈਂਬਰ, ਵੀ probables ਕੌਣ ਕੌਣ ਹੋ ਸਕਦੇ ਹਨ - ਚੀਫ ਇਲੈਕਸ਼ਨ ਕਮਿਸ਼ਨਰ ਜਾਂ ਇਲੈਕਸ਼ਨ ਕਮਿਸ਼ਨਰ, ਅਜੀਹੇ ਪੰਜ ਮੈਂਬਰਾਂ ਦੇ ਨਾਂ ਸਿਲੈਕਸ਼ਨ ਕਮੇਟੀ ਨੂੰ ਭੇਜਣੇ ਹੁੰਦੇ ਹਨ, ਉਸ ਸਰਚ ਕਮੇਟੀ ਦੇ ਮੈਂਬਰ ਕੌਣ ਹਨ। ਉਸ ਸਰਚ ਕਮੇਟੀ ਦਾ ਹੈੱਡ ਭਾਰਤ ਦੇ ਲਾਅ ਐਂਡ ਜਸਟਿਸ ਮਨਿਸਟਰ ਤੇ ਦੋ ਮੈਂਬਰ Officers of Secretary rank from Government of India ਦੇ ਹੋਣਗੇ। ਤਿੰਨ ਮੈਂਬਰੀ ਸਰਚ ਕਮੇਟੀ ਹੋਵੇਗੀ। ਜਿਸ ਨੇ ਪੰਜ ਮੈਂਬਰਾਂ ਦੇ, 5 probables ਦੇ, 5 ਕੈਂਡੀਡੇਟਾਂ ਤੇ ਉਮੀਦਵਾਰਾਂ ਦੇ ਨਾਂ ਸਿਲੈਕਸ਼ਨ ਕਮੇਟੀ ਨੂੰ ਭੇਜਣੇ ਹਨ। ਸਰਚ ਕਮੇਟੀ ਵੀ ਆਪਣੀ ਤੇ ਅੱਗੇ ਸਿਲੈਕਸ਼ਨ ਕਮੇਟੀ ਵੀ ਆਪਣੀ ਹੈ। ਪ੍ਰਧਾਨ ਮੰਤਰੀ, ਲੀਡਰ ਆਫ ਆਪੋਜ਼ੀਸ਼ਨ ਤੇ ਇੱਕ ਕੈਬਨਿਟ ਦਾ ਵਜ਼ੀਰ ਯਾਨੀ ਕਿ 2:1 ਦੀ ਰੇਸ਼ੋ ਇੱਥੇ ਆ ਗਈ। ਹੁਣ ਸਭ ਤੋਂ important ਗੱਲ ਜਿਹੜੀ ਕਿ ਕਮਾਲ ਦੀ ਹੈ। ਇਸ ਦੇ ਵਿੱਚ ਇੱਕ ਪ੍ਰੋਵੀਜ਼ਨ ਹੈ, ਇਹ ਪ੍ਰੋਵੀਜ਼ਨ ਕੀ ਕਹਿੰਦੀ ਹੈ? ਜਿਹੜੇ 5 ਉਮੀਦਵਾਰ ਸਰਚ ਕਮੇਟੀ ਨੇ ਸਿਲੈਕਸ਼ਨ ਕਮੇਟੀ ਕੋਲ ਭੇਜਣੇ ਹਨ, ਉਸ ਸਿਲੈਕਸ਼ਨ ਕਮੇਟੀ ਦੀਆਂ ਪਾਵਰਾਂ ਦੇਖੋ। ਇਹ ਕਹਿੰਦੀ ਹੈ ਕਿ "the Selection Committee may also consider any other person than those included in the panel by the Search Committee." ਮਤਲਬ ਇਹ ਹੋਇਆ ਕਿ 5 ਮੈਂਬਰ shortlist ਕਰਕੇ ਸੀ.ਈ.ਸੀ ਜਾਂ ਈ.ਸੀ ਲੱਗਣ ਵਾਸਤੇ ਸਰਚ ਕਮੇਟੀ ਨੇ ਸਿਲੈਕਸ਼ਨ ਕਮੇਟੀ ਨੂੰ ਭੇਜੇ ਹਨ ਜੇ ਉਨ੍ਹਾਂ ਵਿੱਚੋਂ ਵੀ ਪੀ.ਐਮ. ਸਾਹਿਬ ਨੂੰ ਜੇਕਰ ਸਿਲੈਕਸ਼ਨ ਕਮੇਟੀ ਦਾ ਕੋਈ ਮੈਂਬਰ ਨਹੀਂ ਜੱਚਦਾ ਹੈ ਤਾਂ ਉਸ ਤੋਂ ਇਲਾਵਾ ਬਾਹਰਲੇ ਆਪਣੇ ਚਹੇਤੇ ਬੰਦੇ ਨੂੰ ਵੀ ਇੱਥੇ ਲਗਾਇਆ ਜਾ ਸਕਦਾ ਹੈ। ਇਸ ਦਾ ਮਤਲਬ ਇਹ ਹੈ ਕਿ ਮੁਜਰਿਮ ਵੀ ਮੈਂ ਹਾਂ, ਜੁਰਮ ਵੀ ਮੈਂ ਕਰ ਰਿਹਾ ਹਾਂ, Investigating Officer ਵੀ ਮੈਂ ਹਾਂ, ਵਕੀਲ ਵੀ ਮੈਂ ਹਾਂ ਅਤੇ ਜੱਜ ਵੀ ਮੈਂ ਹਾਂ। ਇਹ ਇਸ ਕਾਨੂੰਨ ਦਾ nutshell ਮਤਲਬ ਨਿਕਲਿਆ ਹੈ। ਇਹੋ ਜਿਹੇ ਮਾਹੌਲ ਦੇ ਵਿੱਚ ਬਹੁਤ ਸਵਾਲ ਇਹ ਖੜ੍ਹੇ ਹੁੰਦੇ ਹਨ। ਇਸ ਦੇ ਬਾਰੇ ਕਈ ਸੁਪਰੀਮ ਕੋਰਟ ਦੇ judges ਨੇ ਕਿਹਾ ਹੈ ਕਿ ਤੁਸੀਂ ਕੀਤਾ ਕੀ ਹੈ? ਇੱਕ ornamental ਜਿਹੀ ਕਮੇਟੀ ਬਣਾ ਦਿੱਤੀ, ਸਰਚ ਕਮੇਟੀ ਵੀ ਬਣਾ ਦਿੱਤੀ, ਸਿਲੈਕਸ਼ਨ ਕਮੇਟੀ ਵੀ ਬਣਾ ਦਿੱਤੀ, ਪਾਵਰਾਂ ਤੁਸੀਂ ਸਾਰੀਆਂ ਆਪਣੇ ਕੋਲ ਰੱਖ

ਲਈਆਂ, ਪਰ ਇੱਥੇ ਸੁਣੇ ਕੌਣ? ਸੋ, ਇਸ ਕਰਕੇ ਮੇਰੇ ਕਹਿਣ ਦਾ ਮਤਲਬ ਇਹ ਹੈ ਕਿ ਇਹੋ ਜਿਹਾ ਕਾਨੂੰਨ ਬਣਾ ਦਿੱਤਾ ਗਿਆ ਜਿਸ ਦੇ ਨਾਲ ਲੋਕਾਂ ਦੀਆਂ ਵੋਟਾਂ institutional capturing ਦੀ ਹੋ ਜਾਣੀ ਹੈ। ਸਵਾਲ ਇਹ ਨਹੀਂ ਹੈ ਕਿ ਤੁਸੀਂ independent ਹੋ, ਦਿਖਣੇ ਵੀ independent ਚਾਹੀਦੇ ਹੋ।

**1310/Tarlochan Singh**

ਤੁਸੀਂ ਦਿਖਣੇ ਵੀ ਇਮਾਨਦਾਰ ਚਾਹੀਦੇ ਹੋ। 150 ਕਰੋੜ ਲੋਕਾਂ ਦਾ ਮੁਲਕ ਹੈ, ਤਾਂ ਹੀ ਲੋਕਾਂ ਦਾ ਤੁਹਾਡੇ ਤੇ ਮਨ ਟਿਕੇਗਾ, ਜੇ ਤੁਸੀਂ ਇੰਡੀਪੈਂਡੈਂਟ ਨਜ਼ਰ ਆਉਗੇ। ਪਰ ਨਹੀਂ, ਕੋਈ ਪਰਵਾਹ ਨਹੀਂ ਹੈ। ਸਰ, ਮੈਂ ਅੱਜ ਫਿਰ ਤੋਂ ਇੱਕ ਵਾਰ ਰਿਪੀਟ ਕਰ ਦਿੰਦਾ ਹਾਂ ਕਿ ਇਕੱਲੇ ਗਿਆਨੇਸ਼ ਕੁਮਾਰ ਦੀ ਗੱਲ ਨਹੀਂ ਹੈ, ਕੱਲ੍ਹ ਨੂੰ ਜਿਹੜਾ ਵੀ ਆਵੇਗਾ, ਉਸ ਨੂੰ ਇਸੇ ਸਿਸਟਮ ਦਾ ਹਿੱਸਾ ਬਣ ਕੇ ਰਹਿਣਾ ਪਵੇਗਾ ਕਿਉਂਕਿ ਉਸ ਨੂੰ ਖਿੱਚਣ ਦੀਆਂ ਤਾਰਾਂ ਦੇਸ਼ ਦੇ ਹੁਕਮਰਾਨਾਂ ਨੇ ਆਪਣੇ ਕੋਲ ਰੱਖੀਆਂ ਹੋਈਆਂ ਹਨ। ਸੋ, ਇਸ ਕਰਕੇ ਮੈਨੂੰ ਅੱਜ ਇਹ ਮਹਿਸੂਸ ਹੋ ਰਿਹਾ ਹੈ ਕਿ ਆਪਾਂ ਕਿਤੇ ਦੁਨੀਆਂ ਦੀ ਸਭ ਤੋਂ ਵੱਡੀ ਡੈਮੋਕਰਸੀ ਤੋਂ ਹੌਲੀ ਹੌਲੀ ਇਲੈਕਟਿਡ ਡਿਕਟੇਟਰਸ਼ਿਪ ਵੱਲ ਜਾ ਰਹੇ ਹਾਂ। ਇਹ ਦੇਸ਼ ਅੱਗੇ ਸਭ ਤੋਂ ਵੱਡਾ ਸਵਾਲ ਖੜ੍ਹਾ ਹੁੰਦਾ ਹੈ। ਚਾਹੇ ਪਹਿਲਾਂ ਦੇਸ਼ ਨੂੰ ਆਜ਼ਾਦ ਕਰਵਾਉਣ ਦੀ ਗੱਲ ਸੀ, ਚਾਹੇ ਇਹ ਅਧਿਕਾਰ ਲੈਣ ਦੀ ਗੱਲ ਸੀ, ਉਸ ਸਮੇਂ ਵੀ ਸਭ ਤੋਂ ਅੱਗੇ ਹੋ ਕੇ ਪੰਜਾਬੀਆਂ ਨੇ ਲੜਾਈ ਲੜੀ ਸੀ ਅਤੇ ਅੱਜ ਵੀ ਮੈਂ ਸਮਝਦਾ ਹਾਂ ਕਿ ਇਸ ਦਾ ਬੀੜਾ ਪੰਜਾਬੀਆਂ ਨੂੰ ਚੁੱਕਣਾ ਪੈਣਾ ਹੈ। ਇਸੇ ਕਰਕੇ ਹੀ ਭਗਵੰਤ ਮਾਨ ਜੀ ਦੀ ਅਗਵਾਈ ਵਾਲੀ ਸਰਕਾਰ ਨੇ ਇਹ ਮਤਾ ਲਿਆਂਦਾ ਹੈ, ਜਿਸ ਦੀ ਮੈਂ ਜ਼ੋਰਦਾਰ ਤਰੀਕੇ ਨਾਲ ਪ੍ਰੋੜ੍ਹਤਾ ਕਰਦਾ ਹਾਂ। ਬਹੁਤ ਬਹੁਤ ਧੰਨਵਾਦ ਜੀ।

**ਮਾਣਯੋਗ ਸਪੀਕਰ** : ਮੰਤਰੀ ਜੀ, ਧੰਨਵਾਦ। ਹੁਣ ਮੈਂ ਲੀਡਰ ਆਫ ਦੀ ਹਾਊਸ, ਮਾਣਯੋਗ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਦਾ ਹਾਂ।

**ਮੁੱਖ ਮੰਤਰੀ (ਸ੍ਰੀ ਭਗਵੰਤ ਮਾਨ)** : ਸਪੀਕਰ ਸਾਹਿਬ, ਦਿਲ ਦੀਆਂ ਗਹਿਰਾਈਆਂ ਵਿੱਚੋਂ ਤੁਹਾਡਾ ਬਹੁਤ ਬਹੁਤ ਧੰਨਵਾਦ। ਅੱਜ ਇਸ ਵਿਧਾਨ ਸਭਾ ਦੇ ਹਾਊਸ ਵਿੱਚ ਦੇਸ਼ ਦਾ ਇੱਕ ਬਹੁਤ ਵੱਡਾ ਗੰਭੀਰ ਵਿਸ਼ਾ ਜੋ ਕਿ ਅੱਜ ਚਰਚਾ ਵਿੱਚ ਹੈ, ਹਰ ਜ਼ੁਬਾਨ ਤੇ ਜਿਸ ਦੀ ਗੱਲ ਹੋ ਰਹੀ ਹੈ, ਚਿੰਤਾ ਹੋ ਰਹੀ ਹੈ, ਉਸ ਬਾਰੇ ਡਿਸਕਸ਼ਨ ਚੱਲ ਰਹੀ ਹੈ। ਮੈਂ ਤੁਹਾਨੂੰ ਇਸ ਗੱਲ ਦੀ ਮੁਬਾਰਕਬਾਦ ਦੇਵਾਂਗਾ ਕਿ ਤੁਸੀਂ ਇਹ ਮਤਾ ਲਿਆਉਣ ਦੀ ਇਜਾਜ਼ਤ ਦਿੱਤੀ ਹੈ ਕਿਉਂਕਿ ਹਾਲੇ ਤੱਕ ਇਹ ਮਤਾ ਨਾ ਤਾਂ ਦੇਸ਼ ਦੀ ਲੋਕ ਸਭਾ ਵਿੱਚ ਅਤੇ ਨਾ ਹੀ ਰਾਜ ਸਭਾ ਵਿੱਚ ਪੇਸ਼ ਹੋਇਆ ਹੈ। ਇਹ ਦੇਸ਼ ਦੀ ਕਿਸੇ ਹੋਰ ਵਿਧਾਨ ਸਭਾ ਵਿੱਚ ਵੀ ਪੇਸ਼ ਨਹੀਂ ਹੋਇਆ ਹੈ। ਸਪੀਕਰ ਸਾਹਿਬ, ਪੰਜਾਬ ਪਹਿਲੇ ਦਿਨ ਤੋਂ ਹੀ ਬਗਾਵਤੀ ਸੁਰਾਂ ਵਾਲਾ ਸੂਬਾ ਮੰਨਿਆ ਗਿਆ ਹੈ, ਪੰਜਾਬ ਪਹਿਲੇ ਦਿਨ ਤੋਂ ਹੀ ਗੁਰੂਆਂ ਦੇ ਆਸ਼ੀਰਵਾਦ, ਜ਼ੁਲਮ ਖਿਲਾਫ, ਧੱਕੇਸ਼ਾਹੀਆਂ ਖਿਲਾਫ ਖੜ੍ਹਨ ਵਾਲਾ ਸੂਬਾ ਮੰਨਿਆ ਗਿਆ ਹੈ। ਅੱਜ ਦੂਜੇ ਰਾਜਾਂ ਵਿੱਚ ਸਰਕਾਰਾਂ ਜ਼ਿਆਦਾਤਰ ਤਾਂ ਭਾਜਪਾ ਦੀਆਂ ਹਨ ਅਤੇ ਕਾਂਗਰਸ ਦੀਆਂ ਸਰਕਾਰਾਂ ਜਿਹੜੀਆਂ ਦੋ-ਤਿੰਨ ਸੂਬਿਆਂ ਵਿੱਚ ਹਨ, ਉਹ ਇੰਨੀ ਹਿੰਮਤ ਨਹੀਂ ਕਰ ਪਾਉਂਦੀਆਂ। ਪੰਜਾਬ ਵਿੱਚ ਇਕੱਲੀ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਜਿਹੜੀ ਕਿ ਹਰ ਧੱਕੇਸ਼ਾਹੀ ਖਿਲਾਫ, ਹਰ ਗਲਤ ਕਾਨੂੰਨ ਖਿਲਾਫ, ਲੋਕਾਂ ਖਿਲਾਫ ਜੋ ਕਾਨੂੰਨ ਬਣਾਏ ਜਾਂਦੇ ਹਨ, ਪੰਜਾਬ ਵਿਧਾਨ ਸਭਾ ਲੋਕ ਪੱਖੀ ਆਵਾਜ਼ ਉਠਾਉਂਦੀ ਹੈ, ਜਿਸ ਦੇ ਤੁਸੀਂ ਕਸਟੋਡੀਅਨ ਹੋ। ਇਸ ਲਈ ਮੈਂ ਤੁਹਾਡਾ ਧੰਨਵਾਦ ਕਰਨਾ ਚਾਹੁੰਦਾ ਹਾਂ। ਬੁਲਾਰਿਆਂ ਨੇ

ਬੋਲਦੇ ਹੋਏ ਬੜੇ ਵਧੀਆ ਅੰਕੜੇ ਦਿੱਤੇ ਹਨ, ਮੈਂ ਦੁਬਾਰਾ ਰਿਪੀਟ ਨਹੀਂ ਕਰਨਾ ਚਾਹੁੰਦਾ ਪਰ ਇਹ ਲੋਕਤੰਤਰ ਲਈ ਬਹੁਤ ਵੱਡਾ ਚਿੰਤਾ ਦਾ ਵਿਸ਼ਾ ਹੈ ਕਿ ਵੋਟਾਂ ਕੌਣ ਪਾਵੇਗਾ ਤੇ ਕੌਣ ਨਹੀਂ ਪਾਵੇਗਾ, ਇਹ ਵੀ ਹੁਣ ਸਰਕਾਰਾਂ ਡਿਸਾਈਡ ਕਰਨ ਲੱਗ ਗਈਆਂ ਹਨ। ਪਹਿਲਾਂ ਲੋਕ ਸਰਕਾਰ ਚੁਣਦੇ ਸੀ ਪਰ ਹੁਣ ਸਰਕਾਰ ਲੋਕਾਂ ਨੂੰ ਚੁਣਨ ਲੱਗ ਗਈ ਹੈ ਕਿ ਕੌਣ-ਕੌਣ ਵੋਟਾਂ ਪਾਵੇਗਾ, ਕਿਸ-ਕਿਸ ਦੀ ਵੋਟ ਕੱਟਣੀ ਹੈ। 14 ਕਰੋੜ ਦੇ ਨੇੜੇ ਤੇੜੇ ਵੋਟਾਂ ਐਸ.ਆਈ.ਆਰ. ਦੇ ਬਹਾਨੇ ਕੱਟ ਦਿੱਤੀਆਂ ਹਨ। ਇਸ ਦਾ ਕੋਈ ਕਾਰਨ ਨਹੀਂ ਦਿੱਤਾ ਗਿਆ ਹੈ। ਕਈ ਲੋਕ ਜਿਨ੍ਹਾਂ ਦੀ ਸੁਪਰੀਮ ਕੋਰਟ ਤੱਕ ਪਹੁੰਚ ਸੀ, ਉਹ ਸੁਪਰੀਮ ਕੋਰਟ ਗਏ। ਆਮ ਬੰਦਾ ਕੋਈ ਦਿਹਾੜੀਦਾਰ ਤਾਂ ਸੁਪਰੀਮ ਕੋਰਟ ਨਹੀਂ ਜਾ ਸਕਦਾ। ਜਿਨ੍ਹਾਂ ਦੀ ਪਹੁੰਚ ਸੀ, ਉਹ ਸੁਪਰੀਮ ਕੋਰਟ ਪਹੁੰਚੇ ਤਾਂ ਸੁਪਰੀਮ ਕੋਰਟ ਦਾ ਅੱਗੇ ਤੋਂ ਜਵਾਬ ਦੇਖ ਲਉ, ਉਹ ਕਹਿੰਦੇ ਕਿ ਕੋਈ ਗੱਲ ਨਹੀਂ, ਅਗਲੀ ਵਾਰ ਵੋਟ ਪਾ ਲਿਉ। ਅਗਲੀ ਵਾਰ ਦਾ ਮਤਲਬ 5 ਸਾਲ ਤੁਸੀਂ ਵੇਸਟ ਹੀ ਕਰ ਦਿੱਤੇ, 5 ਸਾਲ ਕੀ ਬਿਨਾ ਮੈਨਡੇਟ ਵਾਲੀ ਸਰਕਾਰ ਰਹੇਗੀ? ਲੋਕਤੰਤਰ ਦੇ ਚਾਰੇ ਪਿੱਲਰ ਬੁਰੀ ਤਰ੍ਹਾਂ ਡਿਕਟੇਟਰਸ਼ਿਪ ਦੇ ਸੰਗਲਾਂ ਵਿੱਚ ਨੂੜੇ ਗਏ ਹਨ। ਲੋਕਾਂ ਨੂੰ ਕਿਤੋਂ ਵੀ ਉਮੀਦ ਨਹੀਂ ਬਚੀ ਹੈ। ਉਹ ਕੀ ਕਰਨ? ਕੀ ਦਿਹਾੜੀਦਾਰ ਪਹਿਲਾਂ ਆਪਣੀ ਦਿਹਾੜੀ ਛੱਡ ਕੇ ਆਪਣੀ ਵੋਟ ਬਣਵਾਉਣ ਦੀ ਕੋਸ਼ਿਸ਼ ਕਰੇਗਾ? ਜਦੋਂ ਉਸ ਦੀ ਵੋਟ ਹੈ ਤਾਂ ਕੱਟੀ ਕਿਉਂ ਗਈ ਹੈ? ਉਸ ਨੂੰ ਕਹਿੰਦੇ ਨਹੀਂ ਜੀ, ਤੂੰ ਦੱਸ, ਤੂੰ ਜਾਤੀ ਸਰਟੀਫਿਕੇਟ ਦੁਬਾਰਾ ਲਿਆ, ਤੂੰ ਤੇਰੀ ਮਾਂ ਦਾ ਸਰਟੀਫਿਕੇਟ ਦੁਬਾਰਾ ਲਿਆ। ਉਸ ਨੂੰ ਪੁੱਛਦੇ ਹਨ ਕਿ ਕੀ ਤੇਰੀ ਵੋਟ 2003 ਵਿੱਚ ਹੈ ਸੀ? 1992 ਵਿੱਚ ਕੀ ਤੇਰੀ ਮਾਂ ਦੀ ਵੋਟ ਹੈ ਸੀ? ਲੋਕ ਕਿੱਥੋਂ ਲਿਆਉਣਗੇ? ਉਹ ਲੋਕ ਕਾਗਜ਼ ਕਿੱਥੋਂ ਲਿਆਉਣਗੇ? ਬਲਕਿ ਉਹ ਕਹਿਣਗੇ ਕਿ ਚੱਲੋ ਛੱਡੋ, ਆਪਾਂ ਨੇ ਵੋਟ ਹੀ ਨਹੀਂ ਪਾਉਣੀ। ਪਹਿਲਾਂ ਹੀ ਵੋਟਿੰਗ ਦੀ ਪਰਸੈਂਟੇਜ ਘੱਟ ਰਹੀ ਹੈ, ਲੋਕਾਂ ਦਾ ਲੋਕਤੰਤਰ ਤੋਂ ਵਿਸ਼ਵਾਸ ਉਠਦਾ ਜਾ ਰਿਹਾ ਹੈ ਕਿ ਚੱਲੋ ਛੱਡੋ ਪਰੇ, ਵੋਟਾਂ ਤਾਂ ਹਰ ਵਾਰ ਆ ਜਾਂਦੀਆਂ ਹਨ, ਹਰ ਤੀਜੇ ਮਹੀਨੇ ਕੋਈ ਨਾ ਕੋਈ ਵੋਟਾਂ ਆ ਜਾਂਦੀਆਂ ਹਨ, ਆਪਣਾ ਕੋਈ ਸੁਧਾਰ ਤਾਂ ਹੁੰਦਾ ਨਹੀਂ ਹੈ। ਸੋ, ਇਹ ਲੋਕਾਂ ਨੂੰ ਵੋਟਾਂ ਪਾਉਣ ਤੋਂ ਮੁਕਰਾਉਣ ਲੱਗ ਗਏ ਹਨ। ਆਪਣੀ ਹੀ ਜਨਤਾ ਬਣਾ ਲਈ ਹੈ, ਸੈਂਟਰ ਸਰਕਾਰ ਨੇ ਆਪਣੀ ਹੀ ਜਨਤਾ ਬਣਾ ਲਈ ਹੈ ਕਿ ਇਹ ਸਾਡੇ ਲੋਕ ਹਨ, ਇਹ ਸਾਡੇ ਵੋਟਰ ਹਨ। ਹਰਿਆਣਾ ਵਿੱਚ ਵੀ ਉਹੀ ਵੋਟ ਪਾਉਂਦੇ ਹਨ।

**1315/mehak**

ਫਿਰ ਸ਼ੱਕ ਕਿੱਥੋਂ ਹੁੰਦਾ ਹੈ? ਕੋਈ ਨਾ ਕੋਈ ਨਿਸ਼ਾਨੀ ਤਾਂ ਚੋਰ ਛੱਡ ਹੀ ਜਾਂਦਾ ਹੈ। ਹਰਿਆਣੇ ਅਤੇ ਮਹਾਰਾਸ਼ਟਰ ਵਿੱਚ ਵੋਟਾਂ ਸਨ। ਇੱਕ ਪਾਸੇ ਤਾਂ ਵੰਨ ਨੇਸ਼ਨ ਵਨ ਇਲੈਕਸ਼ਨ ਕਹਿੰਦੇ ਹਨ ਕਿ ਇੱਕੋ ਵਾਰ ਵਿੱਚ ਵੋਟਾਂ ਪੈਣ ਤਾਂ ਹਰਿਆਣਾ ਅਤੇ ਮਹਾਰਾਸ਼ਟਰ ਵਿੱਚ ਇੱਕੋ ਦਿਨ ਵੋਟਾਂ ਕਿਉਂ ਨਹੀਂ ਪੈਂਦੀਆਂ ਹਨ? ਹਫਤੇ ਦਾ ਗੈਪ ਪਾਉਂਦੇ ਹਨ ਕਿਉਂਕਿ ਜਿਹੜੇ ਹਰਿਆਣੇ ਵਿੱਚ ਵੋਟਾਂ ਪਾ ਗਏ ਉਨ੍ਹਾਂ ਨੂੰ ਹਫਤੇ ਵਿੱਚ ਟਰੇਨਾਂ ਰਾਹੀਂ ਮਹਾਰਾਸ਼ਟਰ ਲੈ ਜਾਂਦੇ ਹਨ ਤੇ ਉਹ ਮਹਾਰਾਸ਼ਟਰ ਵੋਟਾਂ ਪਾ ਆਉਂਦੇ ਹਨ, ਮਹੀਨੇ ਬਾਅਦ ਉਨ੍ਹਾਂ ਨੂੰ ਅਸਾਮ ਲੈ ਜਾਂਦੇ ਹਨ ਤਾਂ ਉਹ ਅਸਾਮ ਵਿੱਚ ਵੋਟਾਂ ਪਾ ਆਉਂਦੇ ਹਨ। ਫਿਰ ਉਨ੍ਹਾਂ ਨੂੰ ਬਿਹਾਰ ਲੈ ਆਉਂਦੇ ਹਨ। ਇਨ੍ਹਾਂ ਨੇ ਆਪਣੀ ਹੀ ਇੱਕ ਜਨਤਾ ਬਣਾ ਲਈ ਹੈ ਕਿ ਇਹ ਵੋਟਾਂ ਪਾਇਆ ਕਰਨਗੇ ਤਾਂ ਹੀ ਤਾਂ ਫਿਰ ਕਾਨਫੀਡੈਂਸ ਨਾਲ ਕਹਿੰਦੇ ਹਨ ਕਿ ਜੋ ਮਰਜ਼ੀ ਹੋ ਜਾਵੇ, ਆਵੇਗੀ ਤਾਂ ਸਾਡੀ ਸਰਕਾਰ ਹੀ। ਜਦੋਂ ਪਹਿਲਾਂ ਹੀ ਪੱਕਾ ਪਤਾ ਹੈ ਕਿ ਅਸੀਂ ਲੋਕਾਂ ਦੀਆਂ ਵੋਟਾਂ ਕੱਟ ਦਿੱਤੀਆਂ ਹਨ ਤੇ ਆਪਣੀਆਂ ਨਵੀਆਂ ਜਾਅਲੀ ਵੋਟਾਂ ਬਣਾ ਲਈਆਂ ਹਨ। ਦਿੱਲੀ ਵਿੱਚ ਦੇਖ ਲਓ ਕਿ ਸ੍ਰੀ ਅਰਵਿੰਦ ਕੇਜਰੀਵਾਲ ਜੀ ਦੇ ਨਵੀਂ ਦਿੱਲੀ ਵਿਧਾਨ ਸਭਾ ਹਲਕੇ ਵਿੱਚ 40,000 ਵੋਟਾਂ ਕੱਟ ਦਿੱਤੀਆਂ ਤੇ ਉਹ ਪੰਜ ਹਜ਼ਾਰ ਵੋਟਾਂ ਤੇ ਹਾਰੇ ਹਨ। ਇਸ ਤਰ੍ਹਾਂ ਹੀ

ਈ.ਡੀ., ਸੀ.ਬੀ.ਆਈ. ਵਾਲੇ ਵੋਟਾਂ ਵੇਲੇ ਆਉਂਦੇ ਹਨ। ਵੋਟਾਂ ਵੇਲੇ ਬਹੁਤ ਛਾਪੇ ਪੈਂਦੇ ਹਨ। ਕਦੇ ਕਿਸੇ ਨੂੰ ਫੜ ਲਓ, ਕਦੇ ਕਿਸੇ ਨੂੰ ਫੜ ਲਓ, ਕਿਸੇ ਤੇ ਝੂਠਾ ਇਲਜ਼ਾਮ ਲਾ ਕੇ ਉਸ ਨੂੰ ਅੰਦਰ ਕਰ ਦਿਓ। ਵੋਟਾਂ ਤੋਂ ਬਾਅਦ ਸਾਰੇ ਕੇਸ ਖਤਮ ਹੋ ਜਾਂਦੇ ਹਨ, ਬੰਗਾਲ ਵਿੱਚ ਹੁਣ ਕੋਈ ਪ੍ਰੋਬਲਮ ਨਹੀਂ ਹੈ। ਈ.ਡੀ. ਤੋਂ ਵੀ ਅਤੇ ਸੀ.ਬੀ.ਆਈ ਤੋਂ ਵੀ ਕੰਮ ਲੈ ਲਿਆ, ਹੁਣ ਬਿਹਾਰ ਵਿੱਚ ਕੋਈ ਪ੍ਰੋਬਲਮ ਨਹੀਂ ਹੈ, ਹਰਿਆਣੇ ਵਿੱਚ ਕੋਈ ਪ੍ਰੋਬਲਮ ਨਹੀਂ ਹੈ ਤੇ ਹੁਣ ਪੰਜਾਬ ਤੇ ਲੱਗੇ ਹੋਏ ਹਨ। ਹੁਣ ਸੀ.ਬੀ.ਆਈ., ਈ.ਡੀ. ਸਾਡੇ ਘਰਾਂ ਵਿੱਚ ਆ ਰਹੀ ਹੈ।

ਪੰਜਾਬ ਦੇ ਮੁੱਖ ਮੰਤਰੀ ਦੇ ਤੌਰ ਤੇ ਮੈਨੂੰ ਵਿਦੇਸ਼ਾਂ ਵਿੱਚੋਂ ਇਨਵੈਸਟਮੈਂਟ ਦੇ ਸੱਦਾ ਪੱਤਰ ਆਉਂਦੇ ਹਨ। ਮੈਂ ਜਾਪਾਨ ਗਿਆ, ਕੋਰੀਆ ਗਿਆ, ਉੱਥੋਂ ਕਿੰਨੀ ਜ਼ਿਆਦਾ ਇਨਵੈਸਟਮੈਂਟ ਆਈ ਹੈ, ਉਹ ਤੁਹਾਡੇ ਸਾਹਮਣੇ ਹੀ ਹੈ। ਮੈਂ ਜਰਮਨੀ ਗਿਆ, Verbio ਵਰਗੀਆਂ ਕੰਪਨੀਆਂ, Claas ਵਰਗੀਆਂ ਕੰਪਨੀਆਂ ਇੱਥੇ ਆਈਆਂ। ਉਨ੍ਹਾਂ ਨੇ ਇੱਥੇ ਆ ਕੇ ਪ੍ਰੋਜੈਕਟ ਲਗਾਏ ਹਨ। ਹੁਣ ਸਾਡਾ ਦੁਨੀਆ ਦਾ ਦੂਜੇ ਨੰਬਰ ਦਾ ਸਭ ਤੋਂ ਵੱਡਾ ਫੂਡ ਫੈਸਟੀਵਲ ਫਰਾਂਸ ਵਿੱਚ ਚੱਲ ਰਿਹਾ ਹੈ। ਪੂਰੀ ਦੁਨੀਆ ਦੇ ਵੱਡੇ ਵੱਡੇ ਬਰਾਂਡ ਉੱਥੇ ਆਏ ਹੋਏ ਹਨ। ਉੱਥੇ ਮਾਰਕਫੈੱਡ ਨੇ ਆਪਣਾ ਸੋਹਨਾ ਬਾਸਮਤੀ ਵਾਲਾ ਸਟਾਲ ਲਗਾਇਆ ਹੋਇਆ ਹੈ। (ਥੰਪਿੰਗ) ਉੱਥੇ ਭਾਰਤ ਦੇ 150 ਸਟਾਲ ਲੱਗੇ ਹਨ, ਮੈਂ ਉੱਥੇ ਜਾ ਕੇ ਆਇਆ ਹਾਂ। ਕੋਈ ਯੂ.ਪੀ. ਦੇ ਹਨ, ਯੂ.ਪੀ. ਦੇ ਚਾਰ-ਪੰਜ ਸਟਾਲ ਲਗੇ ਹਨ, ਕੋਈ ਬਾਸਮਤੀ ਰਾਇਸ ਦੇ ਸਟਾਲ ਹਨ, ਕੌਫੀ ਦੇ ਸਟਾਲ ਹਨ, ਚਾਹ ਦੇ ਸਟਾਲ ਹਨ, ਅਸਾਮ, ਛੱਤੀਸਗੜ੍ਹ, ਮੱਧ ਪ੍ਰਦੇਸ਼ ਦੇ ਸਟਾਲ ਹਨ। ਉੱਥੇ ਉਨ੍ਹਾਂ ਨੇ ਮੈਨੂੰ ਇਨਵੀਟੇਸ਼ਨ ਦਿੱਤਾ ਕਿ ਤੁਸੀਂ ਇੱਥੇ ਆ ਕੇ ਸਾਡੇ ਸਟਾਲਾਂ ਦੇ ਉਦਘਾਟਨ ਕਰਕੇ ਜਾਓ। ਉੱਥੇ ਪੂਰੀ ਦੁਨੀਆ ਦੇ ਬਹੁਤ ਵੱਡੇ ਬਿਜ਼ਨਸ ਹੋ ਰਹੇ ਹਨ। ਫੂਡ ਬਿਜ਼ਨਸ ਨਾਲ ਰਿਲੇਟਿਡ ਬਿਜ਼ਨਸਮੈਨ ਆ ਰਹੇ ਹਨ। ਉੱਥੇ ਮੈਨੂੰ ਯੂ.ਪੀ. ਵਾਲੇ ਵੀ ਲੈ ਕੇ ਗਏ ਕਿ ਸਾਡੇ ਸਟਾਲ ਤੇ ਵੀ ਆਓ ਜੀ, ਛੱਤੀਸਗੜ੍ਹ ਵਾਲੇ ਵੀ ਲੈ ਕੇ ਗਏ, ਮੈਂ ਸਾਰਿਆਂ ਦੇ ਸਟਾਲਾਂ ਤੇ ਜਾ ਕੇ ਆਇਆ ਹਾਂ ਕਿਉਂਕਿ ਅਸੀਂ ਭਾਰਤ ਨੂੰ ਰਿਪ੍ਰੇਜ਼ੈਂਟ ਕਰ ਰਹੇ ਹਾਂ। ਇਨ੍ਹਾਂ ਨੇ ਮੈਨੂੰ ਪਰਮਿਸ਼ਨ ਨਹੀਂ ਦਿੱਤੀ ਤਾਂ ਮੈਂ ਹਾਈ ਕੋਰਟ ਚਲਾ ਗਿਆ ਤਾਂ ਹਾਈ ਕੋਰਟ ਨੇ ਕਹਿ ਦਿੱਤਾ ਕਿ ਪ੍ਰੋਟੋਕੋਲ ਦਿਓ। ਆਉਂਦੇ ਹੋਏ ਦਿੱਲੀ ਏਅਰਪੋਰਟ ਤੇ ਕਹਿੰਦੇ ਕਿ ਤੁਸੀਂ ਇੱਧਰਲੇ ਪਾਸੇ ਆ ਜਾਓ ਜੀ, ਸਾਨੂੰ ਉੱਥੇ ਦੋ ਘੰਟੇ ਬਿਠਾ ਲਿਆ ਪਰ ਗੱਲ ਤਾਂ ਕੋਈ ਦੱਸ ਦਿਓ। ਪ੍ਰੋਟੋਕੋਲ ਤਾਂ ਪ੍ਰੋਟੋਕੋਲ ਹੈ, ਉਹ ਤਾਂ ਸਾਰੇ ਦੇਸ਼ ਦੇ ਮੁੱਖ ਮੰਤਰੀਆਂ ਨੂੰ ਮਿਲਦਾ ਹੈ। ਉਹ ਕਹਿੰਦੇ ਕਿ ਸਮਾਨ ਚੈੱਕ ਕਰਾਂਗੇ ਜੀ। ਅਸੀਂ ਕਿਹਾ ਸਮਾਨ ਚੈੱਕ ਕਰ ਲਓ ਜੀ, ਸਮਾਨ ਵਿੱਚੋਂ ਕੁਝ ਨਹੀਂ ਮਿਲਿਆ ਤਾਂ ਦੋ ਘੰਟੇ ਬਾਅਦ ਕਹਿੰਦੇ ਕਿ ਜਾਓ ਜੀ ਤੇ ਬਾਅਦ ਵਿੱਚ ਜਾਂਦੇ ਜਾਂਦੇ ਕਹਿੰਦੇ ਕਿ ਸਾਨੂੰ ਉੱਪਰੋਂ ਪ੍ਰੈਸ਼ਰ ਹੈ ਤੇ ਸਾਡਾ ਥੋੜ੍ਹਾ ਜਿਹਾ ਤਾਂ ਮਾਣ ਰੱਖ ਕੇ ਜਾਓ। ਜਿਹੜਾ ਪੰਜ-ਸੱਤ ਲੋਕਾਂ ਦਾ ਵਫਦ ਸਾਡੇ ਨਾਲ ਸੀ, ਉਨ੍ਹਾਂ ਦਾ ਸਮਾਨ ਚੈੱਕ ਕਰਕੇ ਕਹਿੰਦੇ ਕਿ 50 ਹਜ਼ਾਰ ਦਾ ਕਟਾ ਲਓ ਜੀ। ਅਸੀਂ ਕਿਹਾ ਕਿ ਤੁਹਾਡੀ ਨੌਕਰੀ ਦਾ ਸਵਾਲ ਹੈ ਤਾਂ ਕੱਟ ਲਓ ਜੀ। ਉੱਥੇ ਕਸਟਮ ਦਾ ਹੈੱਡ ਕੌਣ ਹੈ? ਕਸਟਮ ਦਾ ਹੈੱਡ ਕੌਣ ਹੈ? ਕਸਟਮ ਦਾ ਹੈੱਡ ਗਿਆਨੇਸ਼ ਕੁਮਾਰ ਦਾ ਭਰਾ ਮਨੀਸ਼ ਹੈ। (ਸ਼ੇਮ ਸ਼ੇਮ ਦੀਆਂ ਅਵਾਜ਼ਾਂ) ਇਹ ਇਸ ਤਰ੍ਹਾਂ ਬਦਲੇ ਲੈਂਦੇ ਹਨ। ਗਿਆਨੇਸ਼ ਕੁਮਾਰ ਦਾ ਭਰਾ ਕਸਟਮ ਦਾ ਹੈੱਡ ਹੈ, ਉਹ ਇਹ ਕਰ ਰਿਹਾ ਹੈ ਤੇ ਉਨ੍ਹਾਂ ਦੀ ਬੇਟੀ ਨੋਇਡਾ ਵਿੱਚ ਇੱਕ ਪੰਦਰਾਂ ਸਾਲ ਦੀ ਬੱਚੀ ਤੇ NSA ਲਗਾ ਰਹੇ ਹਨ। ਉਸ ਨੂੰ ਅਲਾਹਾਬਾਦ ਦੀ ਕੋਰਟ ਨੇ, ਪ੍ਰਯਾਗਰਾਜ ਦੀ ਕੋਰਟ ਨੇ ਲਾਹਨਤਾਂ ਪਾਈਆਂ ਹਨ ਕਿ ਤੁਸੀਂ ਇਹ ਕੀ ਕਰ ਰਹੇ ਹੋ? ਜਦੋਂ ਸੁਪਰੀਮ ਕੋਰਟ ਨੇ ਹੀ ਕਹਿ ਦਿੱਤਾ ਕਿ ਜਿਹੜੇ Gen-Z ਸਟੂਡੈਂਟਸ ਦਾ ਕਾਕਰੋਚ ਪਾਰਟੀ ਵਾਲਿਆਂ ਦਾ ਜਿਹੜਾ ਪ੍ਰੋਟੈਸਟ

ਹੋਇਆ ਸੀ, ਉਸ ਵਿੱਚ ਕੋਈ ਕੇਸ ਨਹੀਂ ਰੱਖਣਾ ਹੈ। ਇਹ ਇਵੇਂ ਗੱਲ ਗੱਲ ਤੇ ਬਦਲੇ ਲੈਂਦੇ ਹਨ, ਛੋਟੀਆਂ ਛੋਟੀਆਂ ਗੱਲਾਂ ਤੇ ਬਦਲੇ ਲੈਂਦੇ ਹਨ ਕਿਉਂਕਿ ਉਨ੍ਹਾਂ ਨੂੰ ਫਿਕਰ ਕਰਨ ਦੀ ਕੀ ਲੋੜ ਹੈ ਜਦੋਂ ਗਿਆਨੇਸ਼ ਹੈ।

**1320/Sukhpiar Singh**

ਇਲੈਕਸ਼ਨ ਕਮਿਸ਼ਨਰ ਨੇ ਆਪ ਦੱਸਿਆ ਹੈ ਜੀ ਕਿ ਸਾਨੂੰ ਪੁੱਛੇ ਬਿਨਾਂ ਡਿਸੀਜ਼ਨ ਹੋਈ ਜਾਂਦੇ ਹਨ, ਸਾਨੂੰ ਤਾਂ ਕੋਈ ਪੁੱਛਦਾ ਹੀ ਨਹੀਂ, ਸਾਡੀ ਰਾਏ ਕੋਈ ਨਹੀਂ ਲੈਂਦਾ, ਇਕੱਲਾ ਹੀ ਕੰਮ ਚੁੱਕੀ ਜਾਂਦਾ ਹੈ ਕਿ ਇਸ ਤਰ੍ਹਾਂ ਕਰਦੇ, ਉਸ ਤਰ੍ਹਾਂ ਕਰਦੇ, ਇਸ ਦੀ ਵੋਟ ਕੱਟ ਦਿਉ, ਇਸ ਦੀ ਵੋਟ ਬਣਾ ਦਿਉ, ਉਸ ਨੇ ਸਾਰਾ ਕੁਝ ਆਪਣੇ ਕੋਲ ਹੀ ਲੈ ਲਿਆ ਹੈ। ਜਦੋਂ ਚੋਣਾਂ ਹੁੰਦੀਆਂ ਹਨ, ਦਰਸ਼ਕ ਗੈਲਰੀ ਵਿੱਚ ਬਹੁਤ ਸਾਰੇ ਸਿਆਣੇ ਲੋਕ ਬੈਠੇ ਹਨ, ਪੱਤਰਕਾਰ ਬੈਠੇ ਹਨ। ਉਹ ਅਜੇ ਬਦਲਿਆ ਨਹੀਂ, ਪ੍ਰਚਾਰ ਦਾ ਸਾਧਨ ਉਹੀ ਚਲਦਾ ਹੈ, ਚਾਹੇ ਉਹ ਪੋਸਟਰਾਂ ਤੇ ਲਿਖਿਆ ਹੋਵੇ, ਚਾਹੇ ਉਹ ਰਿਕਸ਼ੇ ਵਾਲਾ ਬੋਲਦਾ ਹੋਵੇ ਕਿ ਹਲਕਾ ਫਲਾਣਾ ਦੇ ਸੂਝਵਾਨ ਵੋਟਰਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਆਪਣਾ ਇੱਕੋ ਇੱਕ ਕੀਮਤੀ ਵੋਟ ਫਲਾਣਾ ਸਿੰਘ ਨੂੰ ਪਾ ਕੇ ਕਾਮਯਾਬ ਕਰੋ, ਉਨ੍ਹਾਂ ਦੀ ਕਾਮਯਾਬੀ ਤੁਹਾਡੀ ਆਪਣੀ ਕਾਮਯਾਬੀ ਹੈ, ਤੁਹਾਡੇ ਇਲਾਕੇ ਦੀ ਕਾਮਯਾਬੀ ਹੈ ਅਤੇ ਇਹ ਚੋਣ ਨਿਸ਼ਾਨ ਹੈ। ਹੁਣ ਜਦੋਂ ਇੱਕੋ ਇੱਕ ਕੀਮਤੀ ਵੋਟ ਹੀ ਕੱਟਿਆ ਗਿਆ ਜੀ ਤਾਂ ਫਿਰ ਕੀਮਤ ਕੀ ਰਹਿ ਗਈ। ਫਿਰ ਬਾਬਾ ਸਾਹਿਬ ਭੀਮ ਰਾਓ ਅੰਬੇਦਕਰ ਜੀ ਦਾ ਸੰਵਿਧਾਨ ਕਿੱਥੇ ਰਹਿ ਗਿਆ, ਜਦੋਂ ਕੀਮਤੀ ਵੋਟ ਹੀ ਨਹੀਂ ਹੈ, ਫਿਰ ਕਿਸ ਨੂੰ ਪਾਉਣਗੇ? ਫਿਰ ਨਾਮ ਤੋਂ ਪਛਾਣ ਲੈਂਦੇ ਹਨ, ਪੰਜਾਬ ਵਿੱਚ ਚਲੋ ਇਹ ਘੱਟ ਹੈ ਪਰ ਉੱਧਰ ਤਾਂ ਨਾਮ ਤੋਂ ਪਤਾ ਲੱਗ ਜਾਂਦਾ ਹੈ ਕਿ ਇਹ ਕਿਸ ਦੇ ਵੋਟਰ ਹਨ। ਉਨ੍ਹਾਂ ਨੇ ਇੱਕ ਫਿਰਕੇ ਦੇ ਵੋਟ ਹੀ ਕੱਟ ਦਿੱਤੇ ਕਿ ਇਹ ਤਾਂ ਸਾਨੂੰ ਪਾਉਂਦੇ ਹੀ ਨਹੀਂ, ਇਨ੍ਹਾਂ ਦੇ ਵੋਟ ਕੱਟ ਦਿਉ। ਉਨ੍ਹਾਂ ਨੇ ਆਪਣੇ ਨਵੇਂ ਜਾਅਲੀ ਬਣਾ ਲਏ, ਉਨ੍ਹਾਂ ਦੇ ਕੱਟ ਦਿੱਤੇ, ਡਬਲ ਫਾਇਦਾ ਹੋ ਗਿਆ। ਸੋ, ਇਹ ਜਿਹੜੀ ਵੋਟਾਂ ਦੀ ਲੁੱਟ ਚੱਲ ਰਹੀ ਹੈ, ਇਹ ਲੋਕਤੰਤਰ ਲਈ ਬਹੁਤ ਖਤਰਨਾਕ ਹੈ, ਸਾਰੇ ਬੁਲਾਰਿਆਂ ਨੇ ਇਹੀ ਬੋਲਿਆ ਹੈ। ਬੀ.ਜੇ.ਪੀ. ਦੀ ਇੱਕ ਪਠਾਨਕੋਟ ਦੀ ਲੀਡਰ ਨੇ ਤਾਂ ਆਪ ਹੀ ਬੋਲ ਦਿੱਤਾ ਹੈ ਕਿ ਇੱਕ ਹਲਕੇ ਵਿੱਚੋਂ 20 ਹਜ਼ਾਰ ਵੋਟਾਂ ਕੱਟੋ ਅਤੇ ਐਮ.ਐਲ.ਏ. ਬਣੋ। ਇਹ ਇਵੇਂ ਵੋਟਾਂ ਕਟਵਾ ਕੇ ਫਿਰ ਨਵੇਂ ਵੋਟਰਾਂ ਦੀ ਵੋਟ ਨਹੀਂ ਬਣਾਉਂਦੇ ਕਿਉਂਕਿ ਜਿਹੜੇ ਨਵੇਂ ਨੌਜਵਾਨ 18 ਸਾਲ ਦੇ ਅੱਜ ਹੋਏ ਹਨ, ਉਨ੍ਹਾਂ ਨੂੰ ਸ਼ਰਤਾਂ ਲਗਾ ਦਿੱਤੀਆਂ ਕਿ ਇਹ ਕਰਾਂਗੇ, ਉਹ ਕਰਾਂਗੇ। ਜਦੋਂ ਥੋੜ੍ਹਾ ਪ੍ਰੈਸ਼ਰ ਪਿਆ ਅਤੇ ਜੰਤਰ ਮੰਤਰ ਉੱਤੇ ਧਰਨੇ ਹੋਏ, ਹੁਣ ਉਹ ਕਹਿੰਦੇ ਕਿ ਹਾਂ ਜੀ, ਅਸੀਂ ਫਾਰਮ ਨੰਬਰ 6 ਵਿੱਚ ਸੋਧ ਕਰਾਂਗੇ, ਇਸ ਦਾ ਮਤਲਬ ਕਿ ਇਹ ਗਲਤ ਸੀ। ਹੋਰ ਦੇਖੋ, ਹੁਣ ਜਿਹੜਾ ਨਵਾਂ ਇਲੈਕਸ਼ਨ ਕਮਿਸ਼ਨ ਨੇ ਕਬੂਲਨਾਮਾ ਕੀਤਾ ਹੈ ਕਿ ਹਾਂ ਜੀ, ਜਿਹੜੀ ਹੁਣ ਅੱਗੇ ਤੋਂ ਸਾਡੀ ਮੀਟਿੰਗ ਹੋਇਆ ਕਰੇਗੀ ਅਸੀਂ ਉਸ ਦੇ ਮਿਨਟਸ ਰੱਖਿਆ ਕਰਾਂਗੇ, ਰਿਕਾਰਡ ਰੱਖਿਆ ਕਰਾਂਗੇ। ਇਸ ਦਾ ਮਤਲਬ ਕਿ ਪਹਿਲਾਂ ਕਦੇ ਰੱਖਦੇ ਹੀ ਨਹੀਂ ਸੀ। ਇਹ ਤਾਂ ਅੱਜ ਕੱਲ੍ਹ ਹਰ ਮੀਟਿੰਗ ਦਾ ਰਿਕਾਰਡ ਰਿਕਸ਼ਾ ਯੂਨੀਅਨ ਅਤੇ ਟਰੱਕ ਯੂਨੀਅਨ ਵੀ ਰੱਖਦੀ ਹੈ। ਕਿੱਥੇ ਰਿਕਸ਼ਾ ਅਤੇ ਟਰੱਕ ਯੂਨੀਅਨ ਅਤੇ ਕਿੱਥੇ ਦੇਸ਼ ਦਾ ਸਭ ਤੋਂ ਵੱਡਾ ਲੋਕਤੰਤਰ ਸੰਭਾਲਣ ਵਾਲਾ ਇਲੈਕਸ਼ਨ ਕਮਿਸ਼ਨ, ਤੁਸੀਂ ਕੋਈ ਰਿਕਾਰਡ ਹੀ ਨਹੀਂ ਰੱਖਦੇ ਸੀ ਕਿ ਮੀਟਿੰਗ ਵਿੱਚ ਕੀ ਹੋਇਆ ਹੈ। ਉਸ ਨੂੰ ਮਿਨਟਸ ਕਹਿੰਦੇ ਹਨ। ਹੁਣ ਉਹ ਕਹਿੰਦੇ ਹਨ ਕਿ ਹਾਂ ਜੀ, ਰੱਖਿਆ ਕਰਾਂਗੇ। ਅੱਛਾ ਫਿਰ ਸਾਰੇ ਅਧਿਕਾਰ ਉਸ ਨੂੰ ਦਿੱਤੇ ਹੋਏ ਹਨ, ਅਧਿਕਾਰ ਦੇਣੇ ਤਾਂ ਠੀਕ ਹੈ, ਕੋਡ ਲੱਗਣ ਤੋਂ ਬਾਅਦ ਇਲੈਕਸ਼ਨ ਕਮਿਸ਼ਨ ਦੀ ਸਰਕਾਰ ਬਣ ਜਾਂਦੀ ਹੈ। ਆਮ ਤੌਰ ਤੇ ਲੋਕ ਕਹਿੰਦੇ ਹਨ ਕਿ ਹੁਣ ਇਲੈਕਸ਼ਨ ਕਮਿਸ਼ਨ ਦੀ ਸਰਕਾਰ ਹੈ ਪਰ ਨਾਲ ਨਾਲ ਇਹ ਰੂਲ ਵੀ ਕਰ ਦਿੱਤਾ ਕਿ ਇਸ ਤੇ ਕੋਈ ਐਫ.ਆਈ.ਆਰ. ਨਹੀਂ ਹੋ ਸਕਦੀ, ਇਸ ਦੀ ਕੋਈ ਕੰਪਲੇਂਟ

ਵੀ ਨਹੀਂ ਹੋ ਸਕਦੀ, ਉਹ ਜਮ੍ਹਾਂ ਫਰੀ ਬੰਦਾ ਹੈ। ਜੋ ਮਰਜ਼ੀ ਕਰੀ ਜਾਓ, ਉਸ ਦੀ ਕੰਪਲੇਂਟ ਹੀ ਨਹੀਂ ਹੋ ਸਕਦੀ। ਇਸ ਤਰ੍ਹਾਂ ਹੀ ਬੰਗਾਲ, ਬਿਹਾਰ, ਹਰਿਆਣਾ ਲੁੱਟ ਲਿਆ ਅਤੇ ਇਸੇ ਤਰ੍ਹਾਂ ਹੀ ਮਹਾਰਾਸ਼ਟਰ ਵਿੱਚ ਕੀਤਾ ਹੈ। ਦੱਸੋ ਫਿਰ ਕਾਹਦਾ ਲੋਕਤੰਤਰ ਰਹਿ ਗਿਆ ਜੀ। ਫਿਰ ਕਾਹਦੇ ਵਾਸਤੇ ਵੋਟਾਂ ਪਵਾਉਣੀਆਂ ਹਨ। ਹੁਣ ਨਵੀਂ ਪਰਿਭਾਸ਼ਾ ਚੱਲ ਗਈ ਡੈਮੋਕੇਟਰ, ਇਹ ਹੁਣ ਡੈਮੋਕੇਟਰ ਹਨ। ਡੈਮੋਕ੍ਰੇਟਿਕ ਤਰੀਕੇ ਨਾਲ ਚੁਣੇ ਹੋਏ ਡਿਕਟੇਟਰ। ਇਹ ਹੁਣ ਨਵੇਂ ਆ ਗਏ ਹਨ। ਕੋਈ ਫਿਕਰ ਕਰਨ ਦੀ ਲੋੜ ਨਹੀਂ। ਜਦੋਂ ਗੁਜਰਾਤ ਵਿੱਚ ਇਲੈਕਸ਼ਨ ਚੱਲ ਰਹੀ ਸੀ, ਸਾਡੀ ਪਾਰਟੀ ਵੀ ਲੜ ਰਹੀ ਸੀ ਤਾਂ ਅਸੀਂ ਦੇਖਿਆ ਕਿ ਕੋਡ ਲੱਗਣ ਤੋਂ ਬਾਅਦ 3/- ਰੁਪਏ ਪ੍ਰਤੀ ਯੂਨਿਟ ਬਿਜਲੀ ਵਧਾ ਦਿੱਤੀ। ਅਸੀਂ ਕਿਹਾ ਕਿ ਇਹ ਤਾਂ ਇਨ੍ਹਾਂ ਦੀ ਬਹੁਤ ਵੱਡੀ ਗਲਤ ਗੱਲ ਹੈ ਕਿ ਕੋਡ ਲੱਗਣ ਤੋਂ ਬਾਅਦ ਬਿਜਲੀ ਦੇ ਰੇਟ ਵਧਾ ਦਿੱਤੇ। ਅਸੀਂ ਕਿਹਾ ਕਿ ਗਲਤ ਹੈ, ਲੋਕ ਗੁੱਸਾ ਕਰਨਗੇ, ਰਿਜ਼ਲਟ ਗਲਤ ਆਵੇਗਾ। ਬਾਅਦ ਵਿੱਚ ਪਤਾ ਲੱਗਿਆ ਕਿ ਗੁਜਰਾਤ ਵਿੱਚ ਤਾਂ ਸਵੀਪ ਕਰ ਗਏ ਕਿਉਂਕਿ ਜਦੋਂ ਵੋਟਾਂ ਦੀ ਫਿਕਰ ਹੀ ਨਹੀਂ ਹੈ। ਜਦੋਂ ਤੁਹਾਡੇ ਕੰਪਿਊਟਰ ਵਿੱਚ ਤਾਂ ਸਾਰੀਆਂ ਵੋਟਾਂ ਪਈਆਂ ਹਨ, ਚੁੱਕ ਕੇ ਹੀ ਪਾਉਣੀਆਂ ਹਨ ਕਿ ਇਸ ਨੂੰ ਇੱਧਰ ਕਰ ਦਿਉ, ਇਸ ਨੂੰ ਉੱਧਰ ਕਰ ਦਿਉ। ਫਿਰ ਕਾਹਦੇ ਵਾਸਤੇ ਜੀ? ਜਦੋਂ ਈ.ਵੀ.ਐਮ. ਦੀ ਗੱਲ ਚੱਲਦੀ ਹੈ।

**1325/Manika Rani**

ਜਦੋਂ ਕੋਈ ਵੀ ਪਾਰਟੀ EVM ਤੇ ਸ਼ੱਕ ਕਰਦੀ ਹੈ ਜਾਂ ਕੋਈ ਸਵਾਲ ਉਠਾਉਂਦੀ ਹੈ। ਮੈਨੂੰ ਸਮਝ ਨਹੀਂ ਆਉਂਦੀ ਕਿ ਬੀ.ਜੇ.ਪੀ. ਈ.ਵੀ.ਐਮ. ਦੇ ਹੱਕ ਵਿੱਚ ਕਿਉਂ ਆ ਜਾਂਦੀ ਹੈ। ਉਹ ਕਹਿਣ ਕਿ ਅਸੀਂ ਤਾਂ ਮੋਦੀ ਜੀ ਦੀ ਲਹਿਰ ਤੇ ਜਿੱਤਦੇ ਹਾਂ। ਜਦੋਂ ਮਰਜ਼ੀ EVM ਚੈੱਕ ਕਰਵਾ ਲਉ। ਕਹਿਣਗੇ EVM ਬਿਲਕੁਲ ਸਹੀ ਹੈ। ਬਿਲਕੁਲ ਸਹੀ ਹੈ। ਹੁਣ ਸਾਰੇ ਗਿਆਨੇਸ਼ ਦੇ ਹੱਕ ਵਿੱਚ ਆਏ ਹੋਏ ਹਨ। ਉਹ ਬਿਲਕੁਲ ਸਹੀ ਹੈ। ਬਿਲਕੁਲ ਸਹੀ ਹੈ। ਕਾਰਨ ਕੀ ਹਨ? ਇਸ ਦਾ ਮਤਲਬ ਉਨ੍ਹਾਂ ਨੂੰ ਪਤਾ ਹੈ ਕਿ ਸਾਨੂੰ ਗਿਆਨੇਸ਼ ਕੁਮਾਰ ਜਿਤਾਉਂਦਾ ਹੈ। ਇਹ ਲੋਕਤੰਤਰ ਵਾਸਤੇ ਬਹੁਤ ਖਤਰਨਾਕ ਹੈ, ਇਸ ਨੂੰ ਬਚਾਉਣਾ ਬਹੁਤ ਜ਼ਰੂਰੀ ਹੈ। ਇਹ ਇਨੇਸ਼ੀਏਟਿਵ ਪੰਜਾਬ ਨੇ ਹੀ ਲਿਆ ਹੈ। ਸਪੀਕਰ ਸਾਹਿਬ, ਜਿਵੇਂ ਆਪਣੇ ਸੱਥਾਂ ਵਿੱਚ ਤਾਸ਼ ਚੱਲਦੀ ਹੈ। ਆਪਣੇ ਲੋਕ ਖੇਡਦੇ ਹਨ। ਕਿਤੇ ਇਸ ਨੂੰ 'ਰੰਗ' ਕਿਹਾ ਜਾਂਦਾ ਹੈ, ਕਿਤੇ 'ਕੋਟ' ਕਿਹਾ ਜਾਂਦਾ ਹੈ। ਜਦੋਂ ਬੰਦਾ ਹਾਰਦਾ ਹੁੰਦਾ ਹੈ ਤਾਂ ਉਹ ਦੋਹਰੀ ਸਾਰ ਕੱਢਦੇ ਹਨ, ਉਸ ਕੋਲ ਪੱਤਾ ਤਾਂ ਉਸ ਰੰਗ ਦਾ ਹੁੰਦਾ ਹੈ ਪਰ ਉਹ ਪੱਤਾ ਰੱਖ ਕੇ, ਰੰਗ ਦਾ ਪੱਤਾ ਲਗਾ ਦਿੰਦਾ ਹੈ, ਉਸ ਨੂੰ ਕਹਿੰਦੇ ਹਨ ਕਿ ਪੱਤਾ ਰੱਖ ਕੇ ਲਗਾ ਗਿਆ। ਬਾਅਦ ਵਿੱਚ ਉਹ ਪੱਤੇ ਨੂੰ ਲੁਕੋ ਦਿੰਦਾ ਹੈ, ਇੱਧਰ-ਉੱਧਰ ਕਰ ਦਿੰਦਾ ਹੈ। ਫਿਰ ਉਸ ਨੂੰ ਕਹਿੰਦੇ ਹਨ ਕਿ ਤੂੰ ਪਤਾ ਦਿਖਾ, ਤੇਰੇ ਕੋਲ ਪੱਤਾ ਕਿੱਥੇ ਹੈ ਅਤੇ ਤਾਸ਼ ਵਿੱਚ ਫਿਰ ਰੌਂਡ ਪੈ ਜਾਂਦੀ ਹੈ। ਸਪੀਕਰ ਸਾਹਿਬ, ਇਹ ਬਿਲਕੁਲ ਉਸੇ ਤਰ੍ਹਾਂ ਹੀ ਪੱਤੇ ਰੱਖ ਕੇ ਲਗਾਉਣ ਲੱਗ ਪਏ ਹਨ। ਰੰਗ ਦੇ ਪੱਤੇ ਰੱਖ ਲਉ ਅਤੇ ਬਾਕੀ ਜਿਹੜੇ ਪੱਤੇ ਹਨ, ਉਨ੍ਹਾਂ ਨੂੰ ਲਕੋਅ ਦਿਉ। ਇੱਧਰ-ਉੱਧਰ ਕਰ ਦਿਉ ਜਾਂ ਕੈਂਸਲ ਕਰ ਦਿਉ। ਸੋ, ਸੇਮ ਗੱਲ ਹੈ ਕਿ ਆਪਣੇ ਬੰਦੇ ਰੱਖ ਲਉ ਅਤੇ ਬਾਕੀ ਸਾਰਿਆਂ ਦੀਆਂ ਵੋਟਾਂ ਕੱਟ ਦਿਉ। ਇਹ ਤਾਂ ਲੋਕਤੰਤਰ ਲਈ ਬਹੁਤ ਘਾਤਕ ਗੱਲ ਹੈ। ਦੁਨੀਆ ਦਾ ਸਭ ਤੋਂ ਅਮੀਰ ਬੰਦਾ ਐਲਨ ਮਸਕ ਹੈ, ਉਹ ਕਹਿ ਰਿਹਾ ਹੈ ਕਿ ਇੰਡੀਆ ਦਾ ਪ੍ਰਧਾਨ ਮੰਤਰੀ ਮੋਦੀ ਥੋੜ੍ਹਾ ਹੈ, ਇੰਡੀਆ ਦਾ ਪ੍ਰਧਾਨ ਮੰਤਰੀ ਤਾਂ ਅੰਬਾਨੀ ਹੈ। ਅੰਬਾਨੀ ਦੇ ਹਿਸਾਬ ਨਾਲ ਸਾਰਾ ਕੁਝ ਚੱਲਦਾ ਹੈ। ਤੁਸੀਂ ਦੇਖ ਲਉ, ਇਸ ਵਿੱਚ ਕਿੰਨੀ ਹੱਤਕ ਹੈ। ਕੋਈ ਪ੍ਰਧਾਨ ਮੰਤਰੀ ਮੰਨਣ ਲਈ ਤਿਆਰ ਨਹੀਂ ਹੈ। ਕਹਿੰਦੇ ਹਨ ਕਿ ਇਸ ਦੀ ਕਿਹੜਾ ਚੱਲਦੀ ਹੈ, ਚਲਦੀ ਤਾਂ ਅੰਬਾਨੀ ਦੀ ਹੈ। ਸਪੀਕਰ ਸਾਹਿਬ, ਹੁਣ ਅਮਰੀਕਾ ਦਾ ਵਿਦੇਸ਼ ਮੰਤਰੀ ਰੂਬੀਉ ਭਾਰਤ

ਆਇਆ ਹੈ। ਉਹ ਕਿੱਥੇ ਆਇਆ ਹੈ? ਉਹ ਦਿੱਲੀ ਵਿਖੇ ਨਹੀਂ ਆਇਆ, ਉਹ ਸਿੱਧਾ ਮੁੰਬਈ ਵਿਖੇ ਗਿਆ। ਸਿੱਧਾ ਅੰਬਾਨੀ ਕੋਲ ਗਿਆ ਹੈ। ਜਾਮਨਗਰ ਵਿਖੇ ਅੰਬਾਨੀ ਦੀਆਂ ਰਿਫਾਈਨਰੀਆਂ ਦੇਖਦਾ ਫਿਰਦਾ ਹੈ। ਦੇਖੋ, ਇੰਨੀ ਹਿੰਮਤ ਕਿ ਅਮਰੀਕਾ ਦਾ ਵਿਦੇਸ਼ ਮੰਤਰੀ, ਭਾਰਤ ਦੇ ਵਿਦੇਸ਼ ਮੰਤਰੀ ਨੂੰ ਕਹਿ ਰਿਹਾ ਹੈ ਕਿ ਜੇਕਰ ਮੈਨੂੰ ਮਿਲਣਾ ਹੈ ਤਾਂ ਸਿੱਧਾ ਮੁੰਬਈ ਵਿਖੇ ਆਉ। ਦੇਖੋ, ਆਪਣੇ ਵਾਲੇ ਮੁੰਬਈ ਵਿਖੇ ਜਾ ਰਹੇ ਹਨ। ਹੁਣ ਮਗਰ-ਮਗਰ ਕਹਿਣ ਜਾਣਗੇ ਕਿ ਸਤਿ ਸ੍ਰੀ ਅਕਾਲ ਜੀ, ਸਤਿ ਸ੍ਰੀ ਅਕਾਲ ਜੀ। ਹੁਣ ਦੇਸ਼ ਦੇ ਇਹ ਹਾਲਤ ਹੋ ਗਏ ਹਨ ਕਿਉਂਕਿ ਉਨ੍ਹਾਂ ਨੂੰ ਪਤਾ ਹੈ ਕਿ ਦੇਸ਼ ਤਾਂ ਸਾਰਾ ਵੇਚ ਦਿੱਤਾ ਹੈ। ਦੇਸ਼ ਤਾਂ ਸਾਰਾ ਵਿਕ ਗਿਆ ਹੈ। ਚਾਰ-ਪੰਜ ਬੰਦਿਆਂ ਕੋਲ ਸਾਰਾ ਦੇਸ਼ ਆ ਗਿਆ ਹੈ। ਇਸ ਨੇ ਤਾਂ ਸਿਰਫ ਸਾਈਨ ਹੀ ਕਰਨੇ ਹਨ। ਅਮਰੀਕਾ ਦਾ ਵਿਦੇਸ਼ ਮੰਤਰੀ ਬਿਆਨ ਦੇ ਰਿਹਾ ਹੈ ਕਿ ਜਿਹੜੀ ਕਿਸਾਨਾਂ ਨਾਲ ਟਰੇਡ ਡੀਲ ਹੈ, ਜਿਸ ਵਿੱਚ ਕਿਸਾਨ ਅਤੇ ਫਸਲਾਂ ਦੋਨੋਂ ਆ ਜਾਂਦੇ ਹਨ, ਉਹ ਆਲਮੋਸਟ ਫਾਈਨਲ ਹੈ, ਉਸ ਸਬੰਧੀ ਮੈਂ ਅੰਬਾਨੀ ਨਾਲ ਸਲਾਹ ਕਰਨ ਆਇਆ ਸੀ। ਇਸ ਦਾ ਮਤਲਬ ਇਹ ਹੈ ਕਿ ਜਿਹੜੇ ਤਿੰਨੇ ਖੇਤੀ ਦੇ ਕਾਨੂੰਨ ਹਨ, ਉਹ ਹੁਣ ਵਾਇਆ ਅਮਰੀਕਾ ਤੋਂ ਵਾਪਸ ਆ ਰਹੇ ਹਨ ਅਤੇ ਹੁਣ ਲਾਗੂ ਕਰਨ ਦੀ ਸੋਚ ਰਹੇ ਹਨ। ਇਹ ਗੱਲ ਬੜੀ ਘਾਤਕ ਹੈ। ਸੋ, ਸਾਨੂੰ ਸਮਝਣ ਦੀ ਲੋੜ ਹੈ। ਜਦੋਂ ਕਿਸਾਨ ਯੂਨੀਅਨ ਨੇ ਮੋਦੀ ਤੋਂ ਕਾਨੂੰਨ ਰੱਦ ਕਰਵਾਉਣ ਦੀ ਕੋਸ਼ਿਸ਼ ਕੀਤੀ ਸੀ ਤਾਂ ਉਸ ਸਮੇਂ ਵੱਡਾ ਮੋਰਚਾ ਲਗਾਇਆ ਸੀ ਤਾਂ ਉਸ ਸਮੇਂ ਕਾਨੂੰਨ ਵਾਪਸ ਲੈ ਲਏ ਗਏ ਪਰੰਤੂ ਰੱਦ ਨਹੀਂ ਕੀਤੇ ਸਨ। ਹੁਣ ਇਹ ਕਾਨੂੰਨ ਵਾਇਆ ਅਮਰੀਕਾ ਤੋਂ ਵਾਪਸ ਆ ਰਹੇ ਹਨ ਅਤੇ ਟਰੇਡ ਡੀਲ ਸਬੰਧੀ ਜੋ ਸ਼ਰਤਾਂ ਹਨ, ਉਹ ਅੰਬਾਨੀਆਂ ਦੀ ਸਲਾਹ ਨਾਲ ਲਾਗੂ ਕਰਨ ਜਾ ਰਹੇ ਹਨ। ਮੈਂ ਕਿਸਾਨ ਯੂਨੀਅਨ ਨੂੰ ਬੇਨਤੀ ਕਰਦਾ ਹਾਂ ਕਿ ਇਸ ਚੀਜ਼ ਨੂੰ ਪਛਾਣੋ। ਆਪਣੇ ਛੋਟੇ-ਮੋਟੇ ਝਗੜੇ ਛੱਡ ਕੇ, ਇਕੱਠੇ ਹੋ ਕੇ ਇਸ ਦੇ ਵਿਰੁੱਧ ਆਵਾਜ਼ ਉਠਾਉ। ਅਮਰੀਕਾ ਦਾ ਵਿਦੇਸ਼ ਮੰਤਰੀ ਸਿੱਧਾ ਅੰਬਾਨੀ ਕੋਲ ਆ ਰਿਹਾ ਹੈ, ਜਿਸ ਵਿੱਚ ਟਰੇਡ ਡੀਲ ਵਿੱਚ ਸਾਰੀਆਂ ਫਸਲਾਂ ਦੇ ਭਾਅ, ਬੀਜ ਆਦਿ ਸਭ ਕੁਝ ਅਮਰੀਕਾ ਅਤੇ ਅੰਬਾਨੀਆਂ ਦੇ ਕੰਟਰੋਲ ਵਿੱਚ ਆ ਜਾਵੇਗਾ। ਤੁਸੀਂ ਕਿਉਂ ਨਹੀਂ ਸਮਝਦੇ। ਬਾਅਦ ਵਿੱਚ ਰੌਲਾ ਪਾਉਂਦੇ ਫਿਰੋਗੇ। ਹੁਣ ਇਕੱਠੇ ਹੋ ਕੇ ਵਿਰੋਧ ਕਰੋ। ਮੋਦੀ ਨੇ ਤਾਂ ਸਿਰਫ ਸਾਈਨ ਹੀ ਕਰਨੇ ਹਨ ਕਿਉਂਕਿ ਮੋਦੀ ਨੂੰ ਤਾਂ ਉਹ ਸਮਝਦੇ ਹੀ ਕੱਖ ਨਹੀਂ। ਮੋਦੀ ਨੂੰ ਤਾਂ ਟਰੰਪ ਦੇ ਸਹੁੰ ਚੁੱਕ ਸਮਾਗਮ ਵਿੱਚ ਵੀ ਨਹੀਂ ਬੁਲਾਇਆ ਗਿਆ। ਉਸ ਨੇ ਤਾਂ ਦੇਸ਼ ਦਾ ਐਫੀਡੇਵਿਟ ਲਿਖ ਕੇ ਦੇ ਦਿੱਤਾ ਹੈ ਕਿ ਜੋ ਮਰਜ਼ੀ ਕਰ ਲਉ। ਸਪੀਕਰ ਸਾਹਿਬ, ਜਿਸ ਤਰ੍ਹਾਂ ਆਪਾਂ ਵਸੀਅਤ ਲਿਖਦੇ ਹਾਂ ਕਿ ਜੋ ਮਰਜ਼ੀ ਫੈਸਲੇ ਲੈ ਲਵੇ ਕਿਉਂਕਿ ਮੇਰੀ ਜਾਇਦਾਦ ਇਸ ਦੇ ਹਵਾਲੇ ਹੈ। ਇਸੇ ਤਰ੍ਹਾਂ ਮੋਦੀ ਨੇ ਦੇਸ਼ ਲਿਖ ਕੇ ਦੇ ਦਿੱਤਾ ਹੈ ਕਿ ਜੋ ਮਰਜ਼ੀ ਕਰ ਲਉ। ਸੋ, ਮੈਂ ਚੀਮਾ ਸਾਹਿਬ ਵੱਲੋਂ ਜਿਹੜਾ ਮਤਾ ਲਿਆਂਦਾ ਗਿਆ ਹੈ, ਉਸ ਦਾ ਸਮਰਥਨ ਕਰਦਾ ਹਾਂ। ਅਖੀਰ ਵਿੱਚ, ਮੈਂ ਚਾਰ ਕਵਿਤਾ ਦੀਆਂ ਲਾਈਨਾਂ ਬੋਲਣਾ ਚਾਹੁੰਦਾ ਹਾਂ ਜੋ ਤਜੁਮੱਲ ਕਲੀਮ ਪਾਕਿਸਤਾਨ ਦੇ ਸ਼ਾਇਰ ਵੱਲੋਂ ਲਿਖੀਆਂ ਹਨ ਕਿਉਂਕਿ ਦੋਨੋਂ ਦੇਸ਼ਾਂ ਦੇ ਹਾਲਤ ਤਾਂ ਇਕੋ-ਜਿਹੇ ਹਨ। ਉੱਧਰ ਵੀ ਇਹੀ ਹੁੰਦਾ ਹੈ ਅਤੇ ਇੱਧਰ ਵੀ ਇਹੀ ਹੁੰਦਾ ਹੈ। ਉਥੇ ਕਿਹੜਾ ਡੈਮੋਕਰੈਸੀ ਰਹੀ ਹੈ, ਉਥੇ ਵੀ ਸਭ ਕੁਝ ਫੌਜਾਂ ਹੀ ਚਲਾਉਂਦੀਆਂ ਹਨ। ਇੱਥੇ ਵੀ ਆਪਣੇ ਇਹੀ ਗੱਲ ਹੋ ਗਈ ਹੈ।

**1330/Gurpreet kaur**

ਉੱਧਰ ਵੀ ਇਹੀ ਹੁੰਦਾ ਹੈ, ਇੱਧਰ ਵੀ ਇਹੀ ਹੁੰਦਾ ਹੈ। ਉੱਥੇ ਵੀ ਕਿਹੜਾ ਕੋਈ ਡੈਮੋਕ੍ਰੇਸੀ ਰਹੀ ਹੈ। ਉੱਥੇ ਵੀ ਸਭ ਕੁਝ ਫੌਜਾਂ ਹੀ ਚਲਾਉਂਦੀਆਂ ਹਨ। ਇੱਥੇ ਵੀ ਬੱਸ ਇਹੀ ਗੱਲ ਹੋ ਗਈ। ਇੱਥੇ ਇਲੈਕਸ਼ਨ ਕਮਿਸ਼ਨ,

ਸੀ.ਬੀ.ਆਈ., ਜੁਡੀਸ਼ਰੀ ਸਭ ਕੁਝ ਇਨ੍ਹਾਂ ਨੇ ਖਰੀਦ ਲਿਆ ਹੈ। ਇਹ ਲਾਈਨਾਂ ਅੱਜ ਦੇ ਮੌਕੇ ਤੇ ਬਹੁੰਤ ਢੁਕਦੀਆਂ ਹਨ।

ਜੀਵਨ ਰੁੱਖ ਨੂੰ ਹੱਥੀਂ ਟੱਕੇ ਨਾ ਮਾਰੋ

ਜੀਵਨ ਰੁੱਖ ਨੂੰ ਹੱਥੀਂ ਟੱਕੇ ਨਾ ਮਾਰੋ

ਸਾਹਾਂ ਦੇ ਦਾਣੇ ਚੱਬੋ, ਫੱਕੇ ਨਾ ਮਾਰੋ

ਗਰੀਬ ਦਾ ਬਾਲ ਖਿਡੌਣੇ ਵੇਂਹਦਾ ਹੈ ਤਾਂ ਕੀ ਹੋਇਆ

ਆਪੇ ਤੁਰ ਜਾਵੇਗਾ, ਧੱਕੇ ਨਾ ਮਾਰੋ।

ਇਹ ਲਾਈਨਾਂ ਸੁਣਨ ਵਾਲੀਆਂ ਹਨ।

ਜਿੱਤ ਲੈਣਾ ਅਤੇ ਖੋਹ ਲੈਣਾ ਇੱਕ ਬਰਾਬਰ ਨਹੀਂ ਹੁੰਦਾ

ਜਿੱਤ ਲੈਣਾ ਅਤੇ ਖੋਹ ਲੈਣਾ ਇੱਕ ਬਰਾਬਰ ਨਹੀਂ ਹੁੰਦਾ

ਘੱਟੋਂ ਘੱਟ ਦੁੱਕੀਆਂ ਨਾਲ ਤਾਂ ਸਾਡੇ ਯੱਕੇ ਨਾ ਮਾਰੋ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਮਾਣਯੋਗ ਸਪੀਕਰ**: ਕਿਆ ਬਾਤ ਹੈ, ਕਿਆ ਬਾਤ ਹੈ।

**ਮੁੱਖ ਮੰਤਰੀ**: ਇਹ ਦੁੱਕੀਆਂ ਨਾਲ ਯੱਕੇ ਮਾਰਨ ਦੀ ਆਦਤ ਜੋ ਬੀ.ਜੇ.ਪੀ. ਨੂੰ ਪਈ ਹੈ ਇਹ ਹਟਾਉਣੀ ਪਵੇਗੀ। ਇਸ ਦੇ ਲਈ ਸਾਨੂੰ ਰਲ ਕੇ ਅਜਿਹੇ ਪ੍ਰਸਤਾਵ ਲਿਆਉਣੇ ਚਾਹੀਦੇ ਹਨ। ਸਾਰੇ ਦੇਸ਼ ਵਿੱਚ ਜਿੱਥੇ ਜਿੱਥੇ ਵੀ ਡੈਮੋਕ੍ਰੇਟਿਕ ਤਰੀਕੇ ਨਾਲ ਚੁਣੀਆਂ ਹੋਈਆਂ ਸਰਕਾਰਾਂ ਹਨ, ਜਿੱਥੇ ਨਾਨ ਭਾਜਪਾਈ ਸਰਕਾਰਾਂ ਹਨ, ਇਨ੍ਹਾਂ ਨੇ ਤਾਂ ਕਰਨਾ ਨਹੀਂ, ਇਹ ਤਾਂ ਦੁੱਕੀਆਂ ਵਾਲੇ ਹਨ, ਜਿਹੜੇ ਜਿਹੜੇ ਯੱਕਿਆਂ ਵਾਲੇ ਹਨ, ਉਨ੍ਹਾਂ ਨੂੰ ਆਵਾਜ਼ ਉਠਾਉਣੀ ਪਵੇਗੀ। ਬਹੁਤ ਬਹੁਤ ਧੰਨਵਾਦ। ਬਹੁਤ ਬਹੁਤ ਮਿਹਰਬਾਨੀ ਜੀ। (ਟਰੇਜ਼ਰੀ ਬੈਂਚਿਜ ਵੱਲੋਂ ਥੰਪਿੰਗ)

**ਮਾਣਯੋਗ ਸਪੀਕਰ**: ਤਜੁਮੱਲ ਕਲੀਮ ਤੋਂ ਮੈਨੂੰ ਯਾਦ ਆ ਗਿਆ। ਬਾਬਾ ਨਜ਼ਮੀ ਜੀ ਨੇ ਤੁਹਾਨੂੰ ਸਤਿ ਸ੍ਰੀ ਅਕਾਲ ਭੇਜੀ ਹੈ। ਉਹ ਮੈਨੂੰ ਮਿਲੇ ਸਨ।

**ਮੁੱਖ ਮੰਤਰੀ**: ਬਾਬਾ ਨਜ਼ਮੀ ਜੀ ਨਾਲ ਮੇਰੀ ਗੱਲ ਵੀ ਹੋਈ ਸੀ। 27 ਨਵੰਬਰ ਨੂੰ ਲਾਹੌਰ ਵਿਖੇ ਵਰਲਡ ਪੰਜਾਬੀ ਕਾਨਫਰੰਸ ਹੋ ਰਹੀ ਹੈ। ਉਨ੍ਹਾਂ ਵੱਲੋਂ ਮੈਨੂੰ ਸੱਦਾ ਪੱਤਰ ਭੇਜਿਆ ਗਿਆ ਹੈ ਕਿ ਤੁਸੀਂ ਆਓ, ਅਸੀਂ ਤੁਹਾਡੀ ਮੇਜ਼ਬਾਨੀ ਕਰਾਂਗੇ। ਮੈਂ ਕਿਹਾ ਮੈਨੂੰ ਤਾਂ ਇਹ ਫਰਾਂਸ, ਜਪਾਨ ਵਾਲੇ ਪਾਸੇ ਨਹੀਂ ਜਾਣ ਦਿੰਦੇ। ਇਹ ਮੈਨੂੰ ਪਾਕਿਸਤਾਨ ਤਾਂ ਕਿੱਥੋਂ

ਜਾਣ ਦੇਣਗੇ। ਕਲਚਰ ਇੱਕੋ ਜਿਹਾ ਹੈ। ਆਪਣੇ ਬਹੁਤ ਸਾਰੇ ਸ਼ਾਇਰ ਇੱਥੇ ਜਾਣਗੇ। ਸਾਂਝਾਂ ਇੱਕੋ ਜਿਹੀਆਂ ਹਨ। ਕਈ ਦਾਤੀਆਂ ਦਾ ਰੰਗ ਇੱਕੋ ਜਿਹਾ ਹੈ। ਇੱਕੋ ਜਿਹੀਆਂ ਮੁਸ਼ਕਿਲਾਂ ਹਨ। ਸੋ, ਇਹ ਮੇਲ ਮਿਲਾਪ ਹੋਣਾ ਚਾਹੀਦਾ ਹੈ।

**ਮਾਣਯੋਗ ਸਪੀਕਰ**: ਜੇਕਰ ਤੁਹਾਨੂੰ ਅਲਾਓ ਕਰ ਦਿੱਤਾ ਤਾਂ ਸਾਨੂੰ ਵੀ ਨਾਲ ਲੈ ਜਾਇਓ।

**ਮੁੱਖ ਮੰਤਰੀ**: ਮੈਂ ਤਾਂ ਇਹੀ ਚਾਹੁੰਦਾ ਹਾਂ ਕਿ ਤੁਹਾਡੀ ਅਗਵਾਈ ਵਿੱਚ ਸਾਰੇ ਵਿਧਾਨ ਸਭਾ ਦੇ ਮੈਂਬਰ ਸਾਹਿਬਾਨ ਭਾਵੇਂ ਉਹ ਆਪੋਜ਼ੀਸ਼ਨ ਵਿੱਚ ਵੀ ਹਨ ਕਿ ਜੇਕਰ ਕਰਤਾਰਪੁਰ ਸਾਹਿਬ ਦਾ ਲਾਂਘਾ ਖੁੱਲ੍ਹ ਜਾਵੇ ਤਾਂ ਜਾ ਕੇ ਮੱਥਾ ਟੇਕ ਕੇ ਆਈਏ। ਗੁਰੂ ਦੀ ਧਰਤੀ ਤੇ ਨਤਮਸਤਕ ਹੋ ਕੇ ਆਈਏ। ਜਿੱਥੇ 16 ਸਾਲ ਗੁਰੂ ਸਾਹਿਬ ਵੱਲੋਂ ਦਸਾਂ ਨਹੁੰਆਂ ਦੀ ਕਿਰਤ ਕਮਾਈ ਕੀਤੀ ਹੈ। (ਟਰੇਜ਼ਰੀ ਬੈਂਚਿਜ਼ ਵੱਲੋਂ ਥੰਪਿੰਗ)

**ਮਾਣਯੋਗ ਸਪੀਕਰ**: ਤੁਸੀਂ ਕਹਿ ਦਿਓ ਕਿ ਖੁੱਲ ਜਾਵੇਗਾ। ਤੁਹਾਡੇ 32 ਦੰਦ ਹਨ। (ਹਾਸਾ) ਤੁਸੀਂ ਇੱਕ ਵਾਰ ਕਹਿ ਦਿਓ ਜੀ।

**ਮੁੱਖ ਮੰਤਰੀ**: ਮੈਂ ਤਾਂ ਚਾਹੁੰਦਾ ਹਾਂ ਕਿ ਲਾਂਘਾ ਖੁੱਲ੍ਹ ਜਾਵੇ। ਅਸੀਂ ਨਨਕਾਣਾ ਸਾਹਿਬ ਵੀ ਮੱਥਾ ਟੇਕੀਏ। ਮੈਂ ਇੱਕ ਗੀਤ ਗਾਇਆ ਸੀ ਕਿ

ਗੁਰੂ ਜੀ ਮੇਰੇ ਨੈਣ ਤਰਸਦੇ ਰਹਿੰਦੇ ਨੇ, ਨਨਕਾਣਾ ਦੇਖਣ ਨੂੰ,

ਜਾਣ ਤੋਂ ਪਹਿਲਾਂ ਇੱਕ ਵਾਰੀ ਤਾਂ ਜਾਣਾ ਦੇਖਣ ਨੂੰ।

ਗੁਰੂ ਜੀ ਮੇਰੇ ਨੈਣ ਤਰਸਦੇ ਰਹਿੰਦੇ ਨੇ, ਨਨਕਾਣਾ ਦੇਖਣ ਨੂੰ।

ਅਸੀਂ ਰੋਜ਼ ਅਰਦਾਸ ਵੀ ਕਰਦੇ ਹਾਂ ਕਿ ਸ੍ਰੀ ਨਨਕਾਣਾ ਸਾਹਿਬ ਤੇ ਹੋਰ ਗੁਰਦੁਆਰਿਆਂ ਗੁਰਧਾਮਾਂ ਦੇ ਜਿਨ੍ਹਾਂ ਤੋਂ ਪੰਥ ਨੂੰ ਵਿਛੋੜਿਆ ਗਿਆ ਹੈ, ਖੁਲ੍ਹੇ ਦਰਸ਼ਨ ਦੀਦਾਰ ਅਤੇ ਸੇਵਾ ਸੰਭਾਲ ਦਾ ਦਾਨ ਖਾਲਸਾ ਜੀ ਨੂੰ ਬਖਸ਼ੋ। ਅਸੀਂ ਤਾਂ ਸੇਵਾ ਸੰਭਾਲ ਦਾ ਮੌਕਾ ਵੀ ਲੈਣਾ ਚਾਹੁੰਦੇ ਹਾਂ। ਧੰਨਵਾਦ ਜੀ।

**1335/Rajneet Kaur**

**ਮਾਣਯੋਗ ਸਪੀਕਰ** : ਪ੍ਰਸ਼ਨ ਹੈ ਕਿ -

> "ਜਦੋਂ ਕਿ, ਭਾਰਤ ਦਾ ਲੋਕਤੰਤਰ ਸੰਵਿਧਾਨ ਵਿੱਚ ਦਰਜ ਸਮਾਨਤਾ, ਨਿਆਂ ਅਤੇ ਲੋਕਾਂ ਦੀ ਸਰਬਉੱਚਤਾ ਦੇ ਸਿਧਾਂਤਾਂ 'ਤੇ ਆਧਾਰਿਤ ਹੈ ਅਤੇ ਵੋਟ ਦਾ ਅਧਿਕਾਰ ਲੋਕਤੰਤਰੀ ਪ੍ਰਣਾਲੀ ਦੀ ਬੁਨਿਆਦ ਹੈ;

ਅਤੇ ਜਦੋਂ ਕਿ, ਭਾਰਤੀ ਸੰਵਿਧਾਨ ਦੀਆਂ ਧਾਰਾਵਾਂ 324, 325 ਅਤੇ 326 ਚੋਣ ਪ੍ਰਕਿਰਿਆ ਦੀ ਨਿਗਰਾਨੀ, ਵੋਟਰ ਸੂਚੀਆਂ ਵਿੱਚ ਭੇਦਭਾਵ ਤੋਂ ਸੁਰੱਖਿਆ ਅਤੇ ਬਾਲਗ ਮਤਾਧਿਕਾਰ ਦੇ ਸਿਧਾਂਤਾਂ ਨੂੰ ਯਕੀਨੀ ਬਣਾਉਂਦੀਆਂ ਹਨ;

ਅਤੇ ਜਦੋਂ ਕਿ, ਦੇਸ਼ ਭਰ ਵਿੱਚ ਵੱਡੀ ਗਿਣਤੀ ਵਿੱਚ ਨਾਗਰਿਕਾਂ ਦੇ ਨਾਂ ਵੋਟਰ ਸੂਚੀਆਂ ਵਿੱਚੋਂ ਹਟਾਏ ਜਾਣ ਅਤੇ ਯੋਗ ਵੋਟਰਾਂ ਦੇ ਵੋਟ ਦੇ ਅਧਿਕਾਰ ਤੋਂ ਵਾਂਝੇ ਹੋਣ ਸਬੰਧੀ ਗੰਭੀਰ ਇਤਰਾਜ਼ ਅਤੇ ਸ਼ਿਕਾਇਤਾਂ ਸਾਹਮਣੇ ਆਈਆਂ ਹਨ, ਜਿਸ ਨਾਲ ਚੋਣ ਪ੍ਰਕਿਰਿਆ ਦੀ ਪਾਰਦਰਸ਼ਤਾ, ਨਿਰਪੱਖਤਾ ਅਤੇ ਚੋਣ ਕਮਿਸ਼ਨ ਦੀ ਜਵਾਬਦੇਹੀ ਬਾਰੇ ਸਵਾਲ ਉੱਠੇ ਹਨ;

ਅਤੇ ਜਦੋਂ ਕਿ, ਮੁੱਖ ਚੋਣ ਕਮਿਸ਼ਨਰ ਸ੍ਰੀ ਗਿਆਨੇਸ਼ ਕੁਮਾਰ ਦੀ ਅਗਵਾਈ ਹੇਠ ਚੋਣ ਕਮਿਸ਼ਨ ਦੇ ਕੰਮਕਾਜ ਅਤੇ ਵੋਟਰ ਸੂਚੀਆਂ ਨਾਲ ਸਬੰਧਤ ਫ਼ੈਸਲਿਆਂ ਬਾਰੇ ਉੱਠੇ ਇਤਰਾਜ਼ਾਂ ਦੀ ਨਿਰਪੱਖ ਜਾਂਚ ਅਤੇ ਜਵਾਬਦੇਹੀ ਤੈਅ ਕਰਨਾ ਲੋਕਤੰਤਰ ਦੇ ਹਿੱਤ ਵਿੱਚ ਜ਼ਰੂਰੀ ਹੈ ।

ਇਸ ਲਈ, ਪੰਜਾਬ ਵਿਧਾਨ ਸਭਾ ਇਹ ਮਤਾ ਪਾਸ ਕਰਦੀ ਹੈ ਕਿ:

1. ਇਹ ਸਦਨ ਨਾਗਰਿਕਾਂ ਨੂੰ ਉਨ੍ਹਾਂ ਦੇ ਵੋਟ ਦੇ ਅਧਿਕਾਰ ਤੋਂ ਕਥਿਤ ਤੌਰ ’ਤੇ ਵਾਂਝਾ ਕੀਤੇ ਜਾਣ ਦੀਆਂ ਘਟਨਾਵਾਂ ’ਤੇ ਗੰਭੀਰ ਚਿੰਤਾ ਪ੍ਰਗਟ ਕਰਦਾ ਹੈ ਅਤੇ ਮੰਗ ਕਰਦਾ ਹੈ ਕਿ ਸਾਰੇ ਯੋਗ ਨਾਗਰਿਕਾਂ ਦੇ ਵੋਟ ਦੇ ਅਧਿਕਾਰ ਦੀ ਸੰਵਿਧਾਨਕ ਸੁਰੱਖਿਆ ਯਕੀਨੀ ਬਣਾਈ ਜਾਵੇ।

2. ਇਹ ਸਦਨ ਮੁੱਖ ਚੋਣ ਕਮਿਸ਼ਨਰ ਸ੍ਰੀ ਗਿਆਨੇਸ਼ ਕੁਮਾਰ ਦੀ ਅਗਵਾਈ ਹੇਠ ਚੋਣ ਪ੍ਰਕਿਰਿਆ ਅਤੇ ਵੋਟਰ ਸੂਚੀਆਂ ਨਾਲ ਸਬੰਧਤ ਕਥਿਤ ਬੇਨਿਯਮੀਆਂ ਦੀ ਜਾਂਚ ਲਈ ਇੱਕ ਸੁਤੰਤਰ, ਨਿਰਪੱਖ ਅਤੇ ਭਰੋਸੇਯੋਗ ਜਾਂਚ ਤੰਤਰ ਸਥਾਪਤ ਕਰਨ ਦੀ ਮੰਗ ਕਰਦਾ ਹੈ, ਤਾਂ ਜੋ ਸੱਚਾਈ ਸਾਹਮਣੇ ਆ ਸਕੇ ਅਤੇ ਜਵਾਬਦੇਹੀ ਤੈਅ ਹੋ ਸਕੇ।

3. ਇਹ ਸਦਨ ਮੰਗ ਕਰਦਾ ਹੈ ਕਿ ਜੇਕਰ ਜਾਂਚ ਦੌਰਾਨ ਕਿਸੇ ਵੀ ਵਿਅਕਤੀ ਵਿਰੁੱਧ ਅਪਰਾਧਿਕ ਉਲੰਘਣਾ ਦੇ ਪੁਖ਼ਤਾ ਸਬੂਤ ਸਾਹਮਣੇ ਆਉਂਦੇ ਹਨ, ਤਾਂ ਉਸ ਵਿਰੁੱਧ ਲਾਗੂ ਕਾਨੂੰਨ ਅਨੁਸਾਰ ਅਪਰਾਧਿਕ ਕਾਰਵਾਈ ਸ਼ੁਰੂ ਕੀਤੀ ਜਾਵੇ।

4. ਇਹ ਸਦਨ ਕੇਂਦਰ ਸਰਕਾਰ ਅਤੇ ਸਬੰਧਤ ਸੰਵਿਧਾਨਕ ਅਥਾਰਟੀਆਂ ਨੂੰ ਅਪੀਲ ਕਰਦਾ ਹੈ ਕਿ ਚੋਣ ਕਮਿਸ਼ਨ ਦੀ ਆਜ਼ਾਦੀ, ਨਿਰਪੱਖਤਾ ਅਤੇ ਜਵਾਬਦੇਹੀ ਯਕੀਨੀ ਬਣਾਈ ਜਾਵੇ ਅਤੇ ਇਸ ਮਤੇ ਦੀ ਕਾਪੀ ਭਾਰਤ ਦੇ ਰਾਸ਼ਟਰਪਤੀ, ਪ੍ਰਧਾਨ ਮੰਤਰੀ ਅਤੇ ਮੁੱਖ ਚੋਣ ਕਮਿਸ਼ਨਰ ਨੂੰ ਅਗਲੀ ਢੁੱਕਵੀਂ ਕਾਰਵਾਈ ਲਈ ਭੇਜੀ ਜਾਵੇ।

5. ਬਾਬਾ ਸਾਹਿਬ ਅੰਬੇਦਕਰ ਨੇ ਸੰਵਿਧਾਨ ਰਾਹੀਂ ਭਾਰਤ ਦੇ ਹਰ ਨਾਗਰਿਕ ਨੂੰ ਵੋਟ ਕਰਨ ਦਾ ਬਰਾਬਰਤਾ ਦਾ ਅਧਿਕਾਰ ਦਿੱਤਾ ਸੀ ਪਰ ਗਿਆਨੇਸ਼ ਕੁਮਾਰ ਨੇ ਸੰਵਿਧਾਨ ਦੀਆਂ ਧੱਜੀਆਂ ਉਡਾਉਂਦੇ ਹੋਏ ਭਾਰਤ ਦੇ ਨਾਗਰਿਕਾਂ ਤੋਂ ਇਹ ਅਧਿਕਾਰ ਖੋਹਣ ਦਾ ਕੰਮ ਕੀਤਾ ਹੈ।

ਇਹ ਸਦਨ ਦ੍ਰਿੜ੍ਹਤਾ ਨਾਲ ਦੁਹਰਾਉਂਦਾ ਹੈ ਕਿ ਲੋਕਤੰਤਰ ਵਿੱਚ ਹਰੇਕ ਯੋਗ ਨਾਗਰਿਕ ਦੀ ਵੋਟ ਕੀਮਤੀ ਹੈ। ਕਿਸੇ ਵੀ ਨਾਗਰਿਕ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਵੋਟ ਦੇ ਅਧਿਕਾਰ ਤੋਂ ਵਾਂਝਾ ਕਰਨਾ ਸੰਵਿਧਾਨਕ ਲੋਕਤੰਤਰ ਦੀਆਂ ਬੁਨਿਆਦੀ ਕਦਰਾਂ-ਕੀਮਤਾਂ ਦੇ ਵਿਰੁੱਧ ਹੈ। ਲੋਕਾਂ ਦੇ ਵੋਟ ਦੇ ਅਧਿਕਾਰ ਦੀ ਰਾਖੀ ਅਤੇ ਚੋਣ ਸੰਸਥਾਵਾਂ ਦੀ ਜਵਾਬਦੇਹੀ ਯਕੀਨੀ ਬਣਾਉਣਾ ਦੇਸ਼ ਦੇ ਲੋਕਤੰਤਰ ਦੀ ਰਾਖੀ ਲਈ ਲਾਜ਼ਮੀ ਹੈ।''

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।*** **(ਥੰਪਿੰਗ)**

-------

## RESCHEDULING THE TIME OF PUNJAB VIDHAN SABHA SITTING TO BE HELD ON TUESDAY, 27TH OCTOBER, 2026

**ਮਾਣਯੋਗ ਸਪੀਕਰ** : ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਮੰਗਲਵਾਰ, ਮਿਤੀ 27.10.2026 ਨੂੰ 2.00 ਵਜੇ ਬਾਅਦ ਦੁਪਹਿਰ ਹੋਣ ਵਾਲੀ ਸਦਨ ਦੀ ਕਾਰਵਾਈ ਦਾ ਸਮਾਂ ਉਸੇ ਦਿਨ 11.00 ਵਜੇ ਪੂਰਵ ਦੁਪਹਿਰ ਰੱਖ ਲਿਆ ਜਾਵੇ?

**ਅਵਾਜ਼ਾਂ** : ਹਾਂ ਜੀ, ਹਾਂ ਜੀ।

**ਮਾਣਯੋਗ ਸਪੀਕਰ** : ਠੀਕ ਹੈ ਜੀ। ਹੁਣ ਸਦਨ ਮੰਗਲਵਾਰ, ਮਿਤੀ 27 ਅਕਤੂਬਰ, 2026 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੁੰਦਾ ਹੈ।

*1.37 ਵਜੇ ਬਾਅਦ ਦੁਪਹਿਰ (ਇਸ *ਸਮੇਂ ਸਦਨ ਮੰਗਲਵਾਰ, ਮਿਤੀ 27 ਅਕਤੂਬਰ, 2026 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।)

-----